ਨੌਂਵੀਂ ਸ਼੍ਰੇਣੀ ਲਈ

# ਸਾਹਿਤ-ਮਾਲ਼ਾ : 9

## (ਪੰਜਾਬੀ ਕਵਿਤਾ ਤੇ ਵਾਰਤਕ)

N8A9F7


**ਪੰਜਾਬ ਸਕੂਲ ਸਿੱਖਿਆ ਬੋਰਡ**

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

**ਐਡੀਸ਼ਨ : 2021-22 ............................ 1,00,000 ਕਾਪੀਆਂ**

All rights, including those of translation, reproduction
and annotation etc., are reserved by the
Punjab Government.

## ਚਿਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਂਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

   (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗ਼ਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

**ਮੁੱਲ : 45/- ਰੁਪਏ**

**ਸਕੱਤਰ**, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ- 160002
ਰਾਹੀਂ ਪ੍ਰਕਾਸ਼ਿਤ ਅਤੇ **ਮੈਸ** : M/s S G Print Packs Pvt. Ltd., Noida, UP ਵੱਲੋਂ ਛਾਪੀ ਗਈ।

# ਦੋ ਸ਼ਬਦ

ਸਿੱਖਿਆ ਨਿਰੋਲ ਆਪਣੇ ਤੋਂ ਬਾਹਰ ਦੇ ਸੰਸਾਰ ਬਾਰੇ ਗਿਣਵਾਂ-ਤੁਲਵਾਂ ਗਿਆਨ ਹਾਸਲ ਕਰਨਾ ਨਹੀਂ। ਇਸ ਦਾ ਸਭ ਤੋਂ ਅਹਿਮ ਮਹੱਤਵ ਮਨੁੱਖੀ ਮਨ ਤੇ ਰੂਹ ਦਾ ਅਜਿਹਾ ਰੁਪਾਂਤਰਨ ਹੈ ਜਿਹੜਾ ਮਨੁੱਖ ਨੂੰ ਇਸ ਕਾਬਲ ਬਣਾ ਦੇਵੇ ਕਿ ਉਹ ਨਾ ਸਿਰਫ਼ ਆਪਣੀ ਜ਼ਿੰਦਗੀ ਨੂੰ ਸੁਚੱਜ ਅਤੇ ਰੱਜ ਨਾਲ਼ ਜਿਊਂ ਸਕੇ ਬਲਕਿ ਉਹ ਜਿਸ ਸਮਾਜ ਵਿੱਚ ਰਹਿੰਦਾ, ਵਿਚਰਦਾ ਹੈ; ਉਸ ਸਮਾਜ ਦੇ ਹਰ ਕਾਰਜ-ਖੇਤਰ ਵਿੱਚ ਆਪਣੀ ਸਿਰਜਣਾਤਮਿਕ ਸ਼ਮੂਲੀਅਤ ਦਾ ਪ੍ਰਗਟਾਵਾ ਕਰ ਸਕੇ।

ਮਨੁੱਖੀ ਜ਼ਿੰਦਗੀ ਆਪਣੇ-ਆਪ ਵਿੱਚ ਬੜੀ ਖ਼ੂਬਸੂਰਤ ਹੈ। ਲੋੜ ਇਸ ਖ਼ੂਬਸੂਰਤੀ ਨੂੰ ਪਛਾਣਨ, ਸਲਾਹੁਣ ਤੇ ਇਸ ਨੂੰ ਹੋਰ ਖ਼ੂਬਸੂਰਤ ਬਣਾਉਣ ਦੀ ਹੈ। ਸਿੱਖਿਆ ਦਾ ਇਹੋ ਸਭ ਤੋਂ ਉੱਚਾ ਤੇ ਸੁੱਚਾ ਮਨੋਰਥ ਹੋਣਾ ਚਾਹੀਦਾ ਹੈ। ਇਹ ਵੀ ਜ਼ਰੂਰੀ ਹੈ ਕਿ ਮਨੁੱਖ ਵਿੱਚ ਜ਼ਿੰਦਗੀ ਬਾਰੇ ਚੇਤੰਨਤਾ ਪੈਦਾ ਹੋਵੇ ਤਾਂਜੋ ਉਹ ਇਸ ਦੀ ਤੋਰ ਨੂੰ ਵਿਗਿਆਨਿਕ ਤੇ ਉਸਾਰੂ ਸੋਚ ਨਾਲ਼ ਸਮਝ ਸਕੇ, ਇਸ ਦੀ ਧੜਕਣ ਨੂੰ ਮਹਿਸੂਸ ਕਰ ਸਕੇ, ਇਸ ਵਿਚਲੇ ਉਤਰਾਵਾਂ-ਚੜ੍ਹਾਵਾਂ ਦਾ ਅਨੁਸਾਰੀ ਹੋ ਕੇ ਕਿਰਿਆਸ਼ੀਲ ਰਹਿ ਸਕੇ, ਇਸ ਦੇ ਚੰਗੇ-ਮਾੜੇ ਪਹਿਲੂ ਦੀ ਨਿਰਖ-ਪਰਖ ਕਰ ਸਕੇ ਅਤੇ ਮਨੁੱਖ ਦੇ ਮਨੁੱਖ ਪ੍ਰਤਿ ਅਤੇ ਮਨੁੱਖ ਦੇ ਕੁਦਰਤ ਪ੍ਰਤਿ ਪਿਆਰ ਨੂੰ ਆਪਣੀ ਰੂਹ ਦਾ ਰੱਜ ਬਣਾ ਸਕੇ।

ਮਨੁੱਖ ਦੇ ਇਸ 'ਹਾਸਲ' ਲਈ ਸਮਾਜ ਦੇ ਹੋਰ ਅਨੇਕਾਂ ਪੱਖਾਂ ਵਿੱਚੋਂ ਦੋ ਮਹੱਤਵਪੂਰਨ ਪੱਖ ਹਨ: ਅਧਿਆਪਕ ਅਤੇ ਕਿਤਾਬਾਂ। ਇੱਥੇ ਸਿਰਫ਼ ਕਿਤਾਬਾਂ ਬਾਰੇ ਹੀ ਜ਼ਿਕਰ ਕਰਨਾ ਬਣਦਾ ਹੈ। ਕਿਤਾਬਾਂ ਤੋਂ ਭਾਵ ਤੁਹਾਡੇ ਕੋਰਸ ਵਿੱਚ ਪੜ੍ਹਾਈਆਂ ਜਾਂਦੀਆਂ ਪਾਠ-ਪੁਸਤਕਾਂ ਤੋਂ ਨਹੀਂ। ਇਹ ਤਾਂ ਉਹ ਚਾਬੀਆਂ ਹਨ ਜੋ ਤੁਹਾਡੇ ਵੱਡੇ ਪੁਸਤਕ-ਸੰਸਾਰ ਦੇ ਬੂਹੇ ਖੋਲ੍ਹਦੀਆਂ ਹਨ ਤੇ ਸੁਹਿਰਦ ਅਧਿਆਪਕ ਇਹਨਾਂ ਪਾਠ-ਪੁਸਤਕਾਂ ਨੂੰ ਪੜ੍ਹਾਉਂਦੇ ਹੋਏ ਤੁਹਾਡੇ ਮਨਾਂ ਵਿੱਚ ਅਜਿਹਾ ਚਾਨਣ ਪੈਦਾ ਕਰਨ ਕਿ ਤੁਹਾਨੂੰ ਜ਼ਿੰਦਗੀ ਦੇ ਅਗਲੇਰੇ, ਬਿਖੜੇ ਪੈਂਡੇ 'ਤੇ ਰਵਾਨਾ ਹੋਣ ਲਈ ਕਿਸੇ ਡੰਗੋਰੀ ਜਾਂ ਕਿਸੇ ਬੇਗਾਨੇ ਦੀ ਉਂਗਲ਼ੀ ਫੜਨ ਦੀ ਲੋੜ ਨਹੀਂ ਰਹਿੰਦੀ। ਖ਼ੂਬਸੂਰਤੀ ਦੀ ਮੰਜ਼ਲ ਪੈਸੇ ਜਾਂ ਵਿਹਲ ਨਾਲ਼ ਹਾਸਲ ਨਹੀਂ ਹੁੰਦੀ; ਇਸ ਲਈ ਲਗਾਤਾਰ ਘਾਲਣਾ ਘਾਲਣੀ ਤੇ ਜੂਝਣਾ ਪੈਂਦਾ ਹੈ ਤੇ ਇਸ ਕਰਮਸ਼ੀਲਤਾ ਦੀ ਆਪਣੀ ਹੀ ਕਿਸਮ ਦੀ ਖ਼ੁਮਾਰੀ ਹੈ।

ਮੇਰੀ ਦਿਲੀ ਇੱਛਾ ਹੈ ਕਿ ਇਹ ਪਾਠ-ਪੁਸਤਕਾਂ ਤੁਹਾਡੀਆਂ ਸ਼੍ਰੇਣੀਆਂ ਜਾਂ ਪਰੀਖਿਆਵਾਂ ਪਾਸ ਕਰਨ ਤੱਕ ਹੀ ਸੀਮਿਤ ਨਾ ਰਹਿਣ ਸਗੋਂ ਤੁਹਾਡੇ ਮਨਾਂ ਵਿੱਚ ਜਾਣੇ-ਪਛਾਣੇ ਤੇ ਅਨਜਾਣੇ ਦੀ ਗਹਿਰਾਈ ਤੱਕ ਜਾਣ ਦੀ ਭਖਦੀ, ਅਮੋੜ ਤੇ ਸਦੀਵੀ ਤਾਂਘ ਪੈਦਾ ਕਰਨ ਦਾ ਸਮਰੱਥ ਵਸੀਲਾ ਬਣ ਜਾਣ।

ਇਸ ਪਾਠ-ਪੁਸਤਕ ਨੂੰ ਦਫ਼ਤਰੀ ਪੱਧਰ ਉੱਤੇ ਪੰਜਾਬੀ ਵਿਕਾਸ ਕੇਂਦਰ ਦੇ ਸਾਬਕਾ ਡਿਪਟੀ ਡਾਇਰੈਕਟਰ ਸ੍ਰੀਮਤੀ ਇੰਦਰਜੀਤ ਕੌਰ ਦੀ ਨਿਗਰਾਨੀ ਹੇਠ ਸੂਰਗੀ ਸ੍ਰੀਮਤੀ ਰਵਿੰਦਰ ਕੌਰ (ਵਿਸ਼ਾ-ਮਾਹਰ) ਸ੍ਰੀਮਤੀ ਰਜਿੰਦਰ ਚੌਹਾਨ

(ਵਿਸ਼ਾ-ਮਾਹਰ) ਨੇ ਤਿਆਰ ਕੀਤਾ ਅਤੇ ਸ੍ਰੀਮਤੀ ਜਸਵੀਰ ਕੌਰ (ਵਿਸ਼ਾ-ਮਾਹਰ) ਅਤੇ ਸ੍ਰੀਮਤੀ ਪ੍ਰਮਿੰਦਰ ਕੌਰ (ਵਿਸ਼ਾ-ਮਾਹਰ) ਨੇ ਸਹਿਯੋਗ ਦਿੱਤਾ।

ਇਸ ਪੁਸਤਕ ਨੂੰ ਤਿਆਰ ਕਰਦਿਆਂ ਖੇਤਰ ਵਿੱਚੋਂ ਵਿੱਦਿਅਕ ਮਾਹਰ/ਵਿਦਵਾਨ ਡਾ. ਹਰਪਾਲ ਸਿੰਘ ਪੰਨੂ, ਡਾ. ਰਾਜਿੰਦਰਪਾਲ ਸਿੰਘ ਬਰਾੜ ਅਤੇ ਸ. ਮਨਮੋਹਨ ਸਿੰਘ ਦਾਊਂ ਨੇ ਵਿਸ਼ੇਸ਼ ਸਹਿਯੋਗ ਦਿੱਤਾ। ਸ. ਜਸਵੀਰ ਸਿੰਘ ਲੰਗੜੋਆ ਅਤੇ ਡਾ. ਰਣਜੋਧ ਸਿੰਘ (ਪੰਜਾਬੀ ਅਧਿਆਪਕ), ਇਹਨਾਂ ਸਭਨਾਂ ਦੀਆਂ ਸੇਵਾਵਾਂ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਧੰਨਵਾਦ ਕੀਤਾ ਜਾਂਦਾ ਹੈ। ਇਸ ਪਾਠ-ਪੁਸਤਕ ਵਿੱਚ ਜਿਹੜੇ ਲੇਖਕਾਂ ਦੀਆਂ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ, ਬੋਰਡ ਵੱਲੋਂ ਉਹਨਾਂ ਦਾ ਵੀ ਤਹਿ ਦਿਲੋਂ ਧੰਨਵਾਦ ਕੀਤਾ ਜਾਂਦਾ ਹੈ।

ਪਿਆਰੇ ਵਿਦਿਆਰਥੀਓ ! ਭਵਿਖ ਵਿੱਚ ਤੁਹਾਡੇ ਲਈ ਹੋਰ ਵੀ ਖ਼ੂਬਸੂਰਤ ਨਿਰੋਈਆਂ ਕਦਰਾਂ-ਕੀਮਤਾਂ ਪੈਦਾ ਕਰਨ ਅਤੇ ਜ਼ਿੰਦਗੀ ਵਿੱਚ ਮੋਹ ਜਗਾਉਣ ਵਾਲ਼ੀਆਂ ਪਾਠ-ਪੁਸਤਕਾਂ ਉਪਲਬਧ ਕਰਨ ਦੇ ਇਰਾਦੇ ਨਾਲ......

**ਚੇਅਰਮੈਨ**

**ਪੰਜਾਬ ਸਕੂਲ ਸਿੱਖਿਆ ਬੋਰਡ**

# ਵਿਸ਼ਾ—ਸੂਚੀ

## ਕਵਿਤਾ-ਭਾਗ

### ਆਧੁਨਿਕ ਕਾਵਿ


ਭੂਮਿਕਾ (ਕਵਿਤਾ ਭਾਗ) 1

1. ਭਾਈ ਵੀਰ ਸਿੰਘ 4
   - ਸਮਾਂ
   - ਬਿਨਫ਼ਸ਼ਾ ਦਾ ਫੁੱਲ
   - ਟੁਕੜੀ ਜੱਗ ਤੋਂ ਨਿਆਰੀ
   - ਬ੍ਰਿਛ
2. ਧਨੀ ਰਾਮ ਚਾਤ੍ਰਿਕ 8
   - ਵਹਿੰਦਾ ਜਾਏ
   - ਵਿਸਾਖੀ ਦਾ ਮੇਲਾ
   - ਜੀਵਨ-ਜੋਤ
3. ਪ੍ਰੋ. ਪੂਰਨ ਸਿੰਘ 13
   - ਜਵਾਨ ਪੰਜਾਬ ਦੇ
   - ਪੰਜਾਬ ਦੇ ਮਜ਼ੂਰ
   - ਖੂਹ ਉੱਤੇ
4. ਸ. ਸ. ਚਰਨ ਸਿੰਘ 'ਸ਼ਹੀਦ' 19
   - ਇੱਕ ਪਿਆਲਾ ਪਾਣੀ
   - ਗ਼ਲਤ ਫ਼ਹਿਮੀਆਂ
5. ਡਾ. ਦੀਵਾਨ ਸਿੰਘ ਕਾਲੇਪਾਣੀ 23
   - ਵਗਦੇ ਪਾਣੀ
   - ਫ਼ਕੀਰ ਦੀ ਸਦਾ
   - ਭਗਤ ਨੂੰ
6. ਫ਼ੀਰੋਜ਼ਦੀਨ ਸ਼ਰਫ਼ 27
   - ਮੈਂ ਪੰਜਾਬੀ
   - ਮਾਂ ਦਾ ਦਿਲ
7. ਗੁਰਮੁਖ ਸਿੰਘ ਮੁਸਾਫ਼ਿਰ 31
   - ਕੀੜੀ
   - ਅਰਦਾਸ

8. ਵਿਧਾਤਾ ਸਿੰਘ ਤੀਰ 35
ਨਵੀਂ-ਪੁਰਾਣੀ ਤਹਿਜ਼ੀਬ
ਨੌਜਵਾਨ ਹਿੰਦੀ ਨੂੰ
9. ਪ੍ਰੋ. ਮੋਹਨ ਸਿੰਘ 39
ਅੱਗਿਉਂ ਅੱਗੇ ਚੱਲਣਾ
ਗੁਰੂ ਨਾਨਕ ਨੂੰ
ਜੱਟੀਆਂ ਦਾ ਗੀਤ
10. ਨੰਦ ਲਾਲ ਨੂਰਪੁਰੀ 45
ਮਾਤਾ ਗੁਜਰੀ ਜੀ
ਜਿਊਂਦੇ ਭਗਵਾਨ
ਰਾਵੀ ਤੇ ਝਨਾਂ
11. ਬਾਵਾ ਬਲਵੰਤ 49
ਕੋਸ਼ਿਸ਼ 'ਚ ਹਾਂ
ਦੇਸ
12. ਪ੍ਰੀਤਮ ਸਿੰਘ ਸਫ਼ੀਰ 53
ਦੋ ਪਿੱਪਲ਼ ਦੇ ਪੱਤੇ
ਇੱਕ ਮਿੱਟੀ ਦੀ ਮੁੱਠੀ
13. ਅੰਮ੍ਰਿਤਾ ਪ੍ਰੀਤਮ 57
ਤ੍ਰਿੰਞਣ
ਅਹਿਦਨਾਮਾ
14. ਸ਼ਿਵ ਕੁਮਾਰ ਬਟਾਲਵੀ 61
ਧਰਮੀ ਬਾਬਲਾ
ਆਰਤੀ
ਢੋਲ ਵਜਾਓ
15. ਸੁਰਜੀਤ ਪਾਤਰ 67
ਆਇਆ ਨੰਦ ਕਿਸ਼ੋਰ
ਕੱਚ ਦਾ ਗਲਾਸ

## ਵਾਰਤਕ-ਭਾਗ

ਭੂਮਿਕਾ (ਕਵਿਤਾ ਭਾਗ) 71
1. ਪੁਰਾਤਨ ਜਨਮ ਸਾਖੀ 74
(ੳ) ਸੁਲਤਾਨਪੁਰ ਨੂੰ ਤਿਆਰੀ
(ਅ) ਮੋਦੀਖ਼ਾਨਾ ਸੰਭਾਲ਼ਿਆ

2. ਪੰਡਤ ਸ਼ਰਧਾ ਰਾਮ ਫਿਲੌਰੀ 77

ਗਲ਼ੀ ਵਿੱਚ

3. ਲਾਲਾ ਬਿਹਾਰੀ ਲਾਲ ਪੁਰੀ 80

(ੳ) ਸਮਯ ਦਾ ਅਰਘ

(ਅ) ਕੁੰਡਲੀਆ

(ੲ) ਵੱਡਿਆਂ ਦਾ ਆਦਰ

4. ਲਾਲ ਸਿੰਘ ਕਮਲਾ ਅਕਾਲੀ 83

ਢੋਲ-ਢਮੱਕਾ

5. ਸੂਬਾ ਸਿੰਘ 87

ਵਹਿਮੀ ਤਾਇਆ

6. ਬਲਰਾਜ ਸਾਹਨੀ 92

ਮੁੜ ਵੇਖਿਆ ਪਿੰਡ

7. ਡਾ. ਟੀ. ਆਰ. ਸ਼ਰਮਾ 97

ਖ਼ੁਸ਼ੀਆਂ ਆਪੇ ਨਹੀਂ ਆਉਂਦੀਆਂ

8. ਡਾ. ਹਰਪਾਲ ਸਿੰਘ ਪੰਨੂ 101

ਬੇਬੇ ਜੀ

# ਭੂਮਿਕਾ

## ਕਵਿਤਾ - ਭਾਗ

ਸਾਹਿਤ ਦੇ ਦੋ ਮੁੱਖ ਭੇਦ ਹਨ - ਕਵਿਤਾ ਅਤੇ ਵਾਰਤਕ। ਵਾਰਤਕ ਦਾ ਮੁੱਖ ਉਦੇਸ਼ ਕੁਝ ਸਿਖਾਉਣਾ, ਸਮਝਾਉਣਾ ਜਾਂ ਗਿਆਨ ਦੇਣਾ ਹੁੰਦਾ ਹੈ ਪਰ ਕਵਿਤਾ ਦਾ ਉਦੇਸ਼ ਉਸ ਵਿਚਲੇ ਭਾਵ ਨੂੰ ਮਹਿਸੂਸ ਕਰਵਾਉਣਾ ਹੁੰਦਾ ਹੈ। ਭਾਵੇਂ ਕਵਿਤਾ ਰਾਹੀਂ ਵੀ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਪਰ ਇੱਥੇ ਗਿਆਨ ਪ੍ਰਮੁੱਖ ਨਹੀਂ ਹੁੰਦਾ। ਜਿਵੇਂ ਯੁੱਧ-ਕਲਾ ਉੱਤੇ ਲਿਖੀ ਇੱਕ ਕਿਤਾਬ ਪਾਠਕ ਨੂੰ ਯੁੱਧ ਦੀ ਤਕਨੀਕੀ ਜਾਣਕਾਰੀ ਦਿੰਦੀ ਹੈ, ਇਹ ਜਾਣਕਾਰੀ ਪ੍ਰਾਪਤ ਕਰਕੇ ਸਿਪਾਹੀ ਰਣ ਵਿੱਚ ਚੰਗੀ ਤਰ੍ਹਾਂ ਲੜ ਸਕਦਾ ਹੈ ਪਰ ਕਵਿਤਾ ਦਾ ਇੱਕ ਕਾਵਿ-ਰੂਪ 'ਵਾਰ' ਉਸ ਸਿਪਾਹੀ ਵਿੱਚ ਜੋਸ਼ ਭਰਦਾ ਅਤੇ ਦਲੇਰੀ ਲਿਆਉਂਦਾ ਹੈ ਅਤੇ ਉਸ ਨੂੰ ਤਨੋਂ-ਮਨੋਂ ਜੰਗ ਵਿੱਚ ਲੜਾਈ ਕਰਨ ਲਈ ਉਤਸ਼ਾਹਿਤ ਕਰਦਾ ਹੈ। ਇੰਞ ਕਵਿਤਾ ਵਿਚਾਰਾਂ ਦੀ ਥਾਂ ਭਾਵਾਂ ਨੂੰ ਵਧੇਰੇ ਟੁੰਬਦੀ ਹੈ। ਕਵਿਤਾ ਵਿੱਚ ਦਲੀਲ ਪ੍ਰਧਾਨ ਨਹੀਂ ਹੁੰਦੀ। ਸਿਪਾਹੀ ਵਾਰ ਸੁਣ ਕੇ ਇਹ ਨਹੀਂ ਸੋਚਦਾ ਕਿ ਜੰਗ ਦੇ ਨੁਕਸਾਨ ਵੀ ਹੋ ਸਕਦੇ ਹਨ ਸਗੋਂ ਉਹ ਤਾਂ ਬੀਰਤਾ ਦੇ ਭਾਵ ਵਿੱਚ ਕੇਵਲ ਲੜਾਈ ਕਰਦਾ ਹੈ। ਕਵਿਤਾ ਵਿੱਚ ਕੁਝ ਅਜਿਹੀਆਂ ਗੱਲਾਂ ਕਹੀਆਂ ਜਾ ਸਕਦੀਆਂ ਹਨ ਜਿਨ੍ਹਾਂ ਨੂੰ ਜੇ ਸਧਾਰਨ ਬੋਲ-ਚਾਲ ਵਿੱਚ ਕਿਹਾ ਜਾਵੇ ਤਾਂ ਉਹ ਝੂਠ ਲੱਗਣਗੀਆਂ, ਜਿਵੇਂ :

ਮੋਤੀ ਕਿਸੇ ਸੁਹਾਗਣ ਦੀ ਨੱਥ ਦਾ ਮੈਂ,
ਟੁਕੜਾ ਕਿਸੇ ਪੰਜਾਬਣ ਦੀ ਵੰਗ ਦਾ ਹਾਂ।
ਮਿਲੇ ਮਾਣ ਪੰਜਾਬੀ ਨੂੰ ਦੇਸ ਅੰਦਰ,
ਆਸ਼ਕ ਮੁੱਢੋਂ ਮੈਂ ਏਸ ਉਮੰਗ ਦਾ ਹਾਂ।

ਇੱਥੇ ਕਿਸੇ ਸੁਹਾਗਣ ਦੀ ਨੱਥ ਦਾ ਮੋਤੀ ਜਾਂ ਕਿਸੇ ਪੰਜਾਬਣ ਦੀ ਵੰਗ ਦਾ ਟੁਕੜਾ ਹੋਣ ਦੀ ਗੱਲ ਨੂੰ ਕਵੀ ਹੀ ਮਹਿਸੂਸ ਕਰ ਸਕਦਾ ਹੈ ਪਰ ਕਵਿਤਾ ਪੜ੍ਹਨ ਵੇਲ਼ੇ ਅਸੀਂ ਵੀ ਕਵੀ ਦੇ ਭਾਵਾਂ ਨਾਲ਼ ਸ਼ਾਮਲ ਹੋ ਜਾਂਦੇ ਹਾਂ ਇਸ ਲਈ ਸਾਨੂੰ ਇਹ ਗੱਲ ਓਪਰੀ ਨਹੀਂ ਲੱਗਦੀ।

'ਟੁਕੜੀ ਜੱਗ ਤੋਂ ਨਿਆਰੀ' ਕਵਿਤਾ ਵਿੱਚ ਭਾਈ ਵੀਰ ਸਿੰਘ ਕੁਦਰਤ ਨੂੰ ਇੱਕ ਸੁੰਦਰ ਮੁਟਿਆਰ ਨਾਲ਼ ਤਸ਼ਬੀਹ ਦਿੰਦੇ ਹੋਏ ਇਉਂ ਲਿਖਦੇ ਹਨ :

ਸੋਹਣੀ ਨੇ ਅਸਮਾਨ ਖੜੋ ਕੇ, ਧਰਤੀ ਵੱਲ ਤਕਾ ਕੇ,
ਇਹ ਮੁੱਠੀ ਖੁਹਲੀ ਤੇ ਸਟਿਆ, ਸਭ ਕੁਝ ਹੇਠ ਤਕਾ ਕੇ,
ਜਿਸ ਥਾਂਵੇਂ ਧਰਤੀ 'ਤੇ ਆ ਕੇ, ਇਹ ਮੁੱਠੀ ਡਿੱਗੀ ਸਾਰੀ,
ਉਸ ਥਾਂਓਂ ਕਸ਼ਮੀਰ ਬਣ ਗਿਆ, ਟੁਕੜੀ ਜੱਗ ਤੋਂ ਨਿਆਰੀ।

ਇਸ ਤਰ੍ਹਾਂ ਦੀ ਪੇਸ਼ਕਾਰੀ ਨੂੰ ਅਲੰਕਾਰ ਕਿਹਾ ਜਾਂਦਾ ਹੈ। ਇਹ ਉਪਮਾ ਅਲੰਕਾਰ ਹੈ।

ਇੰਞ ਕਵਿਤਾ ਦਾ ਇੱਕ ਆਪਣਾ ਸੰਸਾਰ ਹੁੰਦਾ ਹੈ। ਇਸ ਵਿੱਚ ਵਰਤੀ ਜਾਂਦੀ ਬੋਲੀ ਤੱਥਾਂ ਦੀ ਬਜਾਏ ਭਾਵਾਂ ਵੱਲ ਸੰਕੇਤ ਕਰਦੀ ਹੈ। ਇਸ ਦੇ ਸ਼ਬਦਾਂ ਦੇ ਅਰਥ ਆਮ ਅਰਥਾਂ ਨਾਲ਼ੋਂ ਵੱਧ, ਘੱਟ ਜਾਂ ਕਈ ਵਾਰ ਹੋਰ ਹੁੰਦੇ ਹਨ। ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਕਵਿਤਾ ਵਿੱਚ ਸ਼ਬਦਾਂ ਦੇ ਗ਼ਲਤ ਅਰਥ ਪੈਦਾ ਕਰਦੇ ਹਾਂ ਜਾਂ ਸਮਝਦੇ ਹਾਂ ਸਗੋਂ ਇਹ ਹੈ ਕਿ ਭਾਵਾਂ ਨੂੰ ਪ੍ਰਗਟ ਕਰਨ ਲਈ ਸ਼ਬਦਾਂ ਦੇ ਸਧਾਰਨ ਅਰਥਾਂ ਵਿੱਚ ਵਾਧ-ਘਾਟ ਜਾਂ ਤਬਦੀਲੀ ਕਰਨੀ ਪੈਂਦੀ ਹੈ। ਅਜਿਹਾ ਕਰਨ ਨੂੰ ਕਵਿਤਾ ਦੇ ਪ੍ਰਸੰਗ ਵਿੱਚ 'ਦੋ-ਅਰਥੀ', 'ਬਹੁਅਰਥੀ' ਜਾਂ ਅੰਗਰੇਜ਼ੀ ਵਿੱਚ ਐਂਬਿਗਯੁਇਟੀ (ambiguity) ਕਿਹਾ ਜਾਂਦਾ ਹੈ।

ਕਵਿਤਾ ਵਿੱਚ ਸ਼ਬਦਾਂ ਦੀ ਵਰਤੋਂ ਇਸ ਢੰਗ ਨਾਲ਼ ਕੀਤੀ ਜਾਂਦੀ ਹੈ ਕਿ ਉਸ ਦੇ ਅਰਥਾਂ ਦੇ ਪਸਾਰ ਨੂੰ ਅਨੁਭਵ ਕਰਕੇ ਪਾਠਕ ਇੱਕ ਅਨੋਖੇ ਅਨੰਦ ਵਿੱਚ ਗੁਆਚ ਜਾਂਦਾ ਹੈ :

ਇਹ ਬਿਜਲੀ ਕੜਕ ਪਈ, ਭਾਰਤ ਦੇ ਵੇਸਾਂ 'ਤੇ,
ਇਸ ਕੈਂਚੀ ਧਰ ਦਿੱਤੀ, ਕੁੜੀਆਂ ਦਿਆਂ ਕੇਸਾਂ 'ਤੇ।
ਕੀ ਹੈ ਤਹਿਜ਼ੀਬ ਨਵੀਂ, ਟਿੱਕਾ ਬਦਨਾਮੀ ਦਾ,
ਹਿੰਦ ਦੇ ਗਲ਼ ਲਟਕ ਰਿਹਾ, ਇੱਕ ਤੌਕ ਗ਼ੁਲਾਮੀ ਦਾ।

ਇੱਥੇ ਜਦੋਂ 'ਗ਼ੁਲਾਮੀ ਦੇ ਤੌਕ' ਦੇ ਅਰਥ ਸਾਨੂੰ ਸਪਸ਼ਟ ਹੁੰਦੇ ਹਨ ਕਿ ਪੱਛਮੀ ਸੱਭਿਅਤਾ ਨੂੰ ਅਪਣਾ ਕੇ ਅਸੀਂ ਆਪਣੇ ਗਲ਼ਾਂ ਵਿੱਚ ਅੰਗਰੇਜ਼ਾਂ ਦੀ ਗ਼ੁਲਾਮੀ ਦਾ ਪਟਾ ਪੁਆ ਲਿਆ ਹੈ ਤਾਂ ਸਾਡੇ ਮਨ ਵਿੱਚ ਪੱਛਮੀ ਸੱਭਿਅਤਾ ਪ੍ਰਤਿ ਅਥਾਹ ਨਫ਼ਰਤ ਦੇ ਭਾਵ ਪੈਦਾ ਹੁੰਦੇ ਹਨ।

ਕਵਿਤਾ ਭਾਵਾਂ ਦੀ ਸਹਾਇਤਾ ਨਾਲ਼ ਵੱਖ-ਵੱਖ ਤਰ੍ਹਾਂ ਦੇ ਰਸ ਪੈਦਾ ਕਰਦੀ ਹੈ। ਰਸ ਕਵਿਤਾ ਦੀ ਜਿੰਦ-ਜਾਨ ਤੇ ਰੂਹ-ਪ੍ਰਾਣ ਹਨ। ਰਸ ਮੁੱਖ ਰੂਪ ਵਿੱਚ ਨੌਂ ਹਨ - ਸ਼ਿੰਗਾਰ, ਹਾਸ, ਕਰੁਣਾ, ਰੌਦਰ, ਬੀਰ, ਭਿਆਨਕ, ਵੀਭਤਸ, ਅਦਭੁਤ ਅਤੇ ਸ਼ਾਂਤ ਰਸ। ਹਰ ਰਸ ਦਾ ਆਪਣਾ ਸਥਾਈ ਭਾਵ ਹੈ। ਮਨੁੱਖ ਦੇ ਮਨ ਵਿੱਚ ਸਮਾਜਿਕ ਸੰਸਕਾਰਾਂ ਕਾਰਨ ਉਪਰੋਕਤ ਤਰ੍ਹਾਂ ਦੇ ਸਥਾਈ ਭਾਵ ਬਣ ਜਾਂਦੇ ਹਨ। ਕਾਵਿ-ਭਾਵ ਉਹਨਾਂ ਸਥਾਈ ਭਾਵਾਂ ਨੂੰ ਟੁੰਬ ਕੇ ਰਸ ਪੈਦਾ ਕਰਦੇ ਹਨ, ਜਿਵੇਂ :

ਸਭੋ ਸਹੇਲੀਆਂ ਬਣ-ਬਣ ਆਈਆਂ
................................
ਕਿਸੇ ਨੇ ਸਿਰ 'ਤੇ ਲੀੜਾ ਲੀਤਾ
ਮਹੀਨ ਡੋਰੀਏ ਦਾ।
ਅੱਖੀਂ ਕੱਜਲਾ ਬੁੱਲ੍ਹ ਦੰਦਾਸਾ
ਹੱਥੀਂ ਮਹਿੰਦੀ ਲਾ।
................................
ਬਣ-ਬਣ ਪਈਆਂ ਪੈਣ
ਬਲੌਰੀ ਗਜਰੇ ਹੱਥ ਚੜ੍ਹਾ।

ਇਸ ਕਵਿਤਾ ਵਿੱਚ ਸ਼ਿੰਗਾਰ ਰਸ ਦਾ ਵਰਨਣ ਹੈ। ਫ਼ੀਰੋਜ਼ਦੀਨ ਸ਼ਰਫ਼ ਦੀ ਕਵਿਤਾ 'ਮਾਂ ਦਾ ਦਿਲ' ਵਿੱਚ ਘਿਰਨਾਮਈ ਭਿਆਨਕ-ਰਸ ਦਾ ਚਿੱਤਰ ਇਉਂ ਉੱਭਰਦਾ ਹੈ :

ਏਨੀ ਗੱਲ ਸੁਣੀ ਤੇ ਉਹ ਨੱਸਾ-ਨੱਸਾ ਘਰ ਆਇਆ
ਆਣ ਸੁੱਤੀ ਮਾਂ ਦੇ ਕਲੇਜੇ ਛੁਰਾ ਮਾਰਿਆ।
...............................................
ਅੱਜ ਉਹਦੀ ਰੱਤ ਵਿੱਚ ਹੱਥਾਂ ਨੂੰ ਹੰਘਾਲ ਕੇ ਤੇ,
ਵੇਖੋ ਖ਼ੂਨੀ ਪੁੱਤ ਨੇ ਪਿਆਰ ਕੀ ਨਿਤਾਰਿਆ।

ਕਵਿਤਾ ਆਮ ਤੌਰ 'ਤੇ ਛੰਦਬੱਧ ਹੁੰਦੀ ਹੈ। ਤੋਲ ਅਤੇ ਤੁਕਾਂਤ ਰਾਹੀਂ ਸੰਗੀਤ ਪੈਦਾ ਕੀਤਾ ਜਾਂਦਾ ਹੈ। ਕਈ ਵਾਰੀ ਕਵਿਤਾ ਵਿੱਚ ਕੋਈ ਪਛਾਣਨਯੋਗ ਛੰਦ ਪ੍ਰਤੀਤ ਨਹੀਂ ਹੁੰਦਾ ਪਰ ਉਸ ਵਿਚਲੀ ਸ਼ਬਦ-ਜੜਤ ਨਾਲ਼ ਸੰਗੀਤ ਪੈਦਾ ਹੋ ਜਾਂਦਾ ਹੈ, ਜਿਵੇਂ: ਪ੍ਰੋ. ਪੂਰਨ ਸਿੰਘ ਦੀ ਕਵਿਤਾ ਦੀਆਂ ਹੇਠ ਲਿਖੀਆਂ ਤੁਕਾਂ ਅਜਿਹਾ ਸਪਸ਼ਟ ਕਰਦੀਆਂ ਹਨ -

''ਮੰਨੇ ਨ ਮਨੀਂਦੇ ਕਦੀ ਕੁੱਦ-ਕੁੱਦ ਉੱਛਲ਼ਦੇ, ਡੁਲ੍ਹਦੇ ਮਰਜ਼ੀ ਦੇ
ਮਾਲਕ ਇਹ ਦਿਲ ਦੇ ਚਾਅ ਉੱਤੇ ਉੱਲਰਦੇ
ਨਿੱਕੇ-ਨਿੱਕੇ ਪਿਆਰ ਦੇ ਕਿਣਕਿਆਂ 'ਤੇ ਰੀਝਣ, ਪਸੀਜਣ ਸਾਰੇ
ਤੇ ਵੱਡੀਆਂ-ਵੱਡੀਆਂ ਗੱਲਾਂ ਨੂੰ ਲੱਤ ਮਾਰ ਦੌੜ ਜਾਣ।

ਕਵਿਤਾ ਨੂੰ ਉੱਚੀ-ਉੱਚੀ ਬੋਲ ਕੇ ਪੜ੍ਹਨ ਨਾਲ਼ ਉਸ ਵਿਚਲੇ ਸੰਗੀਤ ਦਾ ਆਪਣੇ-ਆਪ ਪਤਾ ਲੱਗ ਜਾਂਦਾ ਹੈ। ਕਵਿਤਾ ਨੂੰ ਪੜ੍ਹਨ ਲੱਗਿਆਂ ਉਸ ਦੇ ਉਚਾਰਨ ਦਾ ਜ਼ਰੂਰ ਧਿਆਨ ਰੱਖਣਾ ਚਾਹੀਦਾ ਹੈ। ਜਿੱਥੇ ਕਿਤੇ ਕੰਨਾ, ਬਿਹਾਰੀ, ਦੁਲੈਂਕੜ, ਹੋੜਾ, ਕਨੌੜਾ, ਲਾਂ, ਦੁਲਾਂ ਤੇ ਟਿੱਪੀ ਆ ਜਾਵੇ, ਉੱਥੇ ਉਸ 'ਮਾਤਰਾ' ਤੋਂ ਦੁੱਗਣੀ ਦੇਰ ਲਮਕਾਉਣਾ ਹੈ। ਸਿਹਾਰੀ ਅਤੇ ਔਂਕੜ ਨੂੰ ਮੁਕਤੇ ਜਿੰਨਾ ਹੀ ਸਮਾਂ ਦੇਣਾ ਹੈ।

ਵੀਹਵੀਂ ਸਦੀ ਦੇ ਸ਼ੁਰੂ ਵਿੱਚ ਜਿਹੜੀ ਕਵਿਤਾ ਲਿਖੀ ਜਾਣ ਲੱਗ ਪਈ ਸੀ, ਉਸੇ ਨੂੰ ਹੀ ਆਧੁਨਿਕ ਕਾਵਿ ਦੇ ਅਰੰਭ ਦੀ ਕਵਿਤਾ ਕਿਹਾ ਜਾਂਦਾ ਹੈ। ਇਸ ਸਮੇਂ ਲੰਮੇ ਕਿੱਸੇ ਲਿਖਣ ਦਾ ਰਿਵਾਜ ਘਟ ਗਿਆ ਸੀ ਤੇ ਕਵਿਤਾ ਦੇ ਵਿਸ਼ੇ ਅਤੇ ਰੂਪ ਵਿੱਚ ਬਹੁਤ ਫ਼ਰਕ ਆ ਗਿਆ ਸੀ। ਇਸ ਸਮੇਂ ਦੌਰਾਨ ਕਵੀਆਂ ਨੇ ਨਵੇਂ ਵਿਸ਼ੇ ਲੈ ਕੇ ਨਵੇਂ ਕਾਵਿ-ਰੂਪਾਂ ਵਿੱਚ ਕਵਿਤਾ ਲਿਖੀ।

ਵੀਹਵੀਂ ਸਦੀ ਦੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਲਿਖੀ ਗਈ ਤੇ ਲਿਖੀ ਜਾ ਰਹੀ ਕਵਿਤਾ ਸਮਾਜਿਕ ਅਸਲੀਅਤ ਦੇ ਵਧੇਰੇ ਨੇੜੇ ਹੈ। ਇਸ ਕਵਿਤਾ ਵਿੱਚ ਲੋਕਾਂ ਦੇ ਦੁੱਖਾਂ-ਦਰਦਾਂ ਦੀਆਂ ਗੱਲਾਂ ਕੀਤੀਆਂ ਗਈਆਂ ਹਨ। ਧਾਰਮਿਕ ਵਿਸ਼ਿਆਂ ਨੂੰ ਵੀ ਅਜੋਕੀਆਂ ਸਮੱਸਿਆਵਾਂ ਨਾਲ਼ ਸੰਬੰਧਿਤ ਕਰਕੇ ਕਵਿਤਾਇਆ ਗਿਆ। ਭਾਈ ਵੀਰ ਸਿੰਘ ਦੀਆਂ ਨਿੱਕੀਆਂ ਕਵਿਤਾਵਾਂ ਸੱਚ-ਮੁੱਚ ਵੱਡੀ ਵਡਿਆਈ ਦੀਆਂ ਮਾਲਕ ਹਨ। ਭਾਈ ਵੀਰ ਸਿੰਘ ਨੇ ਕੁਦਰਤ ਦਾ ਵਰਨਣ ਕਰਨ ਦੇ ਨਾਲ਼-ਨਾਲ਼ ਆਚਰਨ- ਉਸਾਰੀ ਦੇ ਵਿਸ਼ੇ ਨੂੰ ਵੀ ਕਵਿਤਾਵਾਂ ਵਿੱਚ ਖ਼ੂਬ ਨਿਭਾਇਆ ਹੈ। ਬਾਬੂ ਫ਼ੀਰੋਜ਼ਦੀਨ ਸ਼ਰਫ਼, ਲਾਲਾ ਧਨੀ ਰਾਮ ਚਾਤ੍ਰਿਕ, ਵਿਧਾਤਾ ਸਿੰਘ ਤੀਰ ਆਦਿ ਨੇ ਪੰਜਾਬ ਦੇ ਗੌਰਵਸ਼ਾਲੀ ਸੱਭਿਆਚਾਰ ਨੂੰ ਆਪਣੀਆਂ ਕਵਿਤਾਵਾਂ ਵਿੱਚ ਚਿਤਰਿਆ ਤੇ ਵਡਿਆਇਆ ਹੈ। ਪ੍ਰੋ. ਮੋਹਨ ਸਿੰਘ, ਬਾਵਾ ਬਲਵੰਤ, ਪ੍ਰੀਤਮ ਸਿੰਘ ਸਫ਼ੀਰ, ਅੰਮ੍ਰਿਤਾ ਪ੍ਰੀਤਮ ਤੇ ਸੁਰਜੀਤ ਪਾਤਰ ਨੇ ਮੁੱਖ ਤੌਰ 'ਤੇ ਸਮਾਜਿਕ ਬਰਾਬਰੀ, ਹੱਕ, ਸੱਚ ਅਤੇ ਨਿਆਂ ਆਦਿ ਕਦਰਾਂ-ਕੀਮਤਾਂ ਨੂੰ ਉਚਿਆਉਣ ਵਾਲ਼ੀਆਂ ਕਵਿਤਾਵਾਂ ਲਿਖੀਆਂ ਹਨ ਅਤੇ ਉਹਨਾਂ ਕਦਰਾਂ-ਕੀਮਤਾਂ 'ਤੇ ਕਰਾਰੇ ਵਿਅੰਗ ਕੀਤੇ ਹਨ ਜੋ ਸਮਾਜ-ਵਿਰੋਧੀ ਹਨ। ਸ਼ਿਵ ਕੁਮਾਰ ਬਟਾਲਵੀ ਨੇ ਬਿਰਹਾ ਨੂੰ ਆਪਣੇ ਗੀਤਾਂ ਦਾ ਵਿਸ਼ਾ ਬਣਾਇਆ ਅਤੇ ਨੰਦ ਲਾਲ ਨੂਰਪੁਰੀ ਨੇ ਆਮ ਲੋਕਾਂ ਦੀ ਪੱਧਰ ਦੇ ਗੀਤ ਲਿਖੇ ਅਤੇ ਉਹਨਾਂ ਦੇ ਦੁੱਖਾਂ-ਦਰਦਾਂ ਤੇ ਖ਼ੁਸ਼ੀਆਂ-ਗ਼ਮੀਆਂ ਨੂੰ ਆਪਣੇ ਗੀਤਾਂ ਦਾ ਵਿਸ਼ਾ ਬਣਾਇਆ। ਇਸ ਸੰਕਲਨ ਵਿੱਚ ਵੀਹਵੀਂ ਸਦੀ ਦੇ ਇਹਨਾਂ ਮੁਢਲੇ ਕਵੀਆਂ ਦੀਆਂ ਚੋਣਵੀਂਆਂ ਕਵਿਤਾਵਾਂ ਹੀ ਨਮੂਨੇ ਵਜੋਂ ਦਿੱਤੀਆਂ ਗਈਆਂ ਹਨ।

# ਭਾਈ ਵੀਰ ਸਿੰਘ

## (1872-1957 ਈ:)

ਭਾਈ ਵੀਰ ਸਿੰਘ ਦਾ ਜਨਮ 5 ਦਸੰਬਰ, 1872 ਈ: ਨੂੰ ਪਿਤਾ ਸ. ਚਰਨ ਸਿਘ ਤੇ ਮਾਤਾ ਸਰਦਾਰਨੀ ਉੱਤਮ ਕੌਰ ਦੇ ਘਰ ਅੰਮ੍ਰਿਤਸਰ ਵਿਖੇ ਹੋਇਆ।

ਭਾਈ ਵੀਰ ਸਿੰਘ ਨੂੰ ਆਧੁਨਿਕ ਕਵਿਤਾ ਦਾ ਜਨਮ-ਦਾਤਾ ਕਿਹਾ ਜਾਂਦਾ ਹੈ। ਆਪ ਦੀ ਰਚਨਾ ਬਹੁਪੱਖੀ ਹੈ। ਆਪ ਨੇ ਕਵਿਤਾ, ਵਾਰਤਕ, ਨਾਵਲ ਤੇ ਨਾਟਕ ਦੀ ਰਚਨਾ ਕਰਕੇ ਆਧੁਨਿਕ ਪੰਜਾਬੀ ਸਾਹਿਤ ਦਾ ਅਰੰਭ ਕੀਤਾ। ਇਸ ਤੋਂ ਇਲਾਵਾ ਸਿੱਖ- ਇਤਿਹਾਸ ਲਿਖਣ ਤੇ ਸੰਪਾਦਨ ਕਰਨ ਦਾ ਕੰਮ ਵੀ ਕੀਤਾ। ਉਹਨਾਂ ਦੀ ਦੇਣ ਗਿਣਾਤਮਿਕ ਤੇ ਗੁਣਾਤਮਿਕ ਦੋਂਹਾਂ ਪੱਖਾਂ ਤੋਂ ਮਹੱਤਵਪੂਰਨ ਹੈ। ਆਪ ਦੀਆਂ ਪ੍ਰਸਿੱਧ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :

'ਰਾਣਾ ਸੂਰਤ ਸਿੰਘ', 'ਲਹਿਰਾਂ ਦੇ ਹਾਰ', 'ਬਿਜਲੀਆਂ ਦੇ ਹਾਰ', 'ਮਟਕ ਹੁਲਾਰੇ', 'ਮੇਰੇ ਸਾਈਆਂ ਜੀਓ', 'ਕੰਬਦੀ ਕਲਾਈ', 'ਪ੍ਰੀਤ ਵੀਣਾ', 'ਕੰਤ ਮਹੇਲੀ', 'ਬਿਜੈ ਸਿੰਘ', 'ਸੁੰਦਰੀ', 'ਸਤਵੰਤ ਕੌਰ', 'ਸੁਭਾਗ ਜੀ ਦਾ ਸੁਧਾਰ ਹੱਥੀਂ ਬਾਬਾ ਨੌਧ ਸਿੰਘ', 'ਰਾਜਾ ਲਖਦਾਤਾ ਸਿੰਘ', 'ਗੁਰੂ ਨਾਨਕ ਚਮਤਕਾਰ', 'ਸ੍ਰੀ ਕਲਗੀਧਰ ਚਮਤਕਾਰ', 'ਅਸ਼ਟ ਗੁਰੂ ਚਮਤਕਾਰ'।

ਸਾਹਿਤ ਅਕਾਦਮੀ ਦਿੱਲੀ ਵੱਲੋਂ ਆਪ ਦੀ ਕਾਵਿ-ਪੁਸਤਕ 'ਮੇਰੇ ਸਾਈਆਂ ਜੀਓ' ਨੂੰ ਪੁਰਸਕ੍ਰਿਤ ਕੀਤਾ ਗਿਆ। ਆਪ ਨੂੰ ਭਾਰਤ ਸਰਕਾਰ ਨੇ 'ਪਦਮ ਭੂਸ਼ਨ' ਉਪਾਧੀ ਪ੍ਰਦਾਨ ਕੀਤੀ ਅਤੇ ਪੰਜਾਬ ਯੂਨੀਵਰਸਿਟੀ, ਲਾਹੌਰ ਨੇ ਡੀ. ਲਿਟ. ਦੀ ਮਾਨਾਰਥ ਡਿਗਰੀ ਨਾਲ਼ ਸਨਮਾਨਿਆ।

### ਸਮਾਂ

ਰਹੀ ਵਾਸਤੇ ਘੱਤ
'ਸਮੇਂ' ਨੇ ਇੱਕ ਨਾ ਮੰਨੀ,
ਫੜ-ਫੜ ਰਹੀ ਧਰੀਕ
'ਸਮੇਂ' ਖਿਸਕਾਈ ਕੰਨੀ,
ਕਿਵੇਂ ਨਾ ਸੱਕੀ ਰੋਕ
ਅਟਕ ਜੋ ਪਾਈ, ਭੰਨੀ,
ਤ੍ਰਿੱਖੇ ਆਪਣੇ ਵੇਗ
ਗਿਆ ਟੱਪ ਬੰਨੇ-ਬੰਨੀ,
ਹੋ! ਅਜੇ ਸੰਭਾਲ਼ ਇਸ 'ਸਮੇਂ' ਨੂੰ,
ਕਰ ਸਫਲ, ਉਡੰਦਾ ਜਾਂਵਦਾ,
ਇਹ ਠਹਿਰਨ ਜਾਚ ਨਾ ਜਾਣਦਾ,
ਲੰਘ ਗਿਆ ਨਾ ਮੁੜ ਕੇ ਆਂਵਦਾ।

## ਬਿਨ.ਫਸ਼ਾ ਦਾ ਫੁੱਲ

ਮੇਰੀ ਛਿਪੀ ਰਹੇ ਗੁਲਜ਼ਾਰ, ਮੈਂ ਨੀਵਾਂ ਉੱਗਿਆ,
ਕੋਈ ਲੱਗੇ ਨਾ ਨਜ਼ਰ ਟਪਾਰ, ਮੈਂ ਪਰਬਤ ਲੁੱਕਿਆ।
ਮੈਂ ਲਿਆ ਅਕਾਸ਼ੋਂ ਰੰਗ, ਜੁ ਸ਼ੋਖ਼ ਨਾ ਵੰਨ ਦਾ,
ਹਾਂ ਧੁਰੋਂ ਗ਼ਰੀਬੀ ਮੰਗ, ਮੈਂ ਆਇਆ ਜਗਤ 'ਤੇ।
ਮੈਂ ਪੀਆਂ ਅਰਸ਼ ਦੀ ਤ੍ਰੇਲ, ਪਲਾਂ ਮੈਂ ਕਿਰਨ ਖਾ,
ਮੇਰੀ ਨਾਲ਼ ਚਾਂਦਨੀ ਖੇਲ, ਰਾਤ ਰਲ਼ ਖੇਲੀਏ।
ਮੈਂ ਮਸਤ ਆਪਣੇ ਹਾਲ, ਮਗਨ-ਗੰਧ ਆਪਣੀ
ਹਾਂ ਦਿਨ ਨੂੰ ਭੌਰੇ ਨਾਲ਼, ਭੀ ਮਿਲਣੋਂ ਸੰਗਦਾ।
ਆ ਸ਼ੋਖ਼ੀ ਕਰਕੇ ਪੌਣ, ਜਦੋਂ ਗਲ਼ ਲੱਗਦੀ,
ਮੈਂ ਨਾਹਿ ਹਿਲਾਵਾਂ ਧੌਣ, 'ਵਾਜ ਨਾ ਕੱਢਦਾ।
ਹੋ! ਫਿਰ ਵੀ ਟੁੱਟਾਂ ਹਾਏ ਵਿਛੋੜਨ ਵਾਲ਼ਿਓ,
ਮੇਰੀ ਭਿੰਨੀ ਇਹ ਖ਼ੁਸ਼ਬੋ, ਕਿਵੇਂ ਨਾ ਛਿਪਦੀ।
ਮੇਰੀ ਛਿਪੇ ਰਹਿਣ ਦੀ ਚਾਹ ਤੇ ਛਿਪ ਟੁਰ ਜਾਣ ਦੀ,
ਹਾਂ, ਪੂਰੀ ਹੁੰਦੀ ਨਾਂਹ, ਮੈਂ ਤਰਲੇ ਲੈ ਰਿਹਾ।

## ਟੁਕੜੀ ਜੱਗ ਤੋਂ ਨਿਆਰੀ

ਅਰਸ਼ਾਂ ਦੇ ਵਿੱਚ 'ਕੁਦਰਤ ਦੇਵੀ'
ਸਾਨੂੰ ਨਜ਼ਰੀਂ ਆਈ।
'ਹੁਸਨ-ਮੰਡਲ' ਵਿੱਚ ਖੜ੍ਹੀ ਖੇਲ੍ਹਦੀ,
ਖ਼ੁਸ਼ੀਆਂ ਛਹਿਬਰ ਲਾਈ।
ਦੌੜੀ ਨੇ ਇੱਕ ਮੁੱਠ ਭਰ ਲੀਤੀ,
ਇਸ ਵਿੱਚ ਕੀ-ਕੀ ਆਇਆ।
ਪਰਬਤ, ਟਿੱਬੇ ਅਤੇ ਕਰੇਵੇ,
ਵਿੱਚ ਮੈਦਾਨ ਸੁਹਾਇਆ।
ਚਸ਼ਮੇ, ਨਾਲ਼ੇ, ਨਦੀਆਂ, ਝੀਲਾਂ,
ਨਿੱਕੇ ਜਿਵੇਂ ਸਮੁੰਦਰ।
ਠੰਢੀਆਂ ਛਾਂਵਾਂ, ਮਿੱਠੀਆਂ ਹਵਾਵਾਂ,
ਬਨ ਬਾਗ਼ਾਂ ਜਿਹੇ ਸੁੰਦਰ।
ਬਰਫ਼ਾਂ, ਮੀਂਹ, ਧੁੱਪਾਂ ਤੇ ਬੱਦਲ਼,
ਰੁੱਤਾਂ, ਮੇਵੇ ਪਿਆਰੇ।
ਅਰਸ਼ੀ ਨਾਲ਼ ਨਜ਼ਾਰੇ ਆਏ,

ਉਸ ਮੁੱਠੀ ਵਿੱਚ ਸਾਰੇ।
ਸੋਹਣੀ ਨੇ ਅਸਮਾਨ ਖੜ੍ਹੋ ਕੇ,
ਧਰਤੀ ਵੱਲ ਤਕਾ ਕੇ।
ਇਹ ਮੁੱਠੀ ਖੁਹਲੀ ਤੇ ਸੱਟਿਆ,
ਸਭ ਕੁਝ ਹੇਠ ਤਕਾ ਕੇ।
ਜਿਸ ਥਾਂਵੇਂ ਧਰਤੀ 'ਤੇ ਆ ਕੇ।
ਇਹ ਮੁੱਠੀ ਡਿੱਗੀ ਸਾਰੀ,
ਓਸ ਥਾਂਓਂ ਕਸ਼ਮੀਰ ਬਣ ਗਿਆ,
ਟੁਕੜੀ ਜੱਗ ਤੋਂ ਨਿਆਰੀ।
ਹੈ ਧਰਤੀ ਪਰ 'ਛੁਹ ਅਸਮਾਨੀ'
ਸੁੰਦਰਤਾ ਵਿੱਚ ਲਿਸ਼ਕੇ।
ਧਰਤੀ ਦੇ ਰਸ, ਸਵਾਦ, ਨਜ਼ਾਰੇ,
ਰਮਜ਼ ਅਰਸ਼ ਦੀ ਚਸਕੇ।

## ਬ੍ਰਿਛ

ਧਰਤੀ ਦੇ ਹੇ ਤੰਗ-ਦਿਲ ਲੋਕੋ!
ਨਾਲ਼ ਅਸਾਂ ਕਿਉਂ ਲੜਦੇ?
ਚੌੜੇ ਦਾਉ ਅਸਾਂ ਨਹੀਂ ਵਧਣਾ,
ਸਿੱਧੇ ਜਾਣਾ ਚੜ੍ਹਦੇ।

ਘੇਰੇ ਤੇ ਫੈਲਾਉ ਅਸਾਡੇ,
ਵਿੱਚ ਅਸਮਾਨਾਂ ਹੋਸਣ।
ਗਿੱਠ ਥਾਉਂ ਧਰਤੀ 'ਤੇ ਮੱਲੀ,
ਅਜੇ ਤੁਸੀਂ ਹੋ ਲੜਦੇ!

### ਅਰਥਾਵਲੀ :

**ਵਾਸਤੇ ਘੱਤ**- ਤਰਲੇ ਕਰਦੀ, ਮਿੰਨਤਾਂ ਕਰਦੀ। **ਧਰੀਕ** - ਖਿੱਚ। **ਵੇਗ** - ਪ੍ਰਵਾਹ, ਤੇਜ਼ ਚਾਲ, ਵਹਾਅ। **ਬਿਨਫ਼ਸ਼ਾ** - ਇੱਕ ਬੂਟੀ, ਜਿਸ ਦੇ ਫੁੱਲ, ਪੱਤੇ ਅਤੇ ਜੜ੍ਹਾਂ ਦਵਾਈਆਂ ਬਣਾਉਣ ਦੇ ਕੰਮ ਆਉਂਦੀਆਂ ਹਨ। **ਗੁਲਜ਼ਾਰ** - ਚਹਿਲ-ਪਹਿਲ, ਸੋਭਾ, ਫੁਲਵਾੜੀ। **ਨਜ਼ਰ-ਟਪਾਰ** - ਨਜ਼ਰ ਲੱਗਣ ਦਾ ਭਾਵ। **ਸ਼ੋਖ਼** - ਗੂੜ੍ਹਾ, ਭੜਕੀਲਾ। **ਵੰਨ ਦਾ** - ਰੰਗ ਦਾ, ਕਿਸਮ ਵਾਲ਼ਾ, ਰੰਗ-ਰੂਪ ਵਾਲ਼ਾ। **ਟੁਕੜੀ** - ਨਿੱਕਾ ਟੁਕੜਾ, ਟੋਟਾ। **ਹੁਸਨ-ਮੰਡਲ** - ਆਲ਼ੇ-ਦੁਆਲ਼ੇ ਦੀ ਖ਼ੂਬਸੂਰਤੀ। **ਛਹਿਬਰ** - ਵਰਖਾ, ਝੜੀ, ਮੀਂਹ ਦੀ ਬੁਛਾੜ। **ਟਿੱਬੇ** - ਛੋਟੀ ਪਹਾੜੀ, ਟਿੱਲਾ। **ਕਰੇਵੇ** - ਕਰੜੇ ਪੱਥਰ। **ਚਸ਼ਮਾ** - ਪਾਣੀ ਦਾ ਸ੍ਰੋਤ। **ਬਨ** - ਬਣ, ਜੰਗਲ਼। **ਅਰਸ਼ੀ** - ਅਕਾਸ਼ੀ, ਅਸਮਾਨੀ। **ਰਮਜ਼** - ਭੇਤ, ਗੁੱਝੀ ਗੱਲ, ਰਾਜ਼। **ਚਸਕੇ** - ਚੋਭ ਵਾਲ਼ੀ ਪੀੜ, ਤ੍ਰਾਟ, ਚੀਸ।

## ਪਾਠ - ਅਭਿਆਸ

1. 'ਸਮਾਂ' ਕਵਿਤਾ ਤੋਂ ਸਾਨੂੰ ਕੀ ਸਿੱਖਿਆ ਮਿਲ਼ਦੀ ਹੈ?
2. 'ਸਮਾਂ' ਕਵਿਤਾ ਵਿੱਚ ਸਮੇਂ ਦੀ ਸੰਭਾਲ਼ ਸੰਬੰਧੀ ਕਵੀ ਕੀ ਸੁਨੇਹਾ ਦਿੰਦਾ ਹੈ?
3. 'ਬਿਨਫ਼ਸ਼ਾ ਦਾ ਫੁੱਲ' ਕਵਿਤਾ ਦਾ ਕੇਂਦਰੀ ਭਾਵ ਲਿਖੋ।
4. 'ਬਿਨਫ਼ਸ਼ਾ ਦਾ ਫੁੱਲ' ਕਵਿਤਾ ਵਿੱਚ ਕਵੀ ਆਪਣੀ ਕੀ ਇੱਛਾ ਪ੍ਰਗਟ ਕਰਦਾ ਹੈ ?
5. 'ਟੁਕੜੀ ਜੱਗ ਤੋਂ ਨਿਆਰੀ' ਕਵਿਤਾ ਦਾ ਕੇਂਦਰੀ ਭਾਵ ਜਾਂ ਸਾਰ ਲਿਖੋ।
6. 'ਟੁਕੜੀ ਜੱਗ ਤੋਂ ਨਿਆਰੀ' ਕਵਿਤਾ ਵਿੱਚ ਕਸ਼ਮੀਰ ਦੀ ਸੁੰਦਰਤਾ ਕਿਵੇਂ ਬਿਆਨ ਕੀਤੀ ਗਈ ਹੈ?
7. 'ਬ੍ਰਿਛ' ਨਾਂ ਦੀ ਕਵਿਤਾ ਸਾਨੂੰ ਕੀ ਸੰਦੇਸ ਦਿੰਦੀ ਹੈ?
8. ਹੇਠ ਲਿਖੇ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

   (ੳ) ਹੋ! ਅਜੇ ਸੰਭਾਲ਼ ਇਸ 'ਸਮੇਂ' ਨੂੰ,
   ਕਰ ਸਫਲ, ਉਡੰਦਾ ਜਾਂਵਦਾ,
   ਇਹ ਠਹਿਰਨ ਜਾਚ ਨਾ ਜਾਣਦਾ,
   ਲੰਘ ਗਿਆ ਨਾ ਮੁੜ ਕੇ ਆਂਵਦਾ,

   (ਅ) ਚਸ਼ਮੇ, ਨਾਲ਼ੇ, ਨਦੀਆਂ, ਝੀਲਾਂ,
   ਨਿੱਕੇ ਜਿਵੇਂ ਸਮੁੰਦਰ।
   ਠੰਢੀਆਂ ਛਾਂਵਾਂ, ਮਿੱਠੀਆਂ ਹਵਾਵਾਂ,
   ਬਨ ਬਾਗ਼ਾਂ ਜਿਹੇ ਸੁੰਦਰ।

9. ਹੇਠ ਲਿਖੀਆਂ ਕਾਵਿ-ਸਤਰਾਂ ਦੀ ਵਿਆਖਿਆ ਕਰੋ :

   (ੳ) ਗਿੱਠ ਥਾਉਂ ਧਰਤੀ 'ਤੇ ਮੱਲੀ,
   ਅਜੇ ਤੁਸੀਂ ਹੋ ਲੜਦੇ।

   (ਅ) ਇਹ ਠਹਿਰਨ ਜਾਚ ਨਾ ਜਾਣਦਾ,
   ਲੰਘ ਗਿਆ ਨਾ ਮੁੜ ਕੇ ਆਂਵਦਾ।

*ਵਿਦਿਆਰਥੀਓ, ਆਪਣੇ ਅਧਿਆਪਕ ਜੀ ਦੀ ਸਹਾਇਤਾ ਨਾਲ਼*
*ਬਿਨਫ਼ਸ਼ੇ ਦੇ ਫੁੱਲ ਬਾਰੇ ਇੰਟਰਨੈੱਟ ਤੋਂ ਜਾਣਕਾਰੀ ਪ੍ਰਾਪਤ ਕਰੋ।*

# ਧਨੀ ਰਾਮ ਚਾਤ੍ਰਿਕ

## (1876-1954 ਈ:)

ਧਨੀ ਰਾਮ ਚਾਤ੍ਰਿਕ ਦਾ ਜਨਮ 4 ਅਕਤੂਬਰ, 1876 ਈ: ਨੂੰ ਪਿਤਾ ਸ੍ਰੀ ਪੋਹੂ ਮੱਲ ਅਤੇ ਮਾਤਾ ਸ੍ਰੀਮਤੀ ਲੱਛਮੀ ਦੇਵੀ ਦੇ ਘਰ, ਪਿੰਡ ਪੱਸੀਆਂ ਵਾਲ਼ਾ, ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਵਿੱਚ ਹੋਇਆ।

ਲਾਲਾ ਧਨੀ ਰਾਮ ਚਾਤ੍ਰਿਕ ਪੰਜਾਬੀ ਦੇ ਆਧੁਨਿਕ ਸ਼ਿਰੋਮਣੀ ਕਵੀਆਂ ਵਿੱਚੋਂ ਸਨ। ਜੀਵਨ ਦਾ ਬਹੁਤਾ ਸਮਾਂ ਅੰਮ੍ਰਿਤਸਰ ਹੀ ਬਿਤਾਇਆ। ਆਪ ਨੇ ਭਾਈ ਵੀਰ ਸਿੰਘ ਜੀ ਦੇ ਵਜ਼ੀਰ ਹਿੰਦ ਪ੍ਰੈੱਸ ਵਿੱਚ ਨੌਕਰੀ ਵੀ ਕੀਤੀ।

ਆਪ ਦੀਆਂ ਸਾਹਿਤਿਕ ਰਚਨਾਵਾਂ, 'ਚੰਦਨਵਾੜੀ', 'ਕੇਸਰ ਕਿਆਰੀ', 'ਨਵਾਂ ਜਹਾਨ', 'ਸੂਫ਼ੀਖਾਨਾ', 'ਨੂਰਜਹਾਂ ਬਾਦਸ਼ਾਹ ਬੇਗ਼ਮ', 'ਭਰਥਰੀ ਹਰੀ', 'ਨਲ ਦਮਯੰਤੀ' ਆਦਿ ਹਨ। ਧਨੀ ਰਾਮ ਚਾਤ੍ਰਿਕ ਦੀ ਕਵਿਤਾ ਵਿੱਚ ਪੰਜਾਬ ਦਾ ਸੱਭਿਆਚਾਰ ਠਾਠਾਂ ਮਾਰਦਾ ਹੈ। ਪੰਜਾਬੀ ਬੋਲੀ ਨਾਲ਼ ਪਿਆਰ ਵੀ ਫੁੱਟ-ਫੁੱਟ ਪੈਂਦਾ ਹੈ। ਆਪ ਦੀ ਭਾਸ਼ਾ ਬਹੁਤ ਸਰਲ ਤੇ ਠੇਠ ਪੰਜਾਬੀ ਹੈ।

## ਵਹਿੰਦਾ ਜਾਏ

ਉੱਤਰ ਪਹਾੜੋਂ ਡਿੱਗਦਾ-ਢਹਿੰਦਾ,
ਚੱਕਰ ਖਾਂਦਾ ਧੱਪੇ ਸਹਿੰਦਾ,
ਨਾਲ਼ ਚਟਾਨਾਂ ਖਹਿੰਦਾ-ਖਹਿੰਦਾ,
ਨੀਰ ਨਦੀ ਦਾ ਵਹਿੰਦਾ ਜਾਏ।

ਰਾਹ ਤੁਰਦਾ ਅਸਮਾਨੀ ਤਾਰਾ,
ਲਹਿਰਾਂ ਵਿੱਚ ਪਾ-ਪਾ ਝਲਕਾਰਾ,
'ਪੰਧ ਤੇਰਾ ਹੈ ਲੰਮਾ ਸਾਰਾ'
ਚਲ-ਚਲ,ਚਲ-ਚਲ ਕਹਿੰਦਾ ਜਾਏ,
ਨੀਰ ਨਦੀ ਦਾ ਵਹਿੰਦਾ ਜਾਏ।

ਨਾਲ਼ ਸਮੁੰਦਰ ਸਾਕਾਦਾਰੀ,
ਵਿੱਛੜੇ ਮਿਲ਼ੇ ਹਜ਼ਾਰਾਂ ਵਾਰੀ,
ਖਾ ਗਰਮੀ ਅਸਮਾਨੇ ਚੜ੍ਹਿਆ,
ਮੁੜ ਪਹਾੜ 'ਤੇ ਵਹਿੰਦਾ ਜਾਏ।
ਨੀਰ ਨਦੀ ਦਾ ਵਹਿੰਦਾ ਜਾਏ।

ਆਣਾ ਜਾਣਾ ਫੇਰੇ ਪਾਣਾ,
ਤੁਰਿਆਂ ਰਹਿਣਾ ਅੱਖ ਨਾ ਲਾਣਾ।
ਹੁਕਮਾਂ ਅੰਦਰ ਵਾਂਗ ਫੁਹਾਰੇ,
ਮੁੜ-ਮੁੜ ਚੜ੍ਹਦਾ, ਲਹਿੰਦਾ ਜਾਏ।
ਨੀਰ ਨਦੀ ਦਾ ਵਹਿੰਦਾ ਜਾਏ।

## ਵਿਸਾਖੀ ਦਾ ਮੇਲਾ

ਪੱਕ ਪਈਆਂ ਕਣਕਾਂ, ਲੁਕਾਠ ਰਸਿਆ,
ਬੂਰ ਪਿਆ ਅੰਬਾਂ ਨੂੰ, ਗੁਲਾਬ ਹੱਸਿਆ।
ਬਾਗ਼ਾਂ ਉੱਤੇ ਰੰਗ ਫੇਰਿਆ ਬਹਾਰ ਨੇ,
ਬੇਰੀਆਂ ਲਿਫਾਈਆਂ ਟਾਹਣੀਆਂ ਦੇ ਭਾਰ ਨੇ।
ਪੁੰਗਰੀਆਂ ਵੱਲਾਂ, ਵੇਲਾਂ ਰੁੱਖੀਂ ਚੜ੍ਹੀਆਂ,
ਫੁੱਲਾਂ ਹੇਠੋਂ ਫਲ਼ਾਂ ਨੇ ਪਰੋਈਆਂ ਲੜੀਆਂ।
ਸਾਂਈਂ ਦੀ ਨਿਗਾਹ ਜੱਗ 'ਤੇ ਸਵੱਲੀ ਏ,
ਚੱਲ ਨੀ ਪਰੇਮੀਏ! ਵਿਸਾਖੀ ਚੱਲੀਏ।

ਦੂਰ-ਦੂਰ ਥਾਂਓਂ ਵਣਜਾਰੇ ਆਏ ਨੇ,
ਸੋਹਣੇ-ਸੋਹਣੇ ਕੁੰਜਾਂ ਤੇ ਫ਼ੀਤੇ ਲਿਆਏ ਨੇ।
ਗਜਰਿਆਂ ਤੇ ਵੰਗਾਂ ਦਾ ਨਾ ਅੰਤ ਕੋਈ ਏ,
ਮੰਡੀ ਝੂਠੇ ਗਹਿਣਿਆਂ ਦੀ ਲੱਗੀ ਹੋਈ ਏ।
ਹੱਟੀਆਂ ਹਜ਼ਾਰਾਂ ਹਲਵਾਈਆਂ ਲਾਈਆਂ ਨੇ,
ਸੈਂਕੜੇ ਸੁਗਾਤਾਂ ਨਾਲ਼ੇ ਹੋਰ ਆਈਆਂ ਨੇ।
ਹੱਟੀ-ਹੱਟੀ ਸ਼ੌਕੀਆਂ ਦੀ ਭੀੜ ਖਲੀ ਏ,
ਚੱਲ ਨੀ ਪਰੇਮੀਏ! ਵਿਸਾਖੀ ਚੱਲੀਏ।

ਥਾਂਈਂ - ਥਾਂਈਂ ਖੇਡਾਂ ਤੇ ਪੰਘੂੜੇ ਆਏ ਨੇ,
ਜੋਗੀਆਂ ਮਦਾਰੀਆਂ ਤਮਾਸ਼ੇ ਲਾਏ ਨੇ।
ਵੰਝਲੀ, ਲੰਗੋਜਾ, ਕਾਟੋ, ਤੂੰਬਾ ਵੱਜਦੇ,
ਛਿੰਝ ਵਿੱਚ ਸੂਰੇ ਪਹਿਲਵਾਨ ਗੱਜਦੇ।
'ਕੱਠਾ ਹੋ ਕੇ ਆਇਆ ਰੌਲ਼ਾ ਸਾਰੇ ਜੱਗ ਦਾ,
ਭੀੜ ਵਿੱਚ ਮੋਢੇ ਨਾਲ਼ ਮੋਢਾ ਵੱਜਦਾ।
ਕੋਹਾਂ ਵਿੱਚ ਮੇਲੇ ਨੇ ਜ਼ਮੀਨ ਮੱਲੀ ਏ,
ਚੱਲ ਨੀ ਪਰੇਮੀਏ! ਵਿਸਾਖੀ ਚੱਲੀਏ।

# ਜੀਵਨ-ਜੋਤ

ਜਗਤ ਵਿੱਚ ਜੀ ਕੇ
ਜਿਉਂਦਾ ਰਹਿਣ ਦੇ ਸਾਮਾਨ ਪੈਦਾ ਕਰ,
ਜੋ ਮਰ ਕੇ ਭੀ ਅਮਰ ਹੋ ਜਾਏ,
ਐਸੀ ਜਾਨ ਪੈਦਾ ਕਰ।
ਸਮੁੰਦਰ ਤੋਂ ਨਿੱਖੜ ਕੇ ਭੀ,
ਤੂੰ ਕਤਰਾ ਹੈਂ ਸਮੁੰਦਰ ਦਾ,
ਉਛਾਲ਼ਾ ਮਾਰ ਕੇ ਇਸ ਵਿੱਚ
ਕੋਈ ਤੁਫ਼ਾਨ ਪੈਦਾ ਕਰ।
ਤੂੰ ਜੀਵਨ ਹੈਂ ਜਹਾਨਾਂ ਦਾ,
ਨਾ ਬਹੁ ਬੇਜਾਨ ਬੁੱਤ ਬਣ ਕੇ,
ਜੋ ਨਕਸ਼ਾ ਪਲਟ ਦੇ ਦੁਨੀਆਂ ਦਾ,
ਉਹ ਘਮਸਾਨ ਪੈਦਾ ਕਰ।
ਤੇਰਾ ਇਸ ਤੰਗ ਧਰਤੀ 'ਤੇ,
ਗੁਜ਼ਾਰਾ ਹੈ ਬੜਾ ਮੁਸ਼ਕਲ,
ਸਿਤਾਰਾ ਬਣ ਕੇ ਚਮਕਣ ਵਾਸਤੇ,
ਅਸਮਾਨ ਪੈਦਾ ਕਰ।
ਨਾ ਬਣਿਆ ਬੇਹਕੀਕਤ ਰਹੁ,
ਹਕੀਕਤ-ਆਸ਼ਨਾ ਹੋ ਜਾ,
ਓ ਸੂਖਮ! ਆਪਣੇ ਫੈਲਣ ਲਈ,
ਮੈਦਾਨ ਪੈਦਾ ਕਰ।
ਸ਼ਮ੍ਹਾ ਬਣ ਕੇ ਭਖਾ ਮਹਿਫ਼ਲ
ਜਗਾ ਦੇ ਜੋਤ ਦੁਨੀਆ 'ਤੇ,
ਕਲੀ ਦੀ ਜੂਨ ਛੱਡ ਦੇ,
ਖਿੜ ਕੇ ਚਮਨਿਸਤਾਨ ਪੈਦਾ ਕਰ।
ਤੜਪ ਹੈ ਤੇਰੇ ਅੰਦਰ ਉਹ,
ਮਚਾ ਦੇਵੇ ਕਿਆਮਤ ਜੋ,
ਕੋਈ ਕਰਤਬ ਵਿਖਾਲਣ ਨੂੰ,
ਨਵਾਂ ਚੌਗਾਨ ਪੈਦਾ ਕਰ।
ਨਾ ਸਿੱਪੀ ਵਾਂਗ, ਇੱਕ-ਇੱਕ ਬੂੰਦ ਦੀ,
ਖ਼ਾਤਰ ਤੜਪਦਾ ਰਹੁ,
ਤੂੰ ਦਿਲ ਦਰਿਆ ਦੇ ਅੰਦਰ,
ਮੋਤੀਆਂ ਦੀ ਖਾਨ ਪੈਦਾ ਕਰ।
ਤੇਰੇ ਹੀ ਕਰਮ ਫਲ਼ ਕੇ

ਕਿਸਮਤਾਂ ਦਾ ਬਾਗ਼ ਲਾਉਣਗੇ,
ਤੂੰ ਜਿਗਰੇ ਨਾਲ਼ ਤਾਕਤ ਆਪਣੀ,
ਦਾ ਗਿਆਨ ਪੈਦਾ ਕਰ।
ਤੇਰੀ ਬੰਸੀ ਦੇ ਅੰਦਰ,
ਆਪ ਮੋਹਨ ਫੂਕ ਭਰਦਾ ਹੈ,
ਗੁੰਜਾ ਦੇ ਜ਼ਿਮੀ ਤੇ ਅਸਮਾਨ,
ਐਸੀ ਤਾਨ ਪੈਦਾ ਕਰ।
ਜਿਨ੍ਹਾਂ ਨੇ ਜੋੜ ਕੇ ਤਿਣਕੇ,
ਜਹਾਨ ਅਬਾਦ ਕੀਤੇ ਸਨ,
ਜੇ ਹਿੰਮਤ ਹੈ, ਤਾਂ ਐਸੇ,
ਸੂਰਮੇ ਬਲਵਾਨ ਪੈਦਾ ਕਰ।

## ਅਰਥਾਵਲੀ :

**ਸਾਕਾਦਾਰੀ** - ਰਿਸ਼ਤੇਦਾਰੀ, ਸਕੀਰੀ। **ਲਿਫਾਈਆਂ** - ਝੁਕਾਈਆਂ, ਨੀਵੀਂਆਂ ਕੀਤੀਆਂ। **ਸਵੱਲੀ** - ਚੰਗੀ, ਮਿਹਰਬਾਨੀ ਵਾਲ਼ੀ। **ਵਣਜਾਰੇ** - ਸੁਦਾਗਰ, ਵਪਾਰੀ। **ਝੂਠੇ ਗਹਿਣੇ** - ਨਕਲੀ ਜਾਂ ਬਣਾਉਟੀ ਗਹਿਣੇ। **ਲੰਗੋਜਾ** - ਅਲਗੋਜ਼ਾ, ਬੰਸਰੀ ਵਰਗਾ ਇੱਕ ਲੋਕ-ਸਾਜ਼, **ਕੋਹ** - ਲਗ-ਪਗ ਦੋ ਕੁ ਕਿਲੋਮੀਟਰ ਦਾ ਫ਼ਾਸਲਾ। **ਬਹੁ** - ਬੈਠ। **ਹਕੀਕਤ** - ਅਸਲੀਅਤ, ਸਚਾਈ। **ਹਕੀਕਤ-ਆਸ਼ਨਾ** - ਅਸਲੀਅਤ ਜਾਣਨ ਵਾਲ਼ਾ। **ਸੂਖਮ** - ਬਹੁਤ ਛੋਟਾ, ਮਹੀਨ, ਬਰੀਕ। **ਸ਼ਮ੍ਹਾ** - ਦੀਵਾ, ਚਿਰਾਗ਼। **ਚਮਨਿਸਤਾਨ** - ਬਾਗ਼। **ਕਿਆਮਤ** - ਪਰਲੋ, ਦੁਨੀਆ ਦਾ ਅੰਤ, ਬਿਪਤਾ। **ਚੌਗਾਨ** - ਪੋਲੋ (ਘੋੜ-ਸਵਾਰ ਖੇਡ) ਖੇਡਣ ਦਾ ਮੈਦਾਨ। **ਮੋਹਨ** - ਭਗਵਾਨ ਕ੍ਰਿਸ਼ਨ ਜੀ।

## ਪਾਠ - ਅਭਿਆਸ

1. 'ਵਹਿੰਦਾ ਜਾਏ' ਕਵਿਤਾ ਦਾ ਕੇਂਦਰੀ ਭਾਵ ਲਿਖੋ।
2. 'ਵਹਿੰਦਾ ਜਾਏ' ਕਵਿਤਾ ਵਿੱਚ ਕਵੀ ਨੇ ਨਦੀ ਦੇ ਪੰਧ ਦੀ ਕਹਾਣੀ ਨੂੰ ਕਿਵੇਂ ਚਿਤਰਿਆ ਹੈ?
3. 'ਵਿਸਾਖੀ ਦਾ ਮੇਲਾ' ਕਵਿਤਾ ਵਿੱਚ ਕਵੀ ਨੇ ਮੇਲੇ ਦਾ ਜੋ ਚਿੱਤਰ ਪੇਸ਼ ਕੀਤਾ ਹੈ, ਉਸ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।
4. 'ਵਿਸਾਖੀ ਦਾ ਮੇਲਾ' ਕਵਿਤਾ ਵਿੱਚ ਕਿਹੜੇ-ਕਿਹੜੇ ਸਾਜ਼ਾਂ ਦਾ ਜ਼ਿਕਰ ਕੀਤਾ ਗਿਆ ਹੈ?
5. 'ਜੀਵਨ-ਜੋਤ' ਕਵਿਤਾ ਦਾ ਕੇਂਦਰੀ ਭਾਵ ਜਾਂ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।
6. 'ਜੀਵਨ-ਜੋਤ' ਕਵਿਤਾ ਵਿੱਚ ਕਵੀ ਮਨੁੱਖ ਨੂੰ ਕਿਹੋ-ਜਿਹਾ ਬਣਨ ਦੀ ਪ੍ਰੇਰਨਾ ਦੇਂਦਾ ਹੈ ?
7. ਹੇਠ ਲਿਖੇ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਹੱਟੀਆਂ ਹਜ਼ਾਰਾਂ ਹਲਵਾਈਆਂ ਲਾਈਆਂ ਨੇ,
ਸੈਂਕੜੇ ਸੁਗਾਤਾਂ ਨਾਲ਼ੇ ਹੋਰ ਆਈਆਂ ਨੇ।

ਹੱਟੀ-ਹੱਟੀ ਸ਼ੌਕੀਆਂ ਦੀ ਭੀੜ ਖਲੀ ਏ,
ਚੱਲ ਨੀ ਪਰੇਮੀਏ! ਵਿਸਾਖੀ ਚੱਲੀਏ।

(ਅ) ਜਗਤ ਵਿੱਚ ਜੀ ਕੇ
ਜਿਊਂਦਾ ਰਹਿਣ ਦੇ ਸਾਮਾਨ ਪੈਦਾ ਕਰ,
ਜੋ ਮਰ ਕੇ ਭੀ ਅਮਰ ਹੋ ਜਾਏ
ਐਸੀ ਜਾਨ ਪੈਦਾ ਕਰ।

8. ਹੇਠ ਲਿਖੀਆਂ ਕਾਵਿ-ਸਤਰਾਂ ਦੀ ਵਿਆਖਿਆ ਕਰੋ :

(ੳ) ਸਾਂਈਂ ਦੀ ਨਿਗਾਹ ਜੱਗ 'ਤੇ ਸਵੱਲੀ ਏ,
ਚੱਲ ਨੀ ਪਰੇਮੀਏ! ਵਿਸਾਖੀ ਚੱਲੀਏ।

(ਅ) ਕਲੀ ਦੀ ਜੂਨ ਛੱਡ ਦੇ,
ਖਿੜ ਕੇ ਚਮਨਿਸਤਾਨ ਪੈਦਾ ਕਰ।

*ਧਨੀ ਰਾਮ ਚਾਤ੍ਰਿਕ ਦੀਆਂ ਦੋ ਸਾਹਿਤਿਕ ਰਚਨਾਵਾਂ ਦੇ ਨਾਂ ਲਿਖੋ।*
*ਵਿਸਾਖੀ ਦੇ ਮੇਲੇ ਬਾਰੇ ਦਸ ਸਤਰਾਂ ਲਿਖ ਕੇ ਅਧਿਆਪਕ ਜੀ ਨੂੰ ਵਿਖਾਓ।*

# ਪ੍ਰੋ: ਪੂਰਨ ਸਿੰਘ

## (1881-1931 ਈ:)

ਪੰਜਾਬੀ ਸਾਹਿਤ ਦਾ ਇਹ ਅਲਬੇਲਾ ਕਵੀ 17 ਦਸੰਬਰ, 1881 ਨੂੰ ਪਿਤਾ ਸ. ਕਰਤਾਰ ਸਿੰਘ ਤੇ ਮਾਤਾ ਪਰਮਾ ਦੇਵੀ ਦੇ ਘਰ ਐਬਟਾਬਾਦ (ਪਾਕਿਸਤਾਨ) ਦੇ ਨੇੜੇ ਪਿੰਡ ਸਲਹਡ ਵਿੱਚ ਜਨਮਿਆ। ਪ੍ਰੋ. ਪੂਰਨ ਸਿੰਘ ਨੇ ਜਪਾਨ ਵਿੱਚ ਉੱਚ-ਵਿੱਦਿਆ ਪ੍ਰਾਪਤ ਕੀਤੀ। ਆਪ ਇੱਕ ਵਿਗਿਆਨੀ, ਫ਼ਿਲਾਸਫ਼ਰ ਤੇ ਮਹਾਨ ਕਵੀ ਸਨ। ਕਵਿਤਾ ਦੇ ਨਾਲ਼-ਨਾਲ਼ ਆਪ ਨੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਉੱਚ-ਪੱਧਰ ਦੀ ਵਾਰਤਕ ਵੀ ਲਿਖੀ ਹੈ।

ਆਪ ਦੀ ਕਵਿਤਾ ਵਾਰਤਕਮਈ ਅਤੇ ਵਾਰਤਕ ਕਾਵਿਮਈ ਹੈ। ਕਵਿਤਾ ਵਿੱਚ ਦਰਿਆ ਵਰਗਾ ਵਹਿਣ ਹੈ। ਅੱਖਰਾਂ ਦੇ ਅੱਖਰ ਵਗਦੇ ਜਾਂਦੇ ਹਨ—ਅੱਖਰਾਂ ਦੇ ਇਸ ਵਗਦੇ ਦਰਿਆ ਨੂੰ ਸੈਲਾਨੀ ਛੰਦ ਦਾ ਨਾਂ ਦਿੱਤਾ ਗਿਆ ਹੈ। ਪੰਜਾਬ ਦੀ ਧਰਤੀ, ਇੱਥੋਂ ਦੇ ਲੋਕ ਤੇ ਇੱਥੋਂ ਦੇ ਸੱਭਿਆਚਾਰ ਦਾ ਪ੍ਰਗਟਾਅ ਜਿਹੜਾ ਉਹਨਾਂ ਦੀ ਕਵਿਤਾ ਵਿੱਚ ਹੋਇਆ ਹੈ, ਉਸ ਦੀਆਂ ਉਦਾਹਰਨਾਂ ਪੰਜਾਬੀ ਸਾਹਿਤ ਵਿੱਚ ਟਾਂਵੀਂਆਂ-ਟਾਂਵੀਂਆਂ ਹੀ ਹਨ।

ਆਪ ਦੇ ਤਿੰਨ ਕਾਵਿ-ਸੰਗ੍ਰਹਿ : 'ਖੁੱਲ੍ਹੇ ਮੈਦਾਨ', 'ਖੁੱਲ੍ਹੇ ਘੁੰਡ', 'ਖੁੱਲ੍ਹੇ ਅਸਮਾਨੀ ਰੰਗ' ਅਤੇ 'ਖੁੱਲ੍ਹੇ ਲੇਖ' ਵਾਰਤਕ-ਰਚਨਾ ਦੀਆਂ ਪ੍ਰਸਿੱਧ ਪੁਸਤਕਾਂ ਹਨ।

## ਜਵਾਨ ਪੰਜਾਬ ਦੇ

ਇਹ ਬੇਪਰਵਾਹ ਪੰਜਾਬ ਦੇ,
ਮੌਤ ਨੂੰ ਮਖੌਲਾਂ ਕਰਨ,
ਮਰਨ ਥੀਂ ਨਹੀਂ ਡਰਦੇ।
ਪਿਆਰ ਨਾਲ਼ ਇਹ ਕਰਨ ਗ਼ੁਲਾਮੀ,
ਜਾਨ ਕੋਹ ਆਪਣੀ ਵਾਰ ਦਿੰਦੇ :
ਪਰ ਟੈਂ ਨਾ ਮੰਨਣ ਕਿਸੀ ਦੀ,
ਖਲੋ ਜਾਣ ਡਾਂਗਾਂ ਮੋਢੇ 'ਤੇ ਉਲਾਰਦੇ
ਮੰਨਣ ਬੱਸ ਇੱਕ ਆਪਣੀ ਜਵਾਨੀ ਦੇ ਜ਼ੋਰ ਨੂੰ
ਅੱਖੜਖਾਂਦ, ਅਲਬੇਲੇ ਧੁਰ 'ਥੀਂ, ਸਤਿਗੁਰਾਂ ਦੇ,
ਆਜ਼ਾਦ ਕੀਤੇ ਇਹ ਬੰਦੇ।
ਪੰਜਾਬ ਨਾ ਹਿੰਦੂ, ਨਾ ਮੁਸਲਮਾਨ,
ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ।
ਜਵਾਨ ਖੁੱਲ੍ਹੇ ਖੇਲੇ ਪਿਆਰਿਆਂ,
ਆਜ਼ਾਦੀ ਦੇ ਪਿਆਰ ਵਿੱਚ,

ਦੁਨੀਆਂ ਥੀਂ ਵਿਹਲੇ,
ਦੀਨ ਥੀਂ ਵੀ ਵਿਹਲੇ,
ਰਲ਼ੇ ਨਾ ਰਲ਼ੀਂਦੇ ਕਦੀ ਹੁਣ ਇਹ ਜਵਾਨ ਪੰਜਾਬ ਦੇ।
ਮੰਨੇ ਨਾ ਮਨੀਂਦੇ ਕਦੀ, ਕੁੱਦ-ਕੁੱਦ, ਉੱਛਲ਼ਦੇ, ਡੁੱਲ੍ਹਦੇ,
ਮਰਜ਼ੀ ਦੇ ਮਾਲਕ ਇਹ,
ਦਿਲ ਦੇ ਚਾਅ ਉੱਤੇ ਉੱਲਰਦੇ।
ਨਿੱਕੇ-ਨਿੱਕੇ ਪਿਆਰ ਦੇ ਕਿਣਕਿਆਂ 'ਤੇ ਰੀਝਣ, ਪਸੀਜਣ ਸਾਰੇ,
ਤੇ ਵੱਡੀਆਂ-ਵੱਡੀਆਂ ਗੱਲਾਂ ਨੂੰ ਲੱਤ ਮਾਰ ਦੌੜ ਜਾਣ।
ਇਹਨਾਂ ਦਾ ਕੁਝ ਥੌਹ ਨਹੀਂ ਲੱਗਦਾ।
ਹੱਥਾਂ ਵਿੱਚ ਗੋਹਲੇ ਕੀਤੇ ਕਿਸੀ ਵੀ ਪਾਤਸ਼ਾਹ ਨੇ,
ਆਜ਼ਾਦੀ ਪਈ ਠਾਠਾਂ ਮਾਰਦੀ ਮੇਰੇ ਪੰਜਾਬ ਵਿੱਚ।
ਪਿਆਰ ਦਾ ਨਾਮ ਇਹਨਾਂ ਸਿੱਖਿਆ,
ਦਿਲ, ਜਾਨ ਵਾਰਨ, ਇਹ ਪਿਆਰ 'ਤੇ,
ਸੱਚੇ ਪੰਜਾਬ ਦੇ ਵਾਸੀ ਦਾ ਇਹ ਈਮਾਨ ਹੈ,
ਰਾਂਝੇਟੜੇ ਦੇ ਨਿੱਕੇ-ਵੱਡੇ ਭਰਾ ਸਾਰੇ,
ਬੇਲਿਆਂ ਤੇ ਰੱਖਾਂ ਵਿੱਚ ਕੂਕਾਂ ਮਾਰਦੇ।
ਬਾਲ ਨਾਥ ਪਛਤਾਇਆ ਰਾਂਝੇ ਨੂੰ ਜੋਗ ਦੇ ਕੇ,
ਸਤਿਗੁਰਾਂ ਦੇ ਸਿੱਖ ਨੂੰ ਪਾ ਹੱਥ ਰੋਇਆ।
ਇਸ ਜੱਟ-ਮੱਤ ਵਿੱਚ ਜ਼ੋਰਾਂ ਦਾ ਜੋਗ ਸੀ,
ਦੇਖ ਹੈਰਾਨ, ਪਸ਼ੇਮਾਨ ਹੋਇਆ, ਬਖ਼ਸ਼ਿਆ,
ਟੋਰਿਆ, ਟਿੱਲੇ ਥੀਂ ਅਸੀਸ ਦੇ, ਹਾਰਿਆ,
ਤੇ ਮਚਲਾ ਜੱਟ ਆਖੇ-
''ਮੁੰਦਰਾਂ ਲੈ ਆਪਣੀਆਂ ਮੋੜ, ਬਾਵਾ!
ਤੇ ਕੰਨ ਮੇਰੇ ਮੁੜ ਸਬੂਤ ਕਰ ਤੂੰ ਭਲੇ ਮਾਣਸਾ।
ਕੰਨਾਂ ਨੂੰ ਕਾਹਨੂੰ ਚਾ ਪਾੜਿਆ?
ਜੋਗ ਦੀ ਮੈਨੂੰ ਕੀ ਲੋੜ ਸੀ? ਨਾਥਾ! ਦੱਸ ਖਾਂ?
ਮੈਂ ਸਿੱਖਿਆ ਸੀ ਨਾਮ ਪਿਆਰ ਦਾ
ਤੇ ਹੱਡਾਂ ਵਿੱਚ ਪਿਆਰ ਪਿਆ ਖੜਕਦਾ,
ਨਾਮ ਪਿਆ ਵੱਜਦਾ,
ਜੋਗ ਤੇਰਾ ਹੋੜਦਾ ਇਸ਼ਕ ਥੀਂ ਕਮਲ਼ਿਆ।
ਮੋੜ ਮੇਰੇ ਕੰਨ, ਲੈ ਮੋੜ ਆਪਣੀਆਂ ਮੁੰਦਰਾਂ।"
ਇਹੋ-ਜਿਹੀ ਜਿੰਦ ਤੇ ਖੁੱਲ੍ਹ ਦਾ ਸੁਭਾਅ,
ਜਿਹੜਾ ਚਾਬਕ ਨਹੀਂ ਸਹਾਰਦਾ,
ਕੋਤਲ ਘੋੜੇ ਵਾਂਗ ਸੰਵਾਰੇ ਕੋਈ ਨਿੱਤ ਨਵਾਂ,
ਤੇ ਵਹੇ ਇਹਨਾਂ ਜਵਾਨਾਂ ਦੀ ਮੌਜ ਨਾਲ਼,

ਤਦ ਤਾਂ ਪਲ-ਛਿਣ, ਰੁਮਕ-ਰੁਮਕ ਤੁਰਨ ਇਹ,
ਪਰ ਫਿਰ ਵੀ ਖ਼ਤਰਾ ਇਹਨਾਂ ਦੇ ਅੱਥਰੇਪਣ ਦਾ ਹਰਦਮ ਰਹਿੰਦਾ।
ਬਾਂਕੇ-ਛਬੀਲੇ ਪੰਜਾਬ-ਪਿਆਰ ਦੇ ਰਹਿਣ ਵਾਲ਼ੇ,
ਪੰਜਾਬੀ ਮਾਂਵਾਂ ਦੇ ਪੁੱਤਰ,
ਰੱਖਣ ਨਾ ਜਾਨ ਸੰਭਾਲ਼ ਇਹ,
ਜਾਨ ਨੂੰ ਵਾਰਨ ਇਹ ਜਾਣਦੇ,
ਲਹੂ ਵੀਟਣ ਥੀਂ ਨਾ ਡਰਨ ਇਹ,
ਤੇ ਜੰਗ ਮੈਦਾਨ ਵਿੱਚ ਨੱਸਣਾ ਨਾ ਪਛਾਣਦੇ।
ਕਰਨ ਕੀ ਇਹ?
ਓੜਕ ਦਾ ਰੂਹ ਜ਼ੋਰ ਆਇਆ ਪੰਜਾਬ ਵਿੱਚ,
ਸਤਿਗੁਰਾਂ ਦੇ ਕਦਮਾਂ ਤੇ ਰਾਹਾਂ ਦੇ ਸਦਕੇ,
ਹੜ੍ਹ ਆਏ ਰੱਬ ਦੇ ਪ੍ਰਕਾਸ਼ ਦੇ,
ਤੇ ਠਿੱਲ੍ਹਣ ਨਾ ਇਹ ਪੰਜਾਬੀ, ਇਹ ਵੱਸ ਕਿਸ ਦੇ?
ਇਹ ਜੀਣ, ਥੀਣ ਜ਼ੋਰ ਲਾ-ਲਾ, ਕੁਝ ਵੱਸ ਨਾਂਹ ਕਿਸੀ ਦੇ,
ਪੰਜਾਬ ਵਿੱਚ ਸਤਿਗੁਰਾਂ ਦੀ ਨਿਗਾਹ ਵਿੱਚੂ,
ਜੀਵਣ-ਬਿਜਲੀਆਂ ਦੇ ਅਸਗਾਹ ਦਰਿਆ ਵਗ ਉੱਠੇ,
ਝਨਾਂ ਤੇ ਰਾਵੀ ਤੇ ਸਤਲੁਜ ਤੇ ਬਿਆਸ ਤੇ,
ਜੇਹਲਮ ਤੇ ਅਟਕ ਸਭ ਬਲ਼ ਉੱਠੇ,
ਗੁਰੂ ਦਾ ਜਪੁ ਸਾਹਿਬ ਗਾਉਂਦੇ।
ਇਉਂ ਅਥਾਹ ਪ੍ਰਵਾਹ ਹੋਇਆ,
ਸੁੱਕਾ ਨਾਂਹ ਰਿਹਾ ਕੋਈ ਥਾਂ।
ਹਿੰਦੂ-ਮੁਸਲਮਾਨ, ਪੰਛੀ, ਪਸ਼ੂ, ਆਦਮੀ ਸਭ ਭਿੱਜਿਆ,
ਡੁੱਬਿਆ ਅੰਮ੍ਰਿਤ ਉਸ ਨਿਗਾਹ ਵਿੱਚ।
ਇੱਥੇ ਜਾਨ ਆਈ, ਰੂਹ ਆਇਆ ਬਖ਼ਸ਼ ਦਾ,
ਇੱਥੇ ਚਾਅ ਦੇ ਅਸਮਾਨ ਟੁੱਟੇ,
ਇੱਥੇ ਹੁਸਨ ਖ਼ੁਦਾਈ ਦਾ ਅਵਤਾਰ ਆਇਆ,
ਇੱਥੇ ਦਿਲ ਚੁਭਵੀਆਂ ਮੂਰਤਾਂ,
ਨਿਗਾਹ ਦੇ ਤੀਰਾਂ ਦੇ ਮੀਂਹ।
ਇੱਥੇ ਦਾਤੇ ਬਲਕਾਰ ਆਏ,
ਇੱਥੇ ਸਾਂਈਂ ਦੇ ਪਿਆਰੇ ਆਏ,
ਇਸ ਧਰਤੀ ਵਿੱਚ ਕਲਗੀ ਵਾਲ਼ੇ ਦੇ ਘੋੜੇ ਦੇ ਸੁੰਮਾਂ ਦੀ ਟਾਪ ਲੱਗੀ,
ਇੱਥੇ ਸਤਿਗੁਰਾਂ, ਸੱਚੇ ਪਾਤਸ਼ਾਹ ਦਾ ਨਿਵਾਸ ਹੈ।
ਗਾਓ ਢੋਲੇ ਯਾਰੋ! ਖੁੱਲ੍ਹ ਵਿੱਚ ਬੇਸ਼ੱਕ ਹੁਣ,
ਬਜਾਓ ਅਲਗੋਜ਼ੇ ਪੋਠੋਹਾਰ ਦੇ।
ਬਣਨ ਬੈਂਤ, ਉੱਡਣ ਰੰਗ ਗੁਲਾਲ ਦੇ,

ਦਿਲ ਦੀਆਂ ਮੌਜਾਂ, ਰੱਬੀ ਜਵਾਨੀਆਂ, ਪੀੜਾਂ ਮੁੱਢ ਕਦੀਮ ਦੀਆਂ।
ਹਾਂ! ਐਵੇਂ ਜਦ ਦਿਲ ਅੱਕੇ,
ਉੱਠ ਡਾਂਗਾਂ ਵਰਸਾਓ ਵਾਂਗ ਆਂਧੀਆਂ,
ਇਹ ਤੁਸਾਂ ਦੇ ਡੌਲ਼ਿਆਂ ਨੂੰ ਵਰਜ਼ਸ਼ ਜ਼ਰੂਰ ਹੈ !!
ਖੁੱਲ੍ਹੇ ਖੇਤ ਤੇ ਹਵਾਵਾਂ,
ਵਾਟਾਂ ਲੰਮੀਆਂ ਦੇ ਸੈਰ,
ਪੈਰ-ਵਾਹਣਿਆਂ ਟੁਰਨਾ,
ਸ਼ਾਮ ਵੇਲ਼ੇ ਘਰ ਆਵਣਾ, ਪੰਜਾਹ ਕੋਹ ਮਾਰ ਕੇ !
ਵਾਹ ਸ਼ੇਰ ਜਵਾਨੀਏ! ਕੰਮ ਕੁਛ ਨਾਂਹ,
ਪੈਂਡਾ ਮਾਰਨਾ, ਜ਼ਰਾ ਲੱਤਾਂ ਹਿਲਾਣ ਨੂੰ !!

## ਪੰਜਾਬ ਦੇ ਮਜ਼ੂਰ

ਓਏ! ਮਜ਼ੂਰ ਚੰਗੇ ਲੱਗਦੇ ।
ਨਿੱਕੇ-ਨਿੱਕੇ ਖ਼ਿਆਲ ਇਹਨਾਂ ਦੇ
ਉਹਨਾਂ ਵਿੱਚ ਢਲ਼ੀਆਂ ਇਹਨਾਂ ਦੀਆਂ ਜ਼ਿੰਦਗੀਆਂ,
ਸਾਦੇ-ਸਾਦੇ ਚਿਹਰੇ, ਬੇਨਿਕਾਬ ਜਿਹੇ,
ਨਾ ਛੁਪਦੇ, ਨਾ ਛੁਪਾਂਦੇ ਕੁਝ ਆਪਣਾ।
ਨੰਗੇ-ਨੰਗੇ ਦਿਲ ਇਹਨਾਂ ਦੇ,
ਭੋਲ਼ੇ-ਭਾਲ਼ੇ ਲੋਕ ਤੇ ਆਲੀਆਂ-ਭੋਲ਼ੀਆਂ ਗੱਲਾਂ।
ਇਹਨਾਂ ਦੀ ਗ਼ਰੀਬੀ ਨਿੱਕੀ,
ਇਹਨਾਂ ਦਾ ਸੰਤੋਖ ਵੱਡਾ,
ਇਹ ਠੰਢੇ ਪਾਣੀ ਵਾਂਗ
ਮੇਰੇ ਜੀਅ ਨੂੰ ਠਾਰਦੇ।

## ਖੂਹ ਉੱਤੇ

ਕੋਲ਼ ਇਹ ਖੂਹ ਉੱਤੇ ਪਿੱਪਲ ਹੇਠ
ਨਿੱਕੀ-ਵੱਡੀ ਘੱਗਰੀਆਂ,
ਨਿੱਕੀਆਂ-ਨਿੱਕੀਆਂ ਬਾਂਹਾਂ,
ਵੱਡੀਆਂ-ਵੱਡੀਆਂ ਲੱਜਾਂ,
ਕੁੜੀਆਂ ਪੰਜਾਬ ਦੀਆਂ!
ਪਾਣੀ ਪਈਆਂ ਭਰਦੀਆਂ।
ਪਾਣੀ ਖੂਹ ਵਿੱਚੋਂ ਕੱਢਦੀਆਂ,
ਕੁਝ ਡੋਲ੍ਹਦੀਆਂ, ਕੁਝ ਭਰਦੀਆਂ,
ਕੁਝ ਛੱਟੇ ਮਾਰ-ਮਾਰ ਵੰਞਾਂਦੀਆਂ।

ਮੂੰਹ 'ਤੇ ਪਾਂਦੀਆਂ, ਡੋਲ੍ਹ-ਡੋਲ੍ਹ ਹੱਥਾਂ ਨਾਲ਼,
ਪੈਰਾਂ ਨੂੰ ਨੁਹਾਲਦੀਆਂ।
ਆਏ-ਗਏ ਕਵੀ-ਕਵੀਸ਼ਰ ਨੂੰ।
ਪਾਣੀ ਬੁੱਕਾਂ ਨਾਲ਼ ਪਿਆਲਦੀਆਂ,
ਖੂਹ 'ਤੇ ਵੀ ਇੱਕ ਜੀਵਨ ਰੰਗ-ਬਰੰਗੀ ਹੈ,
ਦੋ ਗੱਲਾਂ ਕਰਨੀਆਂ ਕਰਾਣੀਆਂ,
ਦੋ ਸੁਣਨੀਆਂ-ਸੁਣਾਉਣੀਆਂ,
ਉਹ ਇੱਕ ਦੂਜੇ ਦਾ ਹੱਥ ਵਟਾਉਣਾ,
ਘੜੇ ਭਰੇ-ਭਰੇ ਚੁੱਕਣੇ, ਚੁਕਾਉਣੇ,
ਰਲ਼-ਮਿਲ਼ ਗਾਉਣਾ, ਹੇਕਾਂ ਲਾਉਣੀਆਂ।

## ਅਰਥਾਵਲੀ :

**ਟੈਂ** - ਰੋਹਬ, ਧੌਂਸ। **ਅੱਖੜਖਾਂਦ** - ਹਠ ਪੂਰਾ ਕਰਨ ਵਾਲ਼ੇ। **ਅਲਬੇਲੇ** - ਮਸਤ। **ਦੀਨ** - ਧਰਮ। **ਪਸੀਜਣ** - ਖ਼ੁਸ਼ ਹੁੰਦੇ। **ਥੌਹ** - ਥਹੁ, ਪਤਾ। **ਚਾਬਕ** - ਕੋਰੜਾ। **ਕੋਤਲ ਘੋੜਾ** - ਚੰਗੀ ਨਸਲ ਦਾ ਸਵਾਰੀ ਘੋੜਾ। **ਠੁਮਕ-ਠੁਮਕ** - ਹੌਲ਼ੀ-ਹੌਲ਼ੀ, ਮਟਕ ਨਾਲ਼। **ਬਲਕਾਰ** - ਬਲਵਾਨ, ਯੋਧਾ। **ਪਸ਼ੇਮਾਨ** - ਪਛਤਾਉਣਾ। **ਅਥਰੇਪਣ** - ਅਜ਼ਾਦ ਸੁਭਾਅ, ਖੁੱਲ੍ਹਾ ਸੁਭਾਅ। **ਵੀਟਣ** - ਡੋਲ੍ਹਣ। **ਅਸਗਾਹ** - ਅਥਾਹ, ਜਿਸ ਦਾ ਥਹੁ-ਪਤਾ ਨਾ ਲੱਗੇ। **ਹੁਸਨ** - ਸੁਹੱਪਣ। **ਖ਼ੁਦਾਈ** - ਰੱਬੀ ਸ਼ਕਤੀ। **ਸੁੰਮਾਂ ਦੀ ਟਾਪ** - ਘੋੜੇ ਦੇ ਪੌੜਾਂ ਦੀ ਅਵਾਜ਼। **ਵਰਜ਼ਸ਼** - ਕਸਰਤ। **ਪੈਰ ਵਾਹਣਿਆਂ** - ਨੰਗੇ ਪੈਰੀਂ। **ਮਜੂਰ** - ਮਜ਼ਦੂਰ। **ਬੇਨਕਾਬ** - ਬਿਨਾਂ ਪਰਦੇ ਤੋਂ। **ਘੱਗਰੀਆਂ** - ਔਰਤਾਂ ਦਾ ਲੱਕ ਦੁਆਲ਼ੇ ਪਹਿਨਣ ਵਾਲ਼ਾ ਘੇਰੇਦਾਰ ਬਸਤਰ। **ਵੰਞਾਂਦੀਆਂ** - ਗੁਆਉਂਦੀਆਂ।

## ਪਾਠ - ਅਭਿਆਸ

1. 'ਜਵਾਨ ਪੰਜਾਬ ਦੇ' ਕਵਿਤਾ ਦਾ ਕੇਂਦਰੀ ਭਾਵ ਲਿਖੋ।
2. 'ਜਵਾਨ ਪੰਜਾਬ ਦੇ' ਕਵਿਤਾ ਵਿੱਚ ਕਿਹੜੇ-ਕਿਹੜੇ ਦਰਿਆਵਾਂ ਦਾ ਜ਼ਿਕਰ ਆਇਆ ਹੈ?
3. ਬਾਲ ਨਾਥ ਰਾਂਝੇ ਨੂੰ ਜੋਗ ਦੇ ਕੇ ਕਿਉਂ ਪਛਤਾਇਆ?
4. 'ਪੰਜਾਬ ਦੇ ਮਜੂਰ' ਕਵਿਤਾ ਦਾ ਕੇਂਦਰੀ ਭਾਵ ਲਿਖੋ।
5. 'ਖੂਹ ਉੱਤੇ' ਕਵਿਤਾ ਵਿੱਚ ਪਾਣੀ ਭਰਦੀਆਂ ਕੁੜੀਆਂ ਦਾ ਦ੍ਰਿਸ਼-ਵਰਨਣ ਕਰੋ।
6. ਹੇਠ ਲਿਖੇ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਮਰਜ਼ੀ ਦੇ ਮਾਲਕ ਇਹ,
ਦਿਲ ਦੇ ਚਾਅ ਉੱਤੇ ਉੱਲਰਦੇ।
ਨਿੱਕੇ-ਨਿੱਕੇ ਪਿਆਰ ਦੇ ਕਿਣਕਿਆਂ 'ਤੇ ਰੀਝਣ, ਪਸੀਜਣ ਸਾਰੇ,
ਤੇ ਵੱਡੀਆਂ-ਵੱਡੀਆਂ ਗੱਲਾਂ ਨੂੰ ਲੱਤ ਮਾਰ ਦੌੜ ਜਾਣ।

(ਅ) ਇਹਨਾਂ ਦੀ ਗ਼ਰੀਬੀ ਨਿੱਕੀ,
ਇਹਨਾਂ ਦਾ ਸੰਤੋਖ ਵੱਡਾ,
ਇਹ ਠੰਢੇ ਪਾਣੀ ਵਾਂਗ
ਮੇਰੇ ਜੀਅ ਨੂੰ ਠਾਰਦੇ।

7. ਹੇਠ ਲਿਖੀਆਂ ਕਾਵਿ-ਸਤਰਾਂ ਦੀ ਵਿਆਖਿਆ ਕਰੋ :-
ਪਾਣੀ ਖੂਹ ਵਿੱਚੋਂ ਕੱਢਦੀਆਂ,
ਕੁਝ ਡੋਲ੍ਹਦੀਆਂ, ਕੁਝ ਭਰਦੀਆਂ।

*'ਜਵਾਨ ਪੰਜਾਬ ਦੇ' ਕਵਿਤਾ ਵਿਚਲੇ ਪੰਜਾਬੀ ਨੌਜਵਾਨ ਦੀ ਅੱਜ ਦੇ ਪੰਜਾਬੀ ਨੌਜਵਾਨ ਨਾਲ਼ ਤੁਲਨਾ ਕਰੋ।*

# ਸ. ਸ. ਚਰਨ ਸਿੰਘ 'ਸ਼ਹੀਦ'

(1891-1935 ਈ:)

ਚਰਨ ਸਿੰਘ ਸ਼ਹੀਦ ਜੀ ਦਾ ਜਨਮ ਮਾਰਚ, 1891 ਈ: ਨੂੰ ਪਿਤਾ ਸ. ਸੂਬਾ ਸਿੰਘ ਤੇ ਮਾਤਾ ਸਰਦਾਰਨੀ ਸ਼ਿਵ ਕੌਰ ਦੇ ਘਰ, ਅੰਮ੍ਰਿਤਸਰ ਵਿੱਚ ਹੋਇਆ। ਦਸਵੀਂ ਪਾਸ ਕਰਨ ਤੋਂ ਬਾਅਦ ਆਪ ਨੇ ਸਾਹਿਤ-ਰਚਨਾ ਸ਼ੁਰੂ ਕੀਤੀ। ਕੁਝ ਚਿਰ ਆਪ ਪਟਿਆਲ਼ਾ ਰਿਆਸਤ ਦੇ ਰਾਜ-ਕਵੀ ਵੀ ਰਹੇ। ਅੰਮ੍ਰਿਤਸਰ ਤੋਂ ਆਪ ਨੇ 'ਸ਼ਹੀਦ' ਅਖ਼ਬਾਰ ਕੱਢਿਆ। ਪਿੱਛੋਂ ਆਪ ਨੇ 'ਮੌਜੀ' ਅਤੇ 'ਹੰਸ' ਸਪਤਾਹਿਕ ਪੱਤਰਾਂ ਦੇ ਸੰਪਾਦਕ ਦੇ ਤੌਰ 'ਤੇ ਵੀ ਕੰਮ ਕੀਤਾ।

ਆਪ ਨੇ ਕਵਿਤਾ ਦੇ ਨਾਲ਼-ਨਾਲ਼ ਨਾਵਲ, ਕਹਾਣੀਆਂ, ਜੀਵਨੀਆਂ ਆਦਿ ਵੀ ਲਿਖੀਆਂ। ਆਪ ਦੀਆਂ ਕਵਿਤਾਵਾਂ ਹਾਸ-ਰਸ ਭਰਪੂਰ ਪਰ ਸਿੱਖਿਆਦਾਇਕ ਹਨ। ਆਪ ਆਪਣੀਆਂ ਕਵਿਤਾਵਾਂ ਵਿੱਚ 'ਸੁਥਰਾ' ਉਪਨਾਮ ਦੀ ਵਰਤੋਂ ਕਰਦੇ ਸਨ। ਆਪ ਦੀਆਂ ਪ੍ਰਸਿੱਧ ਕਾਵਿ-ਪੁਸਤਕਾਂ 'ਬਾਦਸ਼ਾਹੀਆਂ', 'ਅਰਸ਼ੀ ਕਿੰਗਰੇ', 'ਰਾਜਸੀ ਹੁਲਾਰੇ', 'ਬੇਪਰਵਾਹੀਆਂ' ਆਦਿ ਹਨ।

## ਇੱਕ ਪਿਆਲਾ ਪਾਣੀ

ਅਕਬਰ ਨੂੰ ਦਰਬਾਰ ਬੈਠਿਆਂ,
ਤ੍ਰੇਹ ਨੇ ਬਹੁਤ ਸਤਾਇਆ।
ਸੈਨਤ ਹੁੰਦਿਆਂ, ਨਫ਼ਰ ਪਿਆਲਾ,
ਜਲ ਠੰਢੇ ਦਾ ਲਿਆਇਆ।

ਪਕੜ ਪਿਆਲਾ ਬਾਦਸ਼ਾਹ ਨੇ,
ਮੂੰਹ ਨੂੰ ਚਾਹਿਆ ਲਾਣਾ।
ਪਾਸੋਂ ਬੋਲ ਬੀਰਬਲ ਉੱਠਿਆ,
"ਜ਼ਰਾ ਹੱਥ ਅਟਕਾਣਾ।

ਪਹਿਲੋਂ ਦੱਸੋ ਆਪ ਇੱਕ ਗੱਲ,
ਜੇ ਪਾਣੀ ਮੁੱਕ ਜਾਵੇ।
ਸੈ ਕੋਹਾਂ ਤੱਕ ਜਤਨ ਕੀਤਿਆਂ,
ਇੱਕ ਬੂੰਦ ਨਾ ਥਿਆਵੇ।
ਅਤੀ ਪਿਆਸ ਲੱਗੀ ਹੋਏ ਤੁਹਾਨੂੰ,
ਜਲ ਬਿਨ ਮਰਦੇ ਜਾਵੋ,
ਮਾਹੀ ਵਾਂਗ ਆਬ ਬਿਨ ਤੜਫੋ,
ਉਲਟ-ਬਾਜ਼ੀਆਂ ਖਾਵੋ।
ਸੱਚ ਦੱਸੋ ਜੇ ਉਸ ਵੇਲ਼ੇ ਕੋਈ

ਇੱਕ ਜਲ ਪਿਆਲਾ ਲਿਆਵੇ,
ਕੀ ਕੁਝ ਦਿਓ ਹਜ਼ੂਰ ਓਸ ਨੂੰ?
ਕੀ ਕੀਮਤ ਉਹ ਪਾਵੇ? ”

ਹੱਸ ਕੇ ਅਕਬਰ ਕਹਿਣ ਲੱਗਾ,
“ਜੇ ਐਸੀ ਦਸ਼ਾ ਵਿਆਪੇ,
ਅੱਧਾ ਰਾਜ ਦਿਆਂ ਮੁੱਲ ਇਸ ਦਾ,
ਖ਼ੁਸ਼ੀ ਨਾਲ਼ ਮੈਂ ਆਪੇ।”

ਇਹ ਕਹਿ ਕੇ ਉਹ ਜਲ ਦਾ ਪਿਆਲਾ,
ਗਟ-ਗਟ ਸ਼ਾਹ ਚੜ੍ਹਾਇਆ।
ਫੇਰ ਬੀਰਬਲ ਨੇ ਸ਼ਾਹ ਅੱਗੇ,
ਸੁਆਲ ਦੂਸਰਾ ਪਾਇਆ -

“ਦੱਸੋ ਭਲਾ, ਜੇ ਇਹ ਪਾਣੀ ਹੁਣ,
ਦੇਹ ਅੰਦਰ ਰੁਕ ਜਾਵੇ,
ਰੁਕ ਜਾਵੇ ਪੇਸ਼ਾਬ ਆਪ ਦਾ,
ਜਾਨ ਪਿਆ ਤੜਫਾਵੇ।

ਬਚਣ ਲਈ ਉਸ ਕਸ਼ਟੋਂ ਕਿੰਨੇ,
ਪੀਰ ਪੈਗ਼ੰਬਰ ਸੇਵੋ,
ਅੱਧਾ ਰਾਜ ਮੰਗੇ ਜੇ ਕੋਈ,
ਦੇਵੋ ਯਾ ਨਾ ਦੇਵੋ? ”
ਚਕ੍ਰਿਤ ਹੋ ਕੇ ਸ਼ਾਹ ਬੋਲਿਆ -
“ਜ਼ਰਾ ਢਿੱਲ ਨਾ ਲਾਵਾਂ,
ਬੇਸ਼ਕ ਅੱਧਾ ਰਾਜ-ਭਾਗ ਮੈਂ,
ਫ਼ੌਰਨ ਭੇਟ ਕਰਾਵਾਂ।”

ਹੱਸ ਕੇ ਆਖੇ ਬੀਰਬਲ ਫਿਰ -
“ਇਸ ਤੋਂ ਸਾਬਤ ਹੋਇਆ,
ਇੱਕ ਪਿਆਲੇ ਜਲ ਦਾ ਮੁੱਲ ਹੈ,
ਰਾਜ ਤੁਹਾਡਾ ਗੋਇਆ।
ਜੋ ਅਣਮਿਣਿਆ-ਤੁਲਿਆ ਇਹ ਜਲ,
ਸਭ ਨੂੰ ਮੁਫ਼ਤ ਪੁਚਾਵੇ,
ਉਸ ਰੱਬ 'ਸੁਥਰੇ' ਦੀ ਬਖ਼ਸ਼ਸ਼ ਦਾ,
ਬੰਦਾ ਕੀ ਮੁੱਲ ਪਾਵੇ? ”

# ਗ਼ਲਤ ਫ਼ਹਿਮੀਆਂ

ਮੈਂ ਦੇਖ ਹਿਮਾਕਤ ਦੁਨੀਆ ਦੀ ਹੁੰਦਾ ਹਾਂ ਦੂਹਰਾ ਹੱਸ-ਹੱਸ ਕੇ,
ਪੈ ਲੋਕ ਮੁਸੀਬਤ ਝਲਦੇ ਨੇ ਵਿੱਚ ਗ਼ਲਤ ਫ਼ਹਿਮੀਆਂ ਫਸ-ਫਸ ਕੇ।
'ਕੋਝੇ' ਨੂੰ ਲੱਗਾ ਭੁਲੇਖਾ ਹੈ, ਬਣ-ਬਣ ਕੇ 'ਸੋਹਣਾ' ਫੁਲਦਾ ਹੈ,
ਜਦ ਲੋਕ ਟਿਚਕਰਾਂ ਕਰਦੇ ਨੇ, ਤਾਂ ਅੰਦਰ-ਅੰਦਰ ਘੁਲ਼ਦਾ ਹੈ।
ਮੂਰਖ ਖ਼ੁਦ ਤਾਈਂ ਸਮਝਦਾ ਹੈ, ਅਕਲਈਆ ਵੱਧ ਵਿਦਵਾਨਾਂ ਤੋਂ,
ਫਿਰ ਰੋਂਦਾ ਹੈ ਜਦ ਜਗਤ ਕਰੇ, ਵਰਤਾਉ ਬੁਰਾ ਹੈਵਾਨਾਂ ਤੋਂ।
ਕੰਗਲਾ ਹੈ ਫਸਿਆ ਗ਼ਲਤੀ ਵਿੱਚ, ਧਨੀਆਂ ਦੀਆਂ ਰੀਸਾਂ ਕਰਦਾ ਹੈ,
ਜਦ ਕਰਜ਼ੇ-ਸੂਦ ਕੁਚਲਦੇ ਨੇ ਤਾਂ ਰੋਂਦਾ ਹਉਕੇ ਭਰਦਾ ਹੈ।
ਕਮਜ਼ੋਰ 'ਬਲੀ' ਸਮ ਆਕੜ ਕੇ, ਜਾ ਨਾਲ਼ ਤਕੜਿਆਂ ਖਹਿੰਦਾ ਹੈ,
ਤਦ ਹੋਸ਼ ਮਗ਼ਜ਼ ਵਿੱਚ ਔਂਦੀ ਹੈ, ਜਦ ਹੱਡ ਤੁੜਾ ਕੇ ਬਹਿੰਦਾ ਹੈ।
ਕੋਈ ਸੋਨੇ ਸੂਲੀ ਚੜ੍ਹਿਆ ਹੈ, ਸੱਪ 'ਰੰਗ' ਕਿਸੇ ਨੂੰ ਡੱਸਿਆ ਹੈ,
ਕੋਈ 'ਰਾਜ' ਭੁਲੇਖੇ ਭੁੱਲਿਆ ਹੈ, ਕੋਈ 'ਜਾਤ' ਭੁੱਲ ਵਿੱਚ ਫਸਿਆ ਹੈ।
'ਬੁੱਧੂ' ਦੇ ਭਾਣੇ ਹੱਥ-ਕੰਡੇ, ਸਭ ਜੱਗ ਦੇ ਉਸ ਨੂੰ ਆਂਦੇ ਨੇ,
ਪਛਤਾਂਦਾ ਹੈ, ਜਦ ਚਤੁਰ ਲੋਕ, ਤਿਸ ਵੇਚ ਪਕੌੜੇ ਖਾਂਦੇ ਨੇ।
ਪਿਉ ਜਿਸ ਦਾ ਕਾਲ਼ੇ ਅੱਖਰ ਤੋਂ, ਮਹਿੰ ਕਾਲੀ ਵਾਂਗੂੰ ਡਰਦਾ ਹੈ,
ਉਹ 'ਡੰਗਰ' ਆਪਣੀ ਉਪਮਾ ਕਰ, 'ਕਵੀਆਂ' ਦੀ ਨਿੰਦਾ ਕਰਦਾ ਹੈ।
ਕਹਿੰਦੇ ਹਨ 'ਬੰਦੇ' ਘੜਨ ਸਮੇਂ, ਰੱਬ ਸਭ ਦੇ ਕੰਨ 'ਚ ਕਹਿੰਦਾ ਹੈ,
'ਨਹੀਂ' ਘੜਿਆ ਤੇਰੇ ਜਿਹਾ ਹੋਰ, ਬਸ 'ਬੰਦਾ' ਆਕੜ ਬਹਿੰਦਾ ਹੈ।
ਭੁੱਲ ਇਸੇ ਤਰ੍ਹਾਂ ਸ਼ੈਤਾਨ ਹੁਰਾਂ, ਨਾ ਅਦਬ 'ਆਦਮ' ਦਾ ਕੀਤਾ ਸੀ,
'ਏਹ ਖ਼ਾਕੀ ਹੈ ਮੈਂ ਨਾਰੀ ਹਾਂ' ਕਹਿ ਤੌਕ ਲਾਨ੍ਹਤੀ ਲੀਤਾ ਸੀ।
ਜਗ ਰੀਸ 'ਸ਼ੈਤਾਨੀ' ਕਰਦਾ ਹੈ, ਨਾ ਸਬਕ ਓਸ ਤੋਂ ਸਿੱਖਦਾ ਹੈ,
ਵੱਧ ਗ਼ਲਤ ਫ਼ਹਿਮੀਆਂ ਸਿੱਖਦਾ ਹੈ, ਜਿਉਂ-ਜਿਉਂ ਵੱਧ ਪੜ੍ਹਦਾ-ਲਿਖਦਾ ਹੈ।
ਜੇ ਗ਼ਲਤ ਫ਼ਹਿਮੀਆਂ ਤਜ ਬੰਦਾ, ਆਪਣੇ ਸਮ ਸਮਝੇ ਹੋਰਾਂ ਨੂੰ,
ਸੁੱਖ ਮਾਨ ਦਵੇ, ਸੁੱਖ ਮਾਣ ਲਵੇ, ਤਦ ਜ਼ੋਰਾਂ, ਸ਼ੋਰਾਂ, ਖੋਰਾਂ ਨੂੰ।
ਤਦ ਇਹੋ ਨਰਕ ਜੱਗ ਸੁਰਗ ਬਣੇ, ਲੁਤਫ਼ਾਂ ਦਾ ਤੰਬੂ ਬਣ ਜਾਵੇ,
ਦਿਲ ਗੰਦ-ਮੰਦ ਤੋਂ ਸਾਫ਼ ਹੋਣ, ਹਰ ਬੰਦਾ 'ਸੁਥਰਾ' ਬਣ ਜਾਵੇ।

## ਅਰਥਾਵਲੀ :

**ਨਫ਼ਰ** - ਸੇਵਕ। **ਮਾਹੀ** - ਮੱਛੀ। **ਆਬ** - ਪਾਣੀ। **ਹਿਮਾਕਤ** - ਮੂਰਖਤਾ। **ਗ਼ਲਤ ਫ਼ਹਿਮੀਆਂ** - ਭਰਮ-ਭੁਲੇਖੇ। **ਅਦਬ** - ਆਦਰ। **ਤਜ** - ਛੱਡਣਾ। **ਲੁਤਫ਼** - ਖ਼ੁਸ਼ੀ, ਅਨੰਦ। **ਸੁਥਰਾ** - ਸਾਫ਼ ਦਿਲ, ਕਵੀ ਦਾ ਉਪਨਾਮ।

# ਪਾਠ - ਅਭਿਆਸ

1. 'ਇੱਕ ਪਿਆਲਾ ਪਾਣੀ' ਕਵਿਤਾ ਵਿੱਚ ਬੀਰਬਲ ਬਾਦਸ਼ਾਹ ਅਕਬਰ ਪਾਸੋਂ ਇੱਕ ਪਿਆਲਾ ਪਾਣੀ ਦਾ ਮੁੱਲ ਕੀ ਤੇ ਕਿਵੇਂ ਪੁਆਉਂਦਾ ਹੈ?
2. ਸੁਥਰਾ ਜਾਂ ਸੁਥਰੇ ਸ਼ਬਦ ਕਿਸ ਲਈ ਵਰਤਿਆ ਗਿਆ ਹੈ?
3. 'ਇੱਕ ਪਿਆਲਾ ਪਾਣੀ' ਕਵਿਤਾ ਦਾ ਕੇਂਦਰੀ ਭਾਵ ਲਿਖੋ।
4. 'ਗ਼ਲਤ ਫ਼ਹਿਮੀਆਂ' ਕਵਿਤਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।
5. 'ਗ਼ਲਤ ਫ਼ਹਿਮੀਆਂ' ਕਵਿਤਾ ਅਨੁਸਾਰ ਬੰਦਾ ਬਣਾਉਣ ਸਮੇਂ ਰੱਬ ਬੰਦੇ ਦੇ ਕੰਨ ਵਿੱਚ ਕੀ ਕਹਿੰਦਾ ਹੈ?
6. ਜੇਕਰ ਬੰਦਾ ਗ਼ਲਤ ਫ਼ਹਿਮੀਆਂ ਛੱਡ ਦੇਵੇ ਤਾਂ ਇਹ ਸੰਸਾਰ ਕਿਹੋ-ਜਿਹਾ ਬਣ ਸਕਦਾ ਹੈ?
7. ਹੇਠ ਲਿਖੇ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :-

   (ੳ) ਹੱਸ ਕੇ ਆਖੇ ਬੀਰਬਲ ਫਿਰ
   ''ਇਸ ਤੋਂ ਸਾਬਤ ਹੋਇਆ,
   ਇੱਕ ਪਿਆਲੇ ਜਲ ਦਾ ਮੁੱਲ ਹੈ,
   ਰਾਜ ਤੁਹਾਡਾ ਗੋਇਆ।"

   (ਅ) "ਜੋ ਅਣ-ਮਿਣਿਆ-ਤੁਲਿਆ ਇਹ ਜਲ
   ਸਭ ਨੂੰ ਮੁਫ਼ਤ ਪੁਚਾਵੇ,
   ਉਸ ਰੱਬ 'ਸੁਥਰੇ' ਦੀ ਬਖ਼ਸ਼ਸ਼ ਦਾ
   ਬੰਦਾ ਕੀ ਮੁੱਲ ਪਾਵੇ?"

8. ਹੇਠ ਲਿਖੀਆਂ ਕਾਵਿ-ਸਤਰਾਂ ਦੀ ਵਿਆਖਿਆ ਕਰੋ :

   (ੳ) "ਕੋਈ ਸੋਨੇ ਸੂਲੀ ਚੜ੍ਹਿਆ ਹੈ, ਸੱਪ 'ਰੰਗ' ਕਿਸੇ ਨੂੰ ਡੱਸਿਆ ਹੈ।"

   (ਅ) "ਏਹ ਖ਼ਾਕੀ ਹੈ ਮੈਂ ਨਾਰੀ ਹਾਂ' ਕਹਿ ਤੌਕ ਲਾਨ੍ਹਤੀ ਲੀਤਾ ਸੀ।"

ਇਸ ਕਵਿਤਾ ਦੇ ਲੇਖਕ ਸ. ਸ. ਚਰਨ ਸਿੰਘ ਸ਼ਹੀਦ ਦੇ ਨਾਂ ਅੱਗੇ ਸ. ਸ. ਤੋਂ ਭਾਵ ਉਹਨਾਂ ਦੇ ਪਿਤਾ ਸੂਬਾ ਸਿੰਘ ਤੋਂ ਹੈ ਜੋ ਉਹਨਾਂ ਨੇ ਆਪਣੇ ਨਾਂ ਨਾਲ਼ ਜੋੜਿਆ ਹੈ।

# ਡਾ. ਦੀਵਾਨ ਸਿੰਘ ਕਾਲੇਪਾਣੀ

(1897-1944)

ਡਾ. ਦੀਵਾਨ ਸਿੰਘ ਦਾ ਜਨਮ 22 ਮਈ, 1897 ਈ; ਨੂੰ ਪਿਤਾ ਸ. ਸੁੰਦਰ ਸਿੰਘ ਤੇ ਮਾਤਾ ਸਰਦਾਰਨੀ ਇੰਦਰ ਕੌਰ ਦੇ ਘਰ ਪਿੰਡ ਗਲ੍ਹੋਟੀਆਂ ਖ਼ੁਰਦ, ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਵਿੱਚ ਹੋਇਆ।

ਡਾ. ਦੀਵਾਨ ਸਿੰਘ ਵੀ ਪ੍ਰੋ. ਪੂਰਨ ਸਿੰਘ ਵਾਂਗ ਮਸਤ, ਅਲਬੇਲੀ ਤੇ ਵਿਦਰੋਹੀ ਤਬੀਅਤ ਵਾਲ਼ੇ ਕਵੀ ਸਨ। ਪ੍ਰੋ. ਪੂਰਨ ਸਿੰਘ ਤੋਂ ਪਿੱਛੋਂ ਮੁਕਤ-ਛੰਦ ਵਾਲ਼ੀ ਕਵਿਤਾ ਆਪ ਹੀ ਸਫਲਤਾ ਨਾਲ਼ ਲਿਖ ਸਕੇ। ਵਿਅੰਗ, ਸੰਜਮ ਤੇ ਤਿੱਖਾ ਵਲਵਲਾ ਆਪ ਦੀ ਕਵਿਤਾ ਦੇ ਪ੍ਰਧਾਨ ਗੁਣ ਹਨ। ਆਪ ਸ੍ਵੈਮਾਣ ਦੀ ਮੂਰਤੀ ਸਨ। ਡਾਕਟਰੀ ਤੇ ਸਮਾਜ-ਸੇਵਾ ਕਰ ਕੇ ਆਪ ਬੜੇ ਹਰਮਨ-ਪਿਆਰੇ ਸਨ।

ਆਪ ਦਾ ਅੰਤਲਾ ਜੀਵਨ ਅੰਡੇਮਾਨ ਦੇ ਟਾਪੂਆਂ ਵਿੱਚ ਗੁਜ਼ਰਿਆ। ਉੱਥੇ ਜਪਾਨੀ ਹਮਲੇ ਵੇਲ਼ੇ ਆਪ ਨੂੰ ਬਹੁਤ ਸਾਰੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। 'ਵਗਦੇ ਪਾਣੀ', 'ਅੰਤਿਮ ਲਹਿਰਾਂ' 'ਮੇਰਾ ਜੀਵਨ ਮੇਰਾ ਗੀਤ' 'ਸਹਜ ਸੰਚਾਰ' ਅਤੇ 'ਮਲ੍ਹਿਆਂ ਦੇ ਬੇਰ' ਆਪ ਦੇ ਕਾਵਿ-ਸੰਗ੍ਰਹਿ ਹਨ।

## ਵਗਦੇ ਪਾਣੀ

ਪਾਣੀ ਵਗਦੇ ਹੀ ਰਹਿਣ,
ਕਿ ਵਗਦੇ ਸੁੰਹਦੇ ਨੇ,
ਖੜੋਂਦੇ ਬੁੱਸਦੇ ਨੇ,
ਕਿ ਪਾਣੀ ਵਗਦੇ ਹੀ ਰਹਿਣ।

ਜਿੰਦਾਂ ਮਿਲ਼ੀਆਂ ਹੀ ਰਹਿਣ,
ਕਿ ਮਿਲ਼ਿਆਂ ਜੀਂਦੀਆਂ ਨੇ,
ਵਿੱਛੜਿਆਂ ਮਰਦੀਆਂ ਨੇ,
ਕਿ ਜਿੰਦਾਂ ਮਿਲ਼ੀਆਂ ਹੀ ਰਹਿਣ।

ਰੂਹਾਂ ਉੱਡਦੀਆਂ ਹੀ ਰਹਿਣ,
ਕਿ ਉੱਡਿਆਂ ਚੜ੍ਹਦੀਆਂ ਨੇ,
ਅਟਕਿਆਂ ਡਿਗਦੀਆਂ ਨੇ,
ਕਿ ਰੂਹਾਂ ਉੱਡਦੀਆਂ ਹੀ ਰਹਿਣ।

ਤੇ ਮੈਂ ਟੁਰਦਾ ਹੀ ਰਹਾਂ,
ਕਿ ਟੁਰਿਆਂ ਵਧਦਾ ਹਾਂ,
ਖਲੋਇਆਂ ਘਟਦਾ ਹਾਂ,
ਕਿ ਹਾਂ, ਮੈਂ ਟੁਰਦਾ ਹੀ ਰਹਾਂ।

## ਫ਼ਕੀਰ ਦੀ ਸਦਾ

ਦਿਓ—ਕਿ ਵਧੋਗੇ,
ਵੰਡੋ—ਨਾ ਮੁੱਕੋਗੇ,
ਖੁਆਓ—ਕਿ ਖਾਓਗੇ,
ਜਿਊਣ ਦਿਓ—ਕਿ ਜੀਵੋਗੇ।

ਗੱਫੇ ਦਿਹ, ਭਰ-ਭਰ ਬਾਟੇ,
ਪਿਆਰ ਦੇ, ਉੱਦਮ ਦੇ, ਖ਼ੁਸ਼ੀ ਦੇ, ਖੇੜੇ ਦੇ,
ਗੁਆਂਢੀਆਂ ਨੂੰ, ਯਾਰਾਂ ਨੂੰ, ਗ਼ੈਰਾਂ ਨੂੰ, ਨਾ-ਮਹਿਰਮਾਂ ਨੂੰ।
ਤੇ ਸਭ ਦਾ ਰੱਬ,
ਭੰਡਾਰ ਖੋਲ੍ਹ ਦਏਗਾ, ਤੁਹਾਡੇ ਲਈ,
ਰਹਿਮਤਾਂ ਦੇ, ਰਹਿਮਾਂ ਦੇ, ਬਖ਼ਸ਼ਸ਼ਾਂ ਦੇ,
ਤੇ ਸਦਾ ਰੱਖੇਗਾ ਤੁਹਾਨੂੰ,
ਛਤਰ—ਛਾਇਆ ਹੇਠ ਆਪਣੀ।

## ਭਗਤ ਨੂੰ

ਭਗਤ !
ਓ ਭਗਤ !
ਕਿਹੜੇ ਰੱਬ ਨੂੰ ਪਿਆ ਢੂੰਡਨਾ ਏਂ?
ਮੈਨੂੰ ਢੂੰਡ।
ਰੱਬ ਨੂੰ ਜਾਣਨ ਦੇ ਜਤਨ ਕਿਉਂ ਕਰਨਾ ਏਂ?
ਮੈਨੂੰ ਜਾਣ।
ਰੱਬ ਨੂੰ ਪੂਜਨਾ ਕਿਉਂ ਏਂ?
ਮੈਨੂੰ ਪੂਜ।
ਕਿ
ਮੈਨੂੰ ਜਾਣੇ ਬਿਨਾਂ, ਰੱਬ ਨੂੰ ਨਾ ਜਾਣੇਂਗਾ।
ਮੈਨੂੰ ਮਿਲ਼ੇ ਬਿਨਾਂ, ਰੱਬ ਨੂੰ ਨਾ ਮਿਲ਼ੇਂਗਾ।
ਮੈਨੂੰ ਪੂਜੇ ਬਿਨਾਂ, ਰੱਬ ਨੂੰ ਨਾ ਪੂਜੇਂਗਾ।
ਮੇਰੇ ਤੋਂ ਵਡੇਰੀ, ਮੇਰੇ ਤੋਂ ਅਸਚਰਜ ਸ਼ੈ, ਹੋਰ ਕਾਈ ਨਹੀਂ।

ਰੱਬ ਮੇਰੇ ਵਿੱਚ ਵੱਸਦਾ ਏ, ਰਹਿੰਦਾ ਏ।
ਤੂੰ ਭੀ ਮੇਰੇ ਵਿੱਚ ਵੱਸ ਕਿ ਰੱਬ ਵਿੱਚ ਰਹੇਂ।
ਮੇਰੇ ਪਿਆਰੇ ਮੇਰੀ ਗਲਵੱਕੜੀ ਵਿੱਚ ਰੱਬ ਵੱਸਦਾ ਏ।
ਤੂੰ ਵੀ ਮੇਰੇ ਪਿਆਰ ਵਿੱਚ ਆ, ਮੇਰੀ ਗਲਵੱਕੜੀ ਵਿੱਚ ਰਹੁ।
ਕਿ ਰੱਬ ਵਿੱਚ ਵੱਸੇਂ।
ਹਾਏ! ਤੈਨੂੰ ਰੱਬ ਨਹੀਂ ਅਜੇ ਤੱਕ ਦਿਸਿਆ?
ਅੱਖਾਂ ਖੋਲ੍ਹ ਤੇ ਵੇਖ,
ਕਿ ਉਹ ਮੇਰੇ ਵਿੱਚ ਹੈ ਈ।

## ਅਰਥਾਵਲੀ :

**ਸੁੰਹਦੇ** - ਸੋਹਣੇ ਲੱਗਦੇ। **ਬੁੱਸਦੇ** - ਬਦਬੋ ਮਾਰਦੇ। **ਖੇੜੇ** - ਖ਼ੁਸ਼ੀਆਂ। **ਗੱਫ਼ੇ** - ਬਹੁਤਾ ਕੁਝ, ਧਨ, ਲਾਭ, ਹਿੱਸੇ ਆਇਆ ਹੋਇਆ ਧਨ। **ਨਾ-ਮਹਿਰਮਾਂ** - ਜਿਹੜੇ ਯਾਰ, ਦੋਸਤ ਜਾਂ ਜਾਣਕਾਰ ਨਾ ਹੋਣ, ਗ਼ੈਰ, ਅਨਜਾਣ। **ਰਹਿਮਤਾਂ** - ਬਖ਼ਸ਼ਸ਼ਾਂ, ਮਿਹਰਬਾਨੀਆਂ। **ਰਹਿਮ** - ਦਇਆ, ਤਰਸ, ਕਿਰਪਾ, ਮਿਹਰ। **ਛਤਰ-ਛਾਇਆ** - ਆਸਰਾ, ਸਹਾਰਾ। **ਅਸਚਰਜ** - ਹੈਰਾਨੀਜਨਕ।



## ਪਾਠ - ਅਭਿਆਸ

1. 'ਵਗਦੇ ਪਾਣੀ' ਕਵਿਤਾ ਦਾ ਕੇਂਦਰੀ ਭਾਵ ਲਿਖੋ।
2. 'ਵਗਦੇ ਪਾਣੀ' ਕਿਸ ਚੀਜ਼ ਦਾ ਪ੍ਰਤੀਕ ਹੈ?
3. 'ਫ਼ਕੀਰ ਦੀ ਸਦਾ' ਕਵਿਤਾ ਵਿੱਚ ਕਵੀ ਨੇ ਪਾਠਕ ਲਈ ਕੀ ਸੁਨੇਹਾ ਦਿੱਤਾ ਹੈ?
4. 'ਭਗਤ ਨੂੰ' ਕਵਿਤਾ ਅਨੁਸਾਰ ਰੱਬ ਕਿੱਥੇ ਵੱਸਦਾ ਹੈ?
5. 'ਭਗਤ ਨੂੰ' ਕਵਿਤਾ ਦਾ ਕੇਂਦਰੀ ਭਾਵ ਲਿਖੋ।
6. ਹੇਠ ਲਿਖੇ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:-

(ੳ) ਪਾਣੀ ਵਗਦੇ ਹੀ ਰਹਿਣ,
ਕਿ ਵਗਦੇ ਸੁੰਹਦੇ ਨੇ,
ਖੜੋਂਦੇ ਬੁੱਸਦੇ ਨੇ,
ਕਿ ਪਾਣੀ ਵਗਦੇ ਹੀ ਰਹਿਣ।

(ਅ) ਤੇ ਸਭ ਦਾ ਰੱਬ,
ਭੰਡਾਰ ਖੋਲ੍ਹ ਦਏਗਾ, ਤੁਹਾਡੇ ਲਈ,
ਰਹਿਮਤਾਂ ਦੇ, ਰਹਿਮਾਂ ਦੇ, ਬਖ਼ਸ਼ਸ਼ਾਂ ਦੇ,
ਤੇ ਸਦਾ ਰੱਖੇਗਾ ਤੁਹਾਨੂੰ,
ਛਤਰ-ਛਾਇਆ ਹੇਠ ਆਪਣੀ।

7. ਹੇਠ ਲਿਖੀਆਂ ਕਾਵਿ-ਸਤਰਾਂ ਦੀ ਵਿਆਖਿਆ ਕਰੋ :-

(ੳ) ਗੱਫੇ ਦਿਹ, ਭਰ-ਭਰ ਬਾਟੇ,
ਪਿਆਰ ਦੇ, ਉੱਦਮ ਦੇ, ਖ਼ੁਸ਼ੀ ਦੇ, ਖੇੜੇ ਦੇ।

(ਅ) ਮੈਨੂੰ ਜਾਣੇ ਬਿਨਾਂ ਰੱਬ ਨੂੰ ਨਾ ਜਾਣੇਂਗਾ।

'ਕਾਲ਼ੇਪਾਣੀ' ਦੇ ਇਤਿਹਾਸਿਕ ਪਿਛੋਕੜ ਬਾਰੇ ਅਧਿਆਪਕ ਜੀ ਤੋਂ ਜਾਣਕਾਰੀ ਪ੍ਰਾਪਤ ਕਰੋ।

# ਫ਼ੀਰੋਜ਼ਦੀਨ ਸ਼ਰਫ਼

## (1898-1955 ਈ:)

ਫ਼ੀਰੋਜ਼ਦੀਨ ਸ਼ਰਫ਼ ਜੀ ਦਾ ਜਨਮ ਰਾਜਾ ਸਾਂਸੀ (ਜ਼ਿਲ੍ਹਾ ਅੰਮ੍ਰਿਤਸਰ) ਦੇ ਨੇੜੇ ਪਿੰਡ 'ਤੋਲਾ ਨੰਗਲ' ਵਿੱਚ ਖ਼ਾਨ ਵੀਰੂ ਖ਼ਾਨ ਦੇ ਘਰ ਹੋਇਆ। ਆਪ ਦਾ ਬਚਪਨ ਪਿੰਡ ਵਿੱਚ ਗੁਜ਼ਰਿਆ। ਪਿਤਾ ਦਾ ਦਿਹਾਂਤ ਹੋ ਜਾਣ ਕਾਰਨ ਆਪ ਨੂੰ ਆਪਣੀ ਪੜ੍ਹਾਈ ਵਿੱਚੇ ਛੱਡਣੀ ਪਈ ਪਰ ਆਪ ਦਾ ਕਵਿਤਾ ਸੁਣਨ ਅਤੇ ਪੜ੍ਹਨ ਦਾ ਸ਼ੌਕ ਜਾਰੀ ਰਿਹਾ। 14-15 ਸਾਲਾਂ ਦੀ ਉਮਰ ਵਿੱਚ ਹੀ ਆਪ ਨੇ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਸੀ।

ਆਪ ਨੂੰ ਪੰਜਾਬੀ ਬੋਲੀ ਨਾਲ਼ ਬਹੁਤ ਪਿਆਰ ਸੀ ਜੋ ਆਪ ਦੀਆਂ ਇਸ ਵਿਸ਼ੇ 'ਤੇ ਲਿਖੀਆਂ ਕਵਿਤਾਵਾਂ ਤੋਂ ਭਲੀ-ਭਾਂਤ ਸਪਸ਼ਟ ਹੈ। ਆਪ ਦੀਆਂ ਲਗ-ਪਗ 31 ਪੁਸਤਕਾਂ ਮਿਲ਼ਦੀਆਂ ਹਨ ਜਿਨ੍ਹਾਂ ਵਿੱਚੋਂ 'ਸ਼ਰਫ਼ ਸੁਨੇਹੇ', 'ਸ਼ਰਫ਼ ਦੇ ਗੀਤ', 'ਜੋਗਣ', 'ਹੀਰ ਸਿਆਲ (ਨਾਟਕ)' ਆਦਿ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹਨ।

## ਮੈਂ ਪੰਜਾਬੀ

ਮੈਂ ਪੰਜਾਬੀ, ਪੰਜਾਬ ਦੇ ਰਹਿਣ ਵਾਲ਼ਾ,  
ਹਾਂ ਮੈਂ ਪੇਂਡੂ ਪਰ ਸ਼ਹਿਰੀਏ ਢੰਗ ਦਾ ਹਾਂ।  
ਸਮਝਾਂ ਫ਼ਾਰਸੀ, ਉਰਦੂ ਵੀ ਖ਼ੂਬ ਬੋਲਾਂ,  
ਥੋੜ੍ਹੀ ਬਹੁਤੀ ਅੰਗਰੇਜ਼ੀ ਵੀ ਅੰਗਦਾ ਹਾਂ।  
ਬੋਲੀ ਆਪਣੀ ਨਾਲ਼ ਪਿਆਰ ਰੱਖਾਂ,  
ਇਹ ਗੱਲ ਆਖਣੋਂ ਕਦੇ ਨਾ ਸੰਗਦਾ ਹਾਂ।  
ਮੋਤੀ ਕਿਸੇ ਸੁਹਾਗਣ ਦੀ ਨੱਥ ਦਾ ਮੈਂ,  
ਟੁਕੜਾ ਕਿਸੇ ਪੰਜਾਬਣ ਦੀ ਵੰਗ ਦਾ ਹਾਂ।  
ਮਿਲ਼ੇ ਮਾਣ ਪੰਜਾਬੀ ਨੂੰ ਦੇਸ ਅੰਦਰ,  
ਆਸ਼ਕ ਮੁੱਢੋਂ ਮੈਂ ਏਸ ਉਮੰਗ ਦਾ ਹਾਂ।  
'ਵਾਰਿਸ਼ ਸ਼ਾਹ' ਤੇ 'ਬੁੱਲ੍ਹੇ' ਦੇ ਰੰਗ ਅੰਦਰ,  
ਡੋਬ-ਡੋਬ ਕੇ ਜ਼ਿੰਦਗੀ ਰੰਗਦਾ ਹਾਂ।  
ਰਵ੍ਹਾਂ ਏਥੇ ਤੇ ਯੂ. ਪੀ. ਵਿੱਚ ਕਰਾਂ ਗੱਲਾਂ?  
ਐਸੀ ਅਕਲ ਨੂੰ ਛਿੱਕੇ 'ਤੇ ਟੰਗਦਾ ਹਾਂ।  
ਮੈਂ ਪੰਜਾਬੀ, ਪੰਜਾਬ ਦਾ 'ਸ਼ਰਫ਼' ਸੇਵਕ,  
ਸਦਾ ਖ਼ੈਰ ਪੰਜਾਬੀ ਦੀ ਮੰਗਦਾ ਹਾਂ।

## ਮਾਂ ਦਾ ਦਿਲ

ਮਾਂ ਛਾਂ ਜ਼ਿੰਦਗੀ ਦੇ ਨਿੱਕੜੇ ਜਿਹੇ ਦਿਲ ਵਿੱਚ,
ਸੋਮਾ ਉਹ ਮੁਹੱਬਤਾਂ ਦਾ ਰੱਬ ਨੇ ਪਸਾਰਿਆ।
ਅੱਜ ਤੀਕਣ ਜੀਹਦਾ ਕਿਸੇ ਥਾਹ ਤਲ਼ਾ ਨਹੀਂ ਲੱਭਾ,
ਮਾਰ-ਮਾਰ ਟੁੱਭੀਆਂ ਹੈ ਸਾਰਾ ਜੱਗ ਹਾਰਿਆ।
ਵੱਡੇ-ਵੱਡੇ ਸ਼ਾਇਰਾਂ, ਲਿਖਾਰੀਆਂ ਨੇ ਜ਼ੋਰ ਲਾ ਕੇ,
ਮਾਂ ਦੇ ਪਿਆਰ ਵਾਲ਼ਾ ਫੋਟੋ ਹੈ ਉਤਾਰਿਆ।
ਮੈਂ ਭੀ ਤਸਵੀਰ ਇੱਕ ਨਿੱਕੀ-ਜਿਹੀ ਵਿਖਾਲਨਾਂ ਹਾਂ,
ਸ਼ਾਇਰੀ ਦੇ ਰੰਗ ਨਾਲ਼ ਜੀਹਨੂੰ ਮੈਂ ਸੁਆਰਿਆ।
ਸਹਿਕ-ਸਹਿਕ ਪੁੱਤ ਲੱਭਾ ਇੱਕ ਮਾਂ ਤੱਤੜੀ ਨੂੰ,
ਲੱਖ-ਲੱਖ ਸ਼ੁਕਰ ਉਹਨੇ ਰੱਬ ਦਾ ਗੁਜ਼ਾਰਿਆ।
ਹੁੰਦੇ ਤਾਣ ਪੁੱਤ ਨੂੰ ਨਾ ਵਾ ਤੱਤੀ ਪੋਹਣ ਦਿੱਤੀ,
ਦੁੱਖ ਵੇਲੇ ਉਹਨੇ ਹਿੱਕ ਆਪਣੀ ਨੂੰ ਠਾਰਿਆ।
ਦਿਨਾਂ ਦੇ ਮਹੀਨੇ ਤੇ ਮਹੀਨਿਆਂ ਦੇ ਵਰ੍ਹੇ ਬੀਤੇ,
ਬੈਠਾ, ਫੇਰ ਰੇੜ੍ਹਿਆ, ਤੁਰਾਇਆ ਤੇ ਖਲ੍ਹਾਰਿਆ।
ਦੇ ਦੇ ਵਾਰ ਲੋਰੀਆਂ, ਮੁਹੱਬਤਾਂ, ਅਸੀਸਾਂ ਵਾਲ਼ੇ,
ਮਾਂ ਨੇ ਮੁਨਾਰਾ ਖ਼ੁਸ਼ੀ ਆਸ ਦਾ ਉਸਾਰਿਆ।
ਫੁੱਟ ਪਈ ਅੰਗੂਰੀ ਕੱਕੀ ਗੋਰੇ-ਗੋਰੇ ਮੁੱਖੜੇ 'ਤੇ,
ਫੁੱਲ ਵਾਂਗੂੰ ਆਣ ਕੇ ਜਵਾਨੀ ਨੇ ਸ਼ਿੰਗਾਰਿਆ।
ਸੱਧਰਾਂ, ਮੁਰਾਦਾਂ ਵਾਲ਼ੇ ਦਿਨ ਜਦੋਂ ਨੇੜੇ ਢੁੱਕੇ,
ਹੋਣੀ ਹੁਰਾਂ ਆਣ ਉਦੋਂ ਚੀਨਾ ਇਹ ਖਿਲਾਰਿਆ।
ਤੁਰੇ–ਤੁਰੇ ਜਾਂਦੇ ਨੂੰ ਖਲੋਤੀ ਇੱਕ ਸੁੰਦਰੀ ਨੇ,
ਖਿੱਚ ਕੇ ਦੁਗਾੜਾ ਖ਼ੂਨੀ ਨੈਣਾਂ ਵਿੱਚੋਂ ਮਾਰਿਆ।
ਕਾਲ਼ੇ-ਕਾਲ਼ੇ ਵਾਲ਼ਾਂ ਦਿਆਂ ਕੁੰਡਲ਼ਾਂ ਤੇ ਵਲ਼ਾਂ ਵਿੱਚ,
ਚੰਦ ਪੁੱਤ ਮਾਂ ਦਾ ਉਹ ਗਿਆ ਪਰਿਵਾਰਿਆ।
ਬਿੱਟ–ਬਿੱਟ ਵਿੰਹਦੇ ਉਹਨੂੰ, ਉਸ ਨਾਰੀ ਪੁੱਛਿਆ ਇਹ,
"ਏਥੇ ਕਿਉਂ ਖਲੋ ਰਿਹਾ ਏਂ,ਏਦਾਂ ਤੂੰ ਵਿਚਾਰਿਆ?"
ਅੱਖੀਆਂ ਨੂੰ ਪੂੰਝਦੇ ਨੇ ਦਿੱਤਾ ਇਹ ਜਵਾਬ ਅੱਗੋਂ
ਤੇਰੀ ਮੋਹਣੀ ਮੂਰਤ ਉੱਤੇ ਮੈਂ ਹਾਂ ਗਿਆ ਵਾਰਿਆ।
ਅੱਖੀਓਂ ਪਰੋਖੇ ਹੋਣਾ ਮੁੱਖ ਤੇਰਾ ਮੌਤ ਮੇਰੀ,
ਸੋਮਾ ਹੈ ਇਹ ਜ਼ਿੰਦਗੀ ਦਾ ਦਰਸ ਤੇਰਾ ਧਾਰਿਆ।"

ਬੋਲੀ ਮੁਟਿਆਰ ਅੱਗੋਂ, "ਪਿਆਰ ਦੇ ਪੁਜਾਰੀਆਂ ਵੇ!
ਮੈਂ ਵੀ ਤੈਨੂੰ ਥੋੜ੍ਹਾ ਜਿਹਾ ਚਾਹੁਨੀ ਆਂ ਵੰਗਾਰਿਆ।
ਕੱਢ ਕੇ ਲਿਆਵੇਂ ਜੇ ਤੂੰ ਦਿਲ ਮਾਂ ਆਪਣੀ ਦਾ,
ਲਾਂਵਾਂ ਈ ਮੈਂ ਤੇਰੇ ਨਾਲ਼ ਲੈ ਲਾਂ ਗੀ ਕਵਾਰਿਆ।"
ਏਨੀ ਗੱਲ ਸੁਣੀ ਤੇ ਉਹ ਨੱਸਾ-ਨੱਸਾ ਘਰ ਆਇਆ,
ਆਣ ਸੁੱਤੀ ਮਾਂ ਦੇ ਕਲ਼ੇਜੇ ਛੁਰਾ ਮਾਰਿਆ।
ਸਗਨਾਂ ਦੀ ਮਹਿੰਦੀ ਜੀਹਨੇ ਹੱਥਾਂ ਉੱਤੇ ਲਾਉਣੀ ਸੀ,
ਘੋੜੀਆਂ, ਸੁਹਾਗ ਗੌਂ ਕੇ, ਚੰਨਾ! ਮਾਹੀਆ! ਤਾਰਿਆ!
ਅੱਜ ਉਹਦੀ ਰੱਤ ਵਿੱਚ ਹੱਥਾਂ ਨੂੰ ਹੰਘਾਲ਼ ਕੇ ਤੇ,
ਵੇਖੋ ਖ਼ੂਨੀ ਪੁੱਤ ਨੇ ਪਿਆਰ ਕੀ ਨਿਤਾਰਿਆ।
ਓੜਕ ਉੱਥੋਂ ਉੱਠ ਨੱਸਾ ਦਿਲ ਲੈ ਕੇ ਮਾਂ ਦਾ ਉਹ,
ਉਹਦੇ ਲਈ, ਜੀਹਦੇ ਲਈ ਕਹਿਰ ਸੀ ਗੁਜ਼ਾਰਿਆ।
ਉੱਚਾ, ਨੀਵਾਂ ਰਾਹ ਵੀ ਨਾ ਸੋਚਿਆ, ਵਿਚਾਰਿਆ।
ਠੇਡਾ ਲੱਗਾ, ਡਿਗ ਪਿਆ ਮੂੰਧੜੇ ਮੂੰਹ ਜ਼ਿਮੀਂ ਉੱਤੇ,
ਉਸ ਵੇਲੇ ਮੁੱਠ ਵਿੱਚੋਂ ਦਿਲ ਇਹ ਪੁਕਾਰਿਆ।
"ਲੱਖ-ਲੱਖ ਵਾਰੀ ਤੈਥੋਂ, ਵਾਰੀ ਜਾਵੇ ਅੰਬੜੀ ਇਹ,
ਸੱਟ ਤਾਂ ਨਹੀਂ ਲੱਗੀ, ਮੇਰੇ ਬੱਚਿਆ ਪਿਆਰਿਆ?"
ਸ਼ਰਫ਼ ਜੀ! ਇਹ ਹੌਸਲਾ ਏ ਮਾਂ ਦੇ ਪਿਆਰ ਦਾ ਈ,
ਪੁੱਤ ਹੱਥੋਂ ਮਰ ਕੇ ਵੀ ਮੋਹ ਨਹੀਂ ਵਿਸਾਰਿਆ।

## ਅਰਥਾਵਲੀ :

**ਅੰਗਦਾ** - ਜਾਣਦਾ। **ਨੱਥ** - ਨੱਕ ਵਿੱਚ ਪਾਉਣ ਵਾਲ਼ਾ ਗਹਿਣਾ। **ਉਮੰਗ** - ਇੱਛਾ, ਚਾਅ। **ਖ਼ੈਰ** - ਦੁਆ। **ਥਾਹ-ਤਲਾ** - ਡੂੰਘਾਈ। **ਸ਼ਾਇਰੀ** - ਕਵਿਤਾ, ਕਵੀਸ਼ਰੀ। **ਤੱਤੜੀ** - ਬਦਕਿਸਮਤ ਔਰਤ। **ਪੋਹਣਾ** - ਲੱਗਣਾ, ਦੁੱਖ ਦੇਣਾ। **ਚੀਣਾ ਖਿਲਾਰਨਾ** - ਝਗੜੇ-ਫ਼ਸਾਦ ਦਾ ਮੁੱਢ ਬੰਨ੍ਹਣਾ, ਲੜਾਈ ਕਰਵਾਉਣੀ। **ਦੁਗਾੜਾ** - ਬੰਦੂਕ ਵਿੱਚ ਪਾਈਆਂ ਦੋ ਇਕੱਠੀਆਂ ਗੋਲ਼ੀਆਂ ਦੀ ਮਾਰ। **ਪਰਿਵਾਰਿਆ** - ਘੇਰਿਆ ਗਿਆ। **ਪਰੋਖੇ** - ਅੱਖੋਂ ਪਰੇ, ਜੋ ਦਿਸੇ ਨਾ। **ਕਹਿਰ** - ਜ਼ੁਲਮ, ਬਿਪਤਾ।

## ਪਾਠ - ਅਭਿਆਸ

1. 'ਮੈਂ ਪੰਜਾਬੀ' ਕਵਿਤਾ ਵਿੱਚ ਕਵੀ ਕਿਹੜੇ-ਕਿਹੜੇ ਕਵੀਆਂ ਨੂੰ ਯਾਦ ਕਰਦਾ ਹੈ?
2. 'ਮੈਂ ਪੰਜਾਬੀ' ਕਵਿਤਾ ਵਿੱਚ ਕਵੀ ਮੁੱਢ-ਕਦੀਮ ਤੋਂ ਕਿਸ ਗੱਲ ਦਾ ਆਸ਼ਕ ਹੈ?
3. 'ਮੈਂ ਪੰਜਾਬੀ' ਕਵਿਤਾ ਦਾ ਕੇਂਦਰੀ ਭਾਵ ਲਿਖੋ।
4. 'ਮਾਂ ਦਾ ਦਿਲ' ਕਵਿਤਾ ਵਿੱਚ ਸੁੰਦਰੀ, ਨੌਜਵਾਨ ਤੋਂ ਕੀ ਮੰਗ ਕਰਦੀ ਹੈ?
5. ਨੌਜਵਾਨ ਦੇ ਡਿਗਣ 'ਤੇ ਮਾਂ ਦਾ ਦਿਲ ਕੀ ਕਹਿੰਦਾ ਹੈ?
6. ਇਸ ਕਵਿਤਾ ਵਿੱਚ ਕਵੀ ਨੇ ਕੀ ਸੁਨੇਹਾ ਦੇਣ ਦਾ ਯਤਨ ਕੀਤਾ ਹੈ?
7. ਹੇਠ ਲਿਖੇ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:-

   (ੳ) ਰਵ੍ਹਾਂ ਏਥੇ ਤੇ ਯੂ. ਪੀ. ਵਿੱਚ ਕਰਾਂ ਗੱਲਾਂ?
   ਐਸੀ ਅਕਲ ਨੂੰ ਛਿੱਕੇ 'ਤੇ ਟੰਗਦਾ ਹਾਂ।
   ਮੈਂ ਪੰਜਾਬੀ, ਪੰਜਾਬ ਦਾ 'ਸ਼ਰਫ਼' ਸੇਵਕ,
   ਸਦਾ ਖ਼ੈਰ ਪੰਜਾਬੀ ਦੀ ਮੰਗਦਾ ਹਾਂ।

   (ਅ) ''ਲੱਖ-ਲੱਖ ਵਾਰੀ ਤੈਥੋਂ, ਵਾਰੀ ਜਾਵੇ ਅੰਬੜੀ ਇਹ,
   ਸੱਟ ਤਾਂ ਨਹੀਂ ਲੱਗੀ ਮੇਰੇ ਬੱਚਿਆ ਪਿਆਰਿਆ?''
   ਸ਼ਰਫ਼ ਜੀ! ਇਹ ਹੌਸਲਾ ਏ ਮਾਂ ਦੇ ਪਿਆਰ ਦਾ ਈ,
   ਪੁੱਤ ਹੱਥੋਂ ਮਰ ਕੇ ਵੀ ਮੋਹ ਨਹੀਂ ਵਿਸਾਰਿਆ।

8. ਹੇਠ ਲਿਖੀਆਂ ਕਾਵਿ-ਸਤਰਾਂ ਦੀ ਵਿਆਖਿਆ ਕਰੋ :

   (ੳ) ਬੋਲੀ ਆਪਣੀ ਨਾਲ਼ ਪਿਆਰ ਰੱਖਾਂ,
   ਇਹ ਗੱਲ ਆਖਣੋਂ ਕਦੇ ਨਾ ਸੰਗਦਾ ਹਾਂ।

   (ਅ) ਅੱਜ ਉਹਦੀ ਰੱਤ ਵਿੱਚ ਹੱਥਾਂ ਨੂੰ ਹੰਘਾਲ਼ ਕੇ ਤੇ,
   ਵੇਖੋ ਖ਼ੂਨੀ ਪੁੱਤ ਨੇ ਪਿਆਰ ਕੀ ਨਿਤਾਰਿਆ।

ਇਸ ਕਵਿਤਾ ਵਿੱਚ ਕਵੀ ਨੇ ਬੜੀ ਖ਼ੂਬਸੂਰਤੀ ਨਾਲ਼ ਮਾਂ ਦੇ ਪਿਆਰ ਨੂੰ ਚਿਤਰਿਆ ਹੈ। ਇਸ ਕਵਿਤਾ ਤੋਂ ਸਾਡੀ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਸਬਕ ਲੈਣਾ ਚਾਹੀਦਾ ਹੈ। ਮਾਂ ਦੀਆਂ ਕੁਰਬਾਨੀਆਂ ਨੂੰ ਭੁਲਾ ਕੇ ਅਜਿਹਾ ਕਦਮ ਨਹੀਂ ਚੁੱਕਣਾ ਚਾਹੀਦਾ ਜਿਸ ਨਾਲ਼ ਮਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੇ।

# ਗੁਰਮੁਖ ਸਿੰਘ ਮੁਸਾਫ਼ਿਰ

(1899-1976 ਈ:)

ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਦਾ ਜਨਮ 15 ਜਨਵਰੀ, 1899 ਈਃ ਵਿੱਚ ਭਾਈ ਸੁਜਾਨ ਸਿੰਘ ਦੇ ਘਰ ਪਿੰਡ ਅਧਵਾਲ, ਜ਼ਿਲ੍ਹਾ ਕੈਂਬਲਪੁਰ ਵਿੱਚ ਹੋਇਆ। ਕੁਝ ਦੇਰ ਮਾਸਟਰੀ ਕੀਤੀ। 1922 ਈ. ਵਿੱਚ ਅਕਾਲੀ ਲਹਿਰ ਤੇ ਫਿਰ ਕਾਂਗਰਸ ਲਹਿਰ ਵਿੱਚ ਸ਼ਾਮਲ ਹੋਏ। ਦੇਸ ਦੀ ਅਜ਼ਾਦੀ ਲਈ ਲੜਦਿਆਂ ਜੇਲ੍ਹਾਂ ਕੱਟੀਆਂ। ਅਜ਼ਾਦ ਭਾਰਤ ਵਿੱਚ ਉਹ ਲੋਕ-ਸਭਾ ਦੇ ਮੈਂਬਰ, ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਤੇ ਪੰਜਾਬ ਦੇ ਮੁੱਖ ਮੰਤਰੀ ਵੀ ਰਹੇ।

ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਹੁਰਾਂ ਦੀ ਅਰੰਭਿਕ ਕਵਿਤਾ ਧਾਰਮਿਕ ਹੈ ਤੇ ਦੇਸ-ਭਗਤੀ ਦਾ ਅੰਸ਼ ਵੀ ਵਧੇਰੇ ਹੈ। ਇਹਨਾਂ ਦੀ ਬਹੁਤੀ ਸਾਹਿਤਿਕ ਰਚਨਾ ਜੇਲ੍ਹ ਸਮੇਂ ਦੀ ਹੈ। ਆਪ ਨੇ ਕਵਿਤਾ ਤੋਂ ਛੁੱਟ ਕਹਾਣੀਆਂ ਅਤੇ ਵਿਚਾਰ-ਭਰਪੂਰ ਵਾਰਤਕ ਵੀ ਰਚੀ। ਇਹਨਾਂ ਦੀਆਂ ਪ੍ਰਸਿੱਧ ਰਚਨਾਵਾਂ ਇਹ ਹਨ : 'ਪ੍ਰੇਮ ਬਾਣ', 'ਜੀਵਨ ਪੰਧ' 'ਮੁਸਾਫ਼ਰੀਆਂ', 'ਸਸਤਾ ਤਮਾਸ਼ਾ', 'ਗੁਟਾਰ', 'ਗਾਂਧੀ ਗੀਤਾ' ਆਦਿ।

## ਕੀੜੀ

ਵਧਦੀ ਜਾਵੇ, ਵਧਦੀ ਜਾਵੇ,
ਤਾਂਘ ਕਿਸੇ ਵਿੱਚ ਵਧਦੀ ਜਾਵੇ।
ਕਿਧਰੋਂ ਭਿਣਕ ਪਈ ਭੋਰੇ ਦੀ,
ਇੱਕ-ਦੂਜੀ ਨੂੰ ਖ਼ਬਰ ਪੁਚਾਵੈ।
ਵਧਦੀ ਜਾਵੇ, ਵਧਦੀ ਜਾਵੇ।

ਆਪਣੀ ਧੁਨ ਵਿੱਚ ਮਸਤੀ ਅੰਦਰ,
ਨਹੀਂ ਛੱਡਦੀ ਉੱਦਮ ਦੀ ਵਾਦੀ,
ਔਖੀ ਹੋ, ਸੌਖੀ ਹੋ ਜਾਵੇ।
ਵਧਦੀ ਜਾਵੇ, ਵਧਦੀ ਜਾਵੇ।

ਔੜ-ਸੌੜ ਲਈ ਕਰੇ ਤਿਆਰੀ,
ਕੀੜੀ ਨੂੰ ਵੀ ਜਾਨ ਪਿਆਰੀ।
ਤੁਰਿਆ ਰਹਿਣਾ, ਤੁਰਿਆ ਰਹਿਣਾ,
ਹੌਲ਼ੀ ਪਰ ਹਫਣਾ ਨਹੀਂ ਬਹਿਣਾ।

ਬਹੁਤੀ ਤੇਜ਼ੀ, ਬਹੁਤ ਥਕਾਵੇ।
ਹੁੱਟਿਆਂ ਮੰਜ਼ਲ ਦੂਰ ਦਿਸਾਵੇ।
ਹੌਲ਼ੀ-ਹੌਲ਼ੀ ਤੁਰਦੀ ਜਾਂਦੀ,
ਤੁਰਦੀ ਜਾਂਦੀ, ਤੁਰਦੀ ਜਾਂਦੀ।

ਧੁਨ ਦੇ ਪੱਕੇ, ਧੀਰਜ ਵਾਲ਼ੇ,
ਤੋਰ ਨਾ ਛੱਡਣ, ਪੈਣ ਨਾ ਕਾਹਲ਼ੇ।
ਨਦੀਆਂ ਚਾਲ ਗੰਭੀਰ ਚੱਲਦੀਆਂ,
ਸ਼ਹੁ-ਸਾਗਰ ਵਿੱਚ ਜਾ ਰਲ਼ਦੀਆਂ।
ਥੰਮ੍ਹਣਾ, ਰੁਕਣਾ ਮੌਤ ਨਿਸ਼ਾਨੀ,
ਦਏ ਸੜ੍ਹਾਂਦ ਖੜੋਤਾ ਪਾਣੀ।
ਤੁਰਦੀ ਜਾਂਦੀ, ਤੁਰਦੀ ਜਾਂਦੀ।

ਇੱਕ-ਦੂਜੀ ਨੂੰ ਨਾਲ਼ ਰਲ਼ਾਂਦੀ।
ਇੱਕ ਇੱਧਰੋਂ ਇੱਕ ਅੱਗੋਂ ਆਵੇ,
ਇੱਕ-ਦੂਜੀ ਨੂੰ ਨਾ ਟਕਰਾਵੇ,
ਵਧਦੀ ਜਾਵੇ, ਵਧਦੀ ਜਾਵੇ।

ਜੇ ਹੱਥ ਆਇਆ, ਭਾਰਾ ਦਾਣਾ,
ਚਵ੍ਹਾਂ ਨੇ ਰਲ਼-ਮਿਲ਼ ਕੇ ਚਾਣਾ,
ਇੱਕ ਢੂੰਡੇ ਇੱਕ ਚੁੱਕ ਲਿਆਵੇ,
ਅਗਲੀ ਅਗਲੀ ਤੀਕ ਪੁਚਾਵੈ।
ਇੱਕ ਦੇ ਪਿੱਛੇ ਇੱਕ ਤੁਰੰਦੀ,
ਮਿਲ਼ਵਾਂ ਉੱਦਮ ਜਥੇਬੰਦੀ।

## ਅਰਦਾਸ

ਖੱਸ ਲੈ! ਤੇਰਾ ਹੀ ਹੈ ਸਾਮਾਨ, ਬੇਸ਼ੱਕ ਖੱਸ ਲੈ।
ਬਖ਼ਸ਼ਿਆ ਤੇਰਾ ਹੀ ਹੈ ਸਨਮਾਨ, ਬੇਸ਼ੱਕ ਖੱਸ ਲੈ।
ਸਿੰਚ ਕੇ ਲਹੂ ਜਿਗਰ ਦਾ, ਪਾਲ਼ਿਆ ਮੈਂ ਪੋਸਿਆ,
ਦਿਲ ਮਿਰੇ ਵਿੱਚ ਲੁਕਿਆ ਅਰਮਾਨ ਬੇਸ਼ੱਕ ਖੱਸ ਲੈ।

ਮਾਲਿਕਾ! ਸੰਸਾਰ ਤੇਰਾ ਸਵਰਗ ਨਾਲ਼ੋਂ ਘੱਟ ਨਹੀਂ,
ਮੌਜਾਂ, ਸੁਆਦਾਂ, ਐਸ਼ ਦੀ ਇਹ ਖਾਣ, ਬੇਸ਼ੱਕ ਖੱਸ ਲੈ।
ਜਾਣਨਾਂ ਮੈਂ ਜਨਮ ਇਹ ਉੱਤਮ ਚੁਰਾਸੀ ਲੱਖ ਤੋਂ,
ਬਖ਼ਸ਼ਿਆ ਜਾਮਾ ਤਿਰਾ ਇਨਸਾਨ ਬੇਸ਼ੱਕ ਖੱਸ ਲੈ।

ਮਾਣ ਹੈ ਮੈਨੂੰ ਮਿਰੀ ਜਾਦੂ-ਬਿਆਨੀ 'ਤੇ ਬੜਾ,
ਬੇਅਸਰ ਕਰ ਦੇ ਬੇਸ਼ੱਕ ਇਹ ਮਾਣ, ਬੇਸ਼ੱਕ ਖੱਸ ਲੈ।
ਹੁੱਜਤਾਂ, ਦਲੀਲਾਂ, ਫ਼ਲਸਫ਼ੇ, ਮਰਜ਼ਾਂ ਦਿਮਾਗ਼ੀ ਲੱਗੀਆਂ,
ਉਲਟ ਛੱਡ ਇਹ ਖੋਪਰੀ, ਸਭ ਗਿਆਨ, ਬੇਸ਼ੱਕ ਖੱਸ ਲੈ।

ਮੋਹ ਦੀਆਂ ਕੜੀਆਂ ਦੇ ਵਿੱਚ ਲੰਮੀ ਉਮਰ ਇੱਕ ਕੈਦ ਹੈ,
ਖੱਸ ਲੈ ਮੇਰੀ ਜਵਾਨੀ, ਪ੍ਰਾਣ ਬੇਸ਼ੱਕ ਖੱਸ ਲੈ।
ਇੱਕ ਬਖ਼ਸ਼ ਦੇ ਸਿਰਫ਼ ਇੱਕ, ਦੌਲਤ ਵਤਨ ਦੇ ਪਿਆਰ ਦੀ,
ਫਿਰ ਬੇਸ਼ੱਕ ਮਰਜ਼ੀ ਤਿਰੀ, ਜਿੰਦ-ਜਾਨ, ਬੇਸ਼ੱਕ ਖੱਸ ਲੈ।

## ਅਰਥਾਵਲੀ :

**ਤਾਂਘ** - ਇੱਛਾ, ਖਿੱਚ, ਚਾਹ। **ਭਿਣਕ** - ਖ਼ਬਰ, ਉੱਘ-ਸੁੱਘ, ਸੂਹ। **ਭੋਰਾ** - ਛੋਟਾ ਟੁਕੜਾ, ਕਿਣਕਾ। **ਔੜ-ਸੌੜ**-ਸੋਕਾ। **ਹਫਣਾ** - ਹੰਭਣਾ, ਥੱਕਣਾ। **ਹੁੱਟਿਆਂ** - ਥੱਕਿਆਂ ਹੋਇਆਂ ਨੂੰ। **ਗੰਭੀਰ** - ਧੀਰਜ ਵਾਲ਼ੀ, ਸੰਜੀਦਾ। **ਸ਼ਹੁ-ਸਾਗਰ** - ਮਹਾਂਸਾਗਰ। **ਖੱਸ ਲੈ** - ਖੋਹ ਲੈ। **ਜਾਦੂ - ਬਿਆਨੀ** - ਜਿਸ ਦੇ ਬਿਆਨ ਵਿੱਚ ਜਾਦੂ ਵਰਗਾ ਅਸਰ ਹੋਵੇ। **ਹੁੱਜਤਾਂ** - ਬਹਾਨਾ, ਬੇਮਤਲਬ ਦਲੀਲਬਾਜ਼ੀ। **ਫ਼ਲਸਫ਼ੇ** - ਦਰਸ਼ਨ-ਸ਼ਾਸਤਰ, ਮੰਤਕ।

## ਪਾਠ - ਅਭਿਆਸ

1. 'ਕੀੜੀ' ਕਵਿਤਾ ਰਾਹੀਂ ਕਵੀ ਆਪਣੇ ਪਾਠਕਾਂ ਨੂੰ ਕੀ ਸੁਨੇਹਾ ਦਿੰਦਾ ਹੈ? ਆਪਣੇ ਸ਼ਬਦਾਂ ਵਿੱਚ ਲਿਖੋ।
2. 'ਅਰਦਾਸ' ਕਵਿਤਾ ਦਾ ਕੇਂਦਰੀ ਭਾਵ ਲਿਖੋ।
3. 'ਅਰਦਾਸ' ਕਵਿਤਾ ਵਿੱਚ ਕਵੀ ਕਿਸ ਚੀਜ਼ ਦੀ ਮੰਗ ਕਰਦਾ ਹੈ?
4. ਹੇਠ ਲਿਖੇ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਧੁਨ ਦੇ ਪੱਕੇ, ਧੀਰਜ ਵਾਲ਼ੇ,
ਤੋਰ ਨਾ ਛੱਡਣ, ਪੈਣ ਨਾ ਕਾਹਲ਼ੇ।
ਨਦੀਆਂ ਚਾਲ ਗੰਭੀਰ ਚੱਲਦੀਆਂ,
ਸ਼ਹੁ-ਸਾਗਰ ਵਿੱਚ ਜਾ ਰਲ਼ਦੀਆਂ।
ਥੰਮ੍ਹਣਾ, ਰੁਕਣਾ ਮੌਤ ਨਿਸ਼ਾਨੀ,
ਦਏ ਸੜ੍ਹਾਂਦ ਖੜੋਤਾ ਪਾਣੀ।

(ਅ) ਮਾਲਿਕਾ! ਸੰਸਾਰ ਤੇਰਾ ਸਵਰਗ ਨਾਲ਼ੋਂ ਘੱਟ ਨਹੀਂ,
ਮੌਜਾਂ, ਸੁਆਦਾਂ, ਐਸ਼ ਦੀ ਇਹ ਖਾਣ, ਬੇਸ਼ੱਕ ਖੱਸ ਲੈ।

5. ਹੇਠ ਲਿਖੀਆਂ ਕਾਵਿ-ਸਤਰਾਂ ਦੀ ਵਿਆਖਿਆ ਕਰੋ :

(ੳ) ਇੱਕ ਢੂੰਡੇ ਇੱਕ ਚੁੱਕ ਲਿਆਵੇ,
ਅਗਲੀ ਅਗਲੀ ਤੀਕ ਪਹੁੰਚਾਵੇ।
ਇੱਕ ਦੇ ਪਿੱਛੇ ਇੱਕ ਤੁਰੰਦੀ,
ਮਿਲ਼ਵਾਂ ਉੱਦਮ ਜਥੇਬੰਦੀ।

(ਅ) ਹੁੱਜਤਾਂ, ਦਲੀਲਾਂ, ਫ਼ਲਸਫ਼ੇ, ਮਰਜ਼ਾਂ ਦਿਮਾਗ਼ੀ ਲੱਗੀਆਂ,
ਉੱਲਟ ਛੱਡ ਇਹ ਖੋਪਰੀ, ਸਭ ਗਿਆਨ, ਬੇਸ਼ੱਕ ਖੱਸ ਲੈ।

*ਗੁਰਮੁਖ ਸਿੰਘ ਮੁਸਾਫ਼ਿਰ ਪੰਜਾਬ ਦੇ ਮੁੱਖ ਮੰਤਰੀ ਵੀ ਰਹੇ। ਉਹਨਾਂ ਬਾਰੇ ਆਪਣੇ ਅਧਿਆਪਕ ਜੀ ਤੋਂ ਜਾਣਕਾਰੀ ਪ੍ਰਾਪਤ ਕਰੋ।*

# ਵਿਧਾਤਾ ਸਿੰਘ ਤੀਰ

(1901-1973)

ਵਿਧਾਤਾ ਸਿੰਘ ਤੀਰ ਦਾ ਜਨਮ ਪਿਤਾ ਸ. ਹੀਰਾ ਸਿੰਘ ਅਤੇ ਮਾਤਾ ਕਾਹਨੀ ਦੇਵੀ ਦੇ ਘਰ ਪਿੰਡ ਘਗਰੋਟ, ਜ਼ਿਲ੍ਹਾ ਰਾਵਲਪਿੰਡੀ (ਪਾਕਿਸਤਾਨ) ਵਿੱਚ 15 ਅਗਸਤ, 1901 ਈ: ਨੂੰ ਹੋਇਆ। ਭਾਵੇਂ ਆਪ ਨੂੰ ਬਾਕਾਇਦਾ ਵਿੱਦਿਆ-ਪ੍ਰਾਪਤੀ ਦਾ ਸੁਭਾਗ ਪ੍ਰਾਪਤ ਨਾ ਹੋਇਆ ਪਰ ਆਪ ਨੇ ਅਕਾਲੀ ਲਹਿਰ ਦੇ ਪ੍ਰਭਾਵ ਹੇਠ ਆ ਕੇ ਲਿਖਣਾ ਸ਼ੁਰੂ ਕੀਤਾ। ਵਿਧਾਤਾ ਸਿੰਘ ਤੀਰ ਕਵੀ-ਦਰਬਾਰਾਂ ਦੀ ਸ਼ਾਨ ਸਮਝੇ ਜਾਂਦੇ ਸਨ। ਆਪ ਨੇ ਬਹੁਤੀ ਧਾਰਮਿਕ ਅਤੇ ਸਟੇਜੀ ਕਵਿਤਾ ਲਿਖੀ। ਸਰਲਤਾ, ਸਪਸ਼ਟਤਾ ਤੇ ਸਾਦਗੀ ਆਪ ਦੀ ਕਾਵਿ-ਸ਼ੈਲੀ ਦੇ ਮੁੱਖ ਗੁਣ ਹਨ। ਤੀਰ ਜੀ ਦਾ ਦਿਹਾਂਤ 1973 ਈ. ਵਿੱਚ ਹੋਇਆ। ਆਪ ਜੀ ਦੀਆਂ ਮੁੱਖ ਕਾਵਿ-ਰਚਨਾਵਾਂ ਇਹ ਹਨ:- 'ਅਣਿਆਲੇ ਤੀਰ', 'ਨਵੇਂ ਨਿਸ਼ਾਨੇ', 'ਗੂੰਗੇ ਗੀਤ', 'ਕਾਲ ਕੂਕਾਂ', 'ਬੰਦਾ ਸਿੰਘ ਬਹਾਦਰ' ਅਤੇ 'ਦਸਮੇਸ਼ ਦਰਸ਼ਨ' ਆਦਿ।

## ਨਵੀਂ- ਪੁਰਾਣੀ ਤਹਿਜ਼ੀਬ

ਹੱਥ ਵੇਲਾ ਨਹੀਂ ਆਉਂਦਾ, ਹੱਥੋਂ ਜੋ ਗਵਾਚ ਗਿਆ,
ਉਹ ਜੋਬਨ ਨਹੀਂ ਮੁੜਦਾ, ਜੋ ਪੱਤਰਾ ਵਾਚ ਗਿਆ।
ਪਾਣੀ ਦਰਿਆਵਾਂ ਦੇ, ਇੱਕ ਵਾਰ ਜੋ ਵਹਿ ਗਏ ਹਨ,
'ਪਰਤਣ ਨਾ ਪੱਤਣਾਂ' 'ਤੇ ਇਹ ਦਾਨੇ ਕਹਿ ਗਏ ਹਨ।
ਤਦਬੀਰ ਲਿਆਵੇ ਕਿਵੇਂ, ਤਕਦੀਰ ਜੋ ਲੈ ਗਈ ਹੈ,
ਗੱਲਾਂ ਹਨ ਚੱਲੀਆਂ ਤਾਂ, ਗੱਲ ਕਰਨੀ ਪੈ ਗਈ ਹੈ।
ਤਹਿਜ਼ੀਬ ਗਵਾਈ ਨਹੀਂ, ਅਸਾਂ ਅਕਲ ਗਵਾ ਲਈ ਹੈ,
'ਕਪਲਾ ਗਊ' ਦੇ ਕੇ ਘਰੋਂ, ਇੱਕ ਖੋਤੀ ਵਟਾ ਲਈ ਹੈ।
ਦੁੱਧ ਪੀਣੋਂ ਰਹਿ ਗਏ ਹਾਂ, ਲਿੱਦ ਝੋਲ਼ੀ ਪਾ ਲਈ ਹੈ,
ਕੀ ਲਈ ਤਹਿਜ਼ੀਬ ਨਵੀਂ, ਗਲ਼ ਜ਼ਹਿਮਤ ਪਾ ਲਈ ਹੈ।
ਜੇ ਇਹ ਵੀ ਕਹਿ ਦੇਈਏ, ਮਾਸਾ ਨਹੀਂ ਝੂਠ ਕੁਈ,
ਰਿਸ਼ੀਆਂ ਦੇ ਚੌਂਕੇ ਵਿੱਚ, ਪੱਛਮ ਦੀ 'ਜੂਠ' ਕੁਈ।
ਆਈ ਅੱਗ ਲੈਣ ਲਈ, ਆ ਕੇ ਘਰ ਪਾ ਬੈਠੀ,
ਭਾਰਤ ਦਾ ਸਾਊਪੁਣਾ, ਸਭ ਰਿੰਨ੍ਹ ਕੇ ਖਾ ਬੈਠੀ।

ਜੋ ਅੱਜ ਤੀਕ ਨਹੀਂ ਆਖੀ, ਉਹ ਆਖੀ ਜਾਣੀ ਹੈ,
ਉਹ ਦੁੱਧ ਸੀ ਬਰਕਤ ਦਾ, ਇਹ ਫੁੱਟ ਦਾ ਪਾਣੀ ਹੈ।
ਉਹ ਜੀਵਨ ਦੇਂਦੀ ਸੀ, ਇਹ ਜੀਵਨ ਲੈਂਦੀ ਹੈ,
ਉਹ ਖਾਣ ਨੂੰ ਦੇਂਦੀ ਸੀ, ਇਹ ਖਾਣ ਨੂੰ ਪੈਂਦੀ ਹੈ।
ਉਹ ਬਾਂਹ ਬਣਾਂਦੀ ਸੀ, ਇਹ ਬਾਂਹਵਾਂ ਭੰਨਦੀ ਹੈ,
ਉਹ ਭੋਲ਼ੀ-ਭਾਲ਼ੀ ਸੀ, ਇਹ ਚੰਚਲ ਮਨ ਦੀ ਹੈ।
ਉਹ ਵੀਰ ਮਨਾਂਦੀ ਸੀ, ਇਹ ਵੀਰ ਲੜਾਂਦੀ ਹੈ,
ਉਹ ਛਾਂਵੇਂ ਸੁੱਟਦੀ ਸੀ, ਇਹ ਸੁੱਕਣੇ ਪਾਂਦੀ ਹੈ।
ਉਸ ਵਿੱਚ ਇੱਕ ਕਰਦਾ ਸੀ, ਸਭ ਟੱਬਰ ਖਾਂਦਾ ਸੀ,
ਸੀ ਸਮੇਂ ਆਜ਼ਾਦੀ ਦੇ, ਹਿੰਦ 'ਢੋਲੇ ਗਾਂਦਾ ਸੀ'।
ਇਸ ਵਿੱਚ ਮਰ-ਮਰ ਕੇ ਵੀ, ਸਭ ਭੁੱਖੇ ਮਰਦੇ ਹਨ,
ਹਉਕੇ ਦਿਨ ਰਾਤ ਭਰਨ, ਪਰ ਪੇਟ ਨਾ ਭਰਦੇ ਹਨ।
ਕਿਰਤੀ ਦੀ ਛਾਤੀ 'ਤੇ ਇਹ ਮੂੰਗ ਪਈ ਦਲ਼ਦੀ ਹੈ,
ਰੱਤ ਪੀ-ਪੀ ਲਿੱਸਿਆਂ ਦੀ, ਇਹਦੀ ਗੋਗੜ ਪਲ਼ਦੀ ਹੈ।
ਬਿਜਲੀ ਦੇ ਲਾਟੂ ਜੋ, ਇਸ ਦੇ ਘਰ ਜਗਦੇ ਹਨ,
ਉਹ ਨੈਣ ਗ਼ਰੀਬਾਂ ਦੇ ਕੱਢੇ ਹੋਏ ਲੱਗਦੇ ਹਨ।
ਖੱਲ ਲਾਹ-ਲਾਹ ਲੋਕਾਂ ਦੀ, ਇਹ ਸੂਟ ਸਿਵਾਉਂਦੀ ਹੈ,
ਪੀਹ-ਪੀਹ ਮਜ਼ਦੂਰਾਂ ਨੂੰ ਇਹ ਪਾਊਡਰ ਲਾਉਂਦੀ ਹੈ।
ਆ ਕੇ ਇਸ ਚੰਦਰੀ ਨੇ, ਹੋਣੀ ਵਰਤਾ ਦਿੱਤੀ,
ਲਾਲੀ ਸਭ ਭਾਰਤ ਦੀ, ਢੰਗ ਨਾਲ਼ ਉੱਡਾ ਦਿੱਤੀ।
ਪਿਛਲੇ ਵਰਿਆਮਾਂ ਦੇ, ਹੁਣ 'ਨਾਂਵੇਂ' ਰਹਿ ਗਏ ਹਨ,
ਅੱਜ-ਕੱਲ੍ਹ ਦੇ ਗੱਭਰੂ ਤਾਂ, ਪਰਛਾਂਵੇਂ ਰਹਿ ਗਏ ਹਨ।
ਪੈਲ਼ੀ ਦੀ ਵਾਟ ਕਰਨ, ਤਾਂ ਕੋਠੀ ਹੱਲਦੀ ਹੈ,
ਮੂੰਗੀ ਦੀ ਦਾਲ਼ ਪਈ, ਨਾ ਢਿੱਡ ਵਿੱਚ ਗਲ਼ਦੀ ਹੈ।
ਇਹ ਬਿਜਲੀ ਕੜਕ ਪਈ, ਭਾਰਤ ਦੇ ਵੇਸਾਂ 'ਤੇ,
ਇਸ ਕੈਂਚੀ ਧਰ ਦਿੱਤੀ, ਕੁੜੀਆਂ ਦਿਆਂ ਕੇਸਾਂ 'ਤੇ।
ਕੀ ਹੈ ਤਹਿਜ਼ੀਬ ਨਵੀਂ, ਟਿੱਕਾ ਬਦਨਾਮੀ ਦਾ,
ਹਿੰਦ ਦੇ ਗਲ਼ ਲਟਕ ਰਿਹਾ, ਇੱਕ ਤੌਕ ਗ਼ੁਲਾਮੀ ਦਾ।

## ਨੌਜਵਾਨ ਹਿੰਦੀ ਨੂੰ

ਪਰਵਾਨਾ ਬਣ ਕੇ ਦੱਸ ਤੂੰ, ਹਿੰਦੁਸਤਾਨ ਦਾ।
ਡੰਕਾ ਵਜਾ ਦੇ ਸ਼ੇਰਾ ਤੂੰ, ਭਾਰਤ ਦੀ ਸ਼ਾਨ ਦਾ।

ਭਾਰਤ ਲਈ ਸ਼ਹੀਦ ਜੇ, ਲੜਦਾ ਵੀ ਹੋ ਗਿਓਂ,
ਤਾਰਾ ਬਣੇਂਗਾ ਜਗਤ 'ਤੇ, ਫਿਰ ਆਸਮਾਨ ਦਾ।

ਓ ਨੌਜਵਾਨਾ ! ਅੱਖ ਹੈ, ਤੇਰੇ 'ਤੇ ਦੇਸ ਦੀ,
ਰਾਖਾ ਹੈਂ ਦੇਸ ਦਾ ਅਤੇ ਕੌਮੀ ਨਿਸ਼ਾਨ ਦਾ।

ਸੂਰਾ ਹੈਂ ਤੇਰੀ ਜੱਗ ਨੂੰ, ਪਤਾ ਬਹਾਦਰੀ,
ਪੂਰਾ ਹੈਂ ਤੂੰ ਜ਼ਬਾਨ ਦਾ ਤੇ ਅਣਖ,ਆਨ ਦਾ।

ਜੋ ਦੇਸ ਤੇਰੇ ਵੱਲ, ਲਾਲਚੀ ਹੋ ਮੂੰਹ ਕਰੇ।
ਮੂੰਹ ਫੇਰ ਦੇ ਤੂੰ ਅਣਖੀਆ, ਐਸੇ ਸ਼ੈਤਾਨ ਦਾ।

ਬਣਾ ਦੇ ਦੇਸ ਆਪਣਾ, ਸੁਰਗਾਪੁਰੀ ਜਿਹਾ।
ਭਾਰਤ ਸਦਾਵੇ ਜੱਗ 'ਤੇ, ਸੂਰਜ ਜਹਾਨ ਦਾ।

ਹੈ ਕੌਣ ਜੋ ਲੋਹਾ ਲਏ, ਤੇਰੇ ਆ ਸਾਮ੍ਹਣੇ?
ਦੁਨੀਆ ਹੈ ਲੋਹਾ ਮੰਨਦੀ, ਹਿੰਦੀ ਜਵਾਨ ਦਾ।

### ਅਰਥਾਵਲੀ :

**ਪੱਤਰਾ ਵਾਚ ਗਿਆ** - ਬੀਤ ਗਿਆ। **ਦਾਨੇ** - ਸਿਆਣੇ। **ਤਦਬੀਰ** - ਤਰਕੀਬ, ਯਤਨ। **ਤਕਦੀਰ** - ਕਿਸਮਤ। **ਤਹਿਜ਼ੀਬ** - ਸੱਭਿਅਤਾ। **ਕਪਲਾ ਗਊ** - ਇੱਕ ਗਊ ਜੋ ਮਨ-ਚਿਤਵੇ ਪਦਾਰਥ ਦਿੰਦੀ ਸੀ। **ਜ਼ਹਿਮਤ** - ਰੋਗ, ਬਿਮਾਰੀ, ਦੁੱਖ। **ਬਰਕਤ** - ਵਾਧਾ। **ਵਰਿਆਮ** - ਸੂਰਮਾ, ਬਹਾਦਰ। **ਤੌਂਕ** - ਗਲ਼-ਬੰਧਨ, ਪਟਾ। **ਪਰਵਾਨਾ** - ਪਤੰਗਾ। **ਡੰਕਾ ਵਜਾਉਣਾ** - ਮਸ਼ਹੂਰ ਕਰਨਾ, ਪ੍ਰਸਿੱਧੀ ਕਰਨੀ। **ਜ਼ਬਾਨ** - ਵਚਨ, ਕਰਾਰ, ਬੋਲ। **ਸ਼ੈਤਾਨ** - ਸ਼ਰਾਰਤੀ। **ਸੁਰਗਾਪੁਰੀ** - ਸੁਰਗਾਂ ਵਰਗੀ ਥਾਂ। **ਲੋਹਾ ਲੈਣਾ** - ਟੱਕਰ ਲੈਣੀ, ਮੁਕਾਬਲਾ ਕਰਨਾ। **ਲੋਹਾ ਮੰਨਣਾ** - ਈਨ ਮੰਨਣਾ, ਦਾਬਾ ਮੰਨਣਾ।

# ਪਾਠ - ਅਭਿਆਸ

1. 'ਨਵੀਂ-ਪੁਰਾਣੀ ਤਹਿਜ਼ੀਬ' ਕਵਿਤਾ ਦਾ ਕੇਂਦਰੀ ਭਾਵ ਲਿਖੋ ।
2. ਕਵੀ ਨੇ ਨਵੀਂ ਤਹਿਜ਼ੀਬ ਨਾਲ਼ੋਂ ਪੁਰਾਣੀ ਤਹਿਜ਼ੀਬ ਨੂੰ ਬਿਹਤਰ ਸਮਝਦਿਆਂ ਕਿਹੜੀਆਂ-ਕਿਹੜੀਆਂ ਸਿਫ਼ਤਾਂ ਕੀਤੀਆਂ ਹਨ? ਆਪਣੇ ਸ਼ਬਦਾਂ ਵਿੱਚ ਲਿਖੋ।
3. 'ਨੌਜਵਾਨ ਹਿੰਦੀ ਨੂੰ' ਕਵਿਤਾ ਦਾ ਕੇਂਦਰੀ ਭਾਵ ਲਿਖੋ।
4. ਜੋ ਵਿਅਕਤੀ ਭਾਰਤ ਲਈ ਲੜਦਾ ਹੋਇਆ ਸ਼ਹੀਦ ਹੋ ਜਾਂਦਾ ਹੈ, ਕਵੀ ਅਨੁਸਾਰ ਉਹ ਜਗਤ 'ਤੇ ਕੀ ਬਣਦਾ ਹੈ?
5. ਹੇਠ ਲਿਖੇ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

   (ੳ) ਪਿਛਲੇ ਵਰਿਆਮਾਂ ਦੇ ਹੁਣ 'ਨਾਂਵੇਂ' ਰਹਿ ਗਏ ਹਨ,
   ਅੱਜ-ਕੱਲ੍ਹ ਦੇ ਗੱਭਰੂ ਤਾਂ, ਪਰਛਾਂਵੇਂ ਰਹਿ ਗਏ ਹਨ।

   (ਅ) ''ਕਿਰਤੀ ਦੀ ਛਾਤੀ 'ਤੇ ਇਹ ਮੂੰਗ ਪਈ ਦਲ਼ਦੀ ਹੈ,
   ਰੱਤ ਪੀ-ਪੀ ਲਿੱਸਿਆਂ ਦੀ ਇਹਦੀ ਗੋਗੜ ਪਲ਼ਦੀ ਹੈ।''

6. ਹੇਠ ਲਿਖੀਆਂ ਕਾਵਿ-ਸਤਰਾਂ ਦੀ ਵਿਆਖਿਆ ਕਰੋ :

   (ੳ) ਸੂਰਾ ਹੈਂ ਤੇਰੀ ਜੱਗ ਨੂੰ, ਪਤਾ ਬਹਾਦਰੀ,
   ਪੂਰਾ ਹੈਂ ਤੂੰ ਜ਼ਬਾਨ ਦਾ, ਤੇ ਅਣਖ, ਆਨ ਦਾ।

   (ਅ) ਹੈ ਕੌਣ ਜੋ ਲੋਹਾ ਲਏ ਤੇਰੇ ਆ ਸਾਮ੍ਹਣੇ?
   ਦੁਨੀਆ ਹੈ ਲੋਹਾ ਮੰਨਦੀ, ਹਿੰਦੀ ਜਵਾਨ ਦਾ।

*ਅਜੋਕੇ ਸੰਦਰਭ ਵਿੱਚ ਨਵੀਂ ਅਤੇ ਪੁਰਾਣੀ ਸੱਭਿਅਤਾ ਦੇ ਗੁਣ-ਔਗੁਣ ਪ੍ਰਗਟਾਉਂਦਾ ਚਾਰਟ ਤਿਆਰ ਕਰੋ।*

# ਪ੍ਰੋ. ਮੋਹਨ ਸਿੰਘ

(1905-1978)

ਪ੍ਰੋ. ਮੋਹਨ ਸਿੰਘ ਦਾ ਜਨਮ ਹੋਤੀ ਮਰਦਾਨ (ਪਾਕਿਸਤਾਨ) ਵਿਖੇ ਪਿਤਾ ਡਾ. ਜੋਧ ਸਿੰਘ ਦੇ ਘਰ ਮਾਤਾ ਭਾਗਵੰਤੀ ਦੀ ਕੁੱਖੋਂ 1905 ਈ: ਨੂੰ ਹੋਇਆ। ਆਪ ਦਾ ਜੱਦੀ ਪਿੰਡ ਧਮਿਆਲ, ਜ਼ਿਲ੍ਹਾ ਰਾਵਲਪਿੰਡੀ (ਪਾਕਿਸਤਾਨ) ਸੀ। ਆਪ ਅੰਮ੍ਰਿਤਸਰ ਅਤੇ ਪਟਿਆਲ਼ਾ ਦੇ ਖ਼ਾਲਸਾ ਕਾਲਜਾਂ ਵਿੱਚ ਪ੍ਰੋਫ਼ੈਸਰ ਵੀ ਰਹੇ। ਆਪ ਨੇ 'ਪੰਜ ਦਰਿਆ' ਨਾਂ ਦਾ ਮਾਸਿਕ ਪੱਤਰ ਵੀ ਜਾਰੀ ਕੀਤਾ।

ਪ੍ਰੋ. ਮੋਹਨ ਸਿੰਘ ਨੇ ਪਹਿਲਾਂ ਕੇਵਲ ਰੁਮਾਂਟਿਕ ਕਵਿਤਾਵਾਂ ਲਿਖੀਆਂ ਤੇ ਫੇਰ ਉਹਨਾਂ ਨੇ ਲੋਕਾਂ ਦੇ ਦੁੱਖਾਂ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾਇਆ। ਉਹਨਾਂ ਦਾ ਪਹਿਲਾ ਕਾਵਿ-ਸੰਗ੍ਰਹਿ 'ਸਾਵੇ ਪੱਤਰ' ਸੀ। ਫੇਰ ਉਹਨਾਂ ਨੇ 'ਕਸੁੰਭੜਾ', 'ਅਧਵਾਟੇ', 'ਕੱਚ ਸੱਚ', 'ਆਵਾਜ਼ਾਂ', 'ਵੱਡਾ ਵੇਲਾ', 'ਜੰਦਰੇ', 'ਜੈ ਮੀਰ' ਅਤੇ 'ਬੂਹੇ' ਕਾਵਿ-ਸੰਗ੍ਰਹਿ ਪੰਜਾਬੀ ਸਾਹਿਤ ਨੂੰ ਦਿੱਤੇ। 'ਏਸ਼ੀਆ ਦਾ ਚਾਨਣ' (ਅਨੁਵਾਦ) ਅਤੇ 'ਨਾਨਕਾਇਣ' ਮਹਾਂਕਾਵਿ ਵੀ ਲਿਖੇ। 'ਵੱਡਾ ਵੇਲਾ' ਨੂੰ ਸਾਹਿਤ ਅਕਾਦਮੀ ਦਿੱਲੀ ਪੁਰਸਕਾਰ ਅਤੇ 'ਜੈ ਮੀਰ' ਨੂੰ 'ਸੋਵੀਅਤ ਲੈਂਡ ਨਹਿਰੂ ਪੁਰਸਕਾਰ ਪ੍ਰਾਪਤ ਹੋਏ। ਪ੍ਰੋ. ਮੋਹਨ ਸਿੰਘ ਨੂੰ ਆਧੁਨਿਕ ਕਾਲ ਦਾ ਯੁੱਗ-ਕਵੀ ਕਰ ਕੇ ਜਾਣਿਆ ਜਾਂਦਾ ਹੈ।

## ਅੱਗਿਉਂ ਅੱਗੇ ਚੱਲਣਾ

ਅਸਾਂ ਤੇ ਹੁਣ ਅੱਗਿਉਂ ਅੱਗੇ ਚੱਲਣਾ,
ਅਸਾਂ ਨਾ ਹੁਣ ਕਿਸੇ ਪੜਾਅ ਢਲਣਾ।

ਰਿਹਾ ਨਾ ਜਦ ਲਾਂਭ-ਚਾਂਭ ਤੱਕਣਾ,
ਸਾਨੂੰ ਕੀ ਫਿਰ ਸੋਨ-ਮ੍ਰਿਗਾਂ ਛਲਣਾ।

ਅਸਾਂ ਤੇ ਸੱਤੇ ਸਾਗਰ ਟੱਪ ਜਾਣਾ,
ਅਸਾਂ ਤੇ ਪੈਰੀਂ ਤਾਰਿਆਂ ਨੂੰ ਮਲਣਾ।

ਅਸਾਂ ਤੇ ਅਜੇ ਹੋਰ ਉਤਾਂਹ ਚੜ੍ਹਨਾ।
ਅਸਾਂ ਤੇ ਸੀਨਾ ਗਗਨਾਂ ਦਾ ਸੱਲਣਾ।
ਅਸਾਂ ਤੇ ਲਾ ਪਿਆਰ-ਖੰਭ ਉੱਡਣਾ।
ਸਾਨੂੰ ਕੀ ਇਸ ਧਰਤ-ਅੰਬਰ ਵਲਣਾ।

ਅਸਾਂ ਨਹੀਂ ਹੁਣ ਹੋਣੀਆਂ ਤੋਂ ਰੁਕਣਾ,
ਸਾਨੂੰ ਕੀ ਇਸ ਲੋਕ-ਲਾਜ ਠੱਲ੍ਹਣਾ।

ਅਜੇ ਤਾਂ ਇੱਕੋ ਚਿਣਗ ਲੱਗੀ ਸਾਨੂੰ,
ਅਜੇ ਤਾਂ ਅਸਾਂ ਭਾਂਬੜ ਬਣ ਬਲਣਾ।

ਅਜੇ ਤਾਂ ਇੱਕੋ ਬੂੰਦ ਮਿਲ਼ੀ ਸਾਨੂੰ,
ਅਜੇ ਤਾਂ ਅਸੀਂ ਪਿਆਲਿਆਂ 'ਤੇ ਪਲਣਾ।

ਅਸਾਂ ਤਾਂ ਹੁਣ ਅੱਗਿਉਂ ਅੱਗੇ ਚੱਲਣਾ,
ਅਸਾਂ ਨਾ ਹੁਣ ਕਿਸੇ ਪੜਾਅ ਢਲਣਾ।

## ਗੁਰੂ ਨਾਨਕ ਨੂੰ

ਆ ਬਾਬਾ ਤੇਰਾ ਵਤਨ ਹੈ, ਵੀਰਾਨ ਹੋ ਗਿਆ,
ਰੱਬ ਦੇ ਘਰਾਂ ਦਾ ਰਾਖਾ, ਮੁੜ ਸ਼ੈਤਾਨ ਹੋ ਗਿਆ।

'ਕਲਯੁਗ' ਹੈ ਰਥ ਅਗਨ ਦਾ, ਤੂੰ ਆਪ ਆਖਿਆ,
ਮੁੜ ਕੂੜ ਓਸ ਰਥ ਦਾ, ਰਥਵਾਨ ਹੋ ਗਿਆ।

ਜੋ ਖ਼ਾਬ ਸੀ ਤੂੰ ਦੇਖਿਆ, ਵਣ ਥੱਲੇ ਸੁੱਤਿਆਂ,
ਸੋਹਣਾ ਉਹ ਤੇਰਾ ਖ਼ਾਬ, ਪਰੇਸ਼ਾਨ ਹੋ ਗਿਆ।

ਉਹ ਮੱਚੇ ਤੇਰੇ ਦੇਸ ਦੀ, ਹਿੱਕ 'ਤੇ ਅਲੰਬੜੇ,
ਪੰਜ-ਪਾਣੀਆਂ ਦਾ ਪਾਣੀ ਵੀ, ਹੈਰਾਨ ਹੋ ਗਿਆ।

ਉਹ ਝੁੱਲੀਆਂ ਤੇਰੇ ਦੇਸ 'ਤੇ, ਮਾਰੂ ਹਨੇਰੀਆਂ,
ਉੱਡ ਕੇ ਅਸਾਡਾ ਆਹਲਣਾ, ਕੱਖ਼-ਕਾਨ ਹੋ ਗਿਆ।
ਜੁੱਗਾਂ ਦੀ ਸਾਂਝੀ ਸੱਭਿਤਾ ਪੈਰੀਂ ਲਿਤੜ ਗਈ,
ਸਦੀਆਂ ਦੇ ਸਾਂਝੇ ਖ਼ੂਨ ਦਾ ਵੀ ਨ੍ਹਾਣ ਹੋ ਗਿਆ।

ਵੰਡ ਬੈਠੇ ਤੇਰੇ ਪੁੱਤ ਨੇ, ਸਾਂਝੇ ਸਵਰਗ ਨੂੰ,
ਵੰਡਿਆ ਸਵਰਗ, ਨਰਕ ਦਾ ਸਮਿਆਨ ਹੋ ਗਿਆ।

ਓਧਰ ਧਰਮ-ਗ੍ਰੰਥਾਂ ਤੇ ਮੰਦਰਾਂ ਦਾ ਜਸ ਗਿਆ,
ਏਧਰ ਮਸੀਤੋਂ ਬਾਹਰ ਹੈ ਕੁਰਆਨ ਹੋ ਗਿਆ।

ਹਿੰਦਵਾਣੀਆਂ, ਤੁਰਕਾਣੀਆਂ ਦੋਂਹਾਂ ਦੀ ਪੱਤ ਗਈ,
ਬੁਰਕੇ ਸੰਧੂਰ ਦੋਂਹਾਂ ਦਾ ਅਪਮਾਨ ਹੋ ਗਿਆ।

ਇੱਕ ਪਾਸੇ ਪਾਕ, ਪਾਕੀ, ਪਾਕਿਸਤਾਨ ਹੋ ਗਿਆ,
ਇੱਕ ਪਾਸੇ ਹਿੰਦੂ, ਹਿੰਦੀ, ਹਿੰਦੁਸਤਾਨ ਹੋ ਗਿਆ।

ਇੱਕ ਸੱਜੀ ਤੇਰੀ ਅੱਖ ਸੀ, ਇੱਕ ਖੱਬੀ ਤੇਰੀ ਅੱਖ,
ਦੋਂਹਾਂ ਅੱਖਾਂ ਦਾ, ਹਾਲ ਤੇ ਨੁਕਸਾਨ ਹੋ ਗਿਆ।

ਕੁਝ ਐਸਾ ਕੁਫ਼ਰ ਤੋਲਿਆ, ਈਮਾਨ ਵਾਲ਼ਿਆਂ,
ਕਿ ਕੁਫ਼ਰ ਤੋਂ ਵੀ ਹੌਲ਼ਾ, ਹੈ ਈਮਾਨ ਹੋ ਗਿਆ।

ਮੁੜ ਮੈਦੇ ਬਾਸਮਤੀਆਂ ਦਾ, ਆਦਰ ਹੈ ਵਧਿਆ,
ਮੁੜ ਕੋਧਰੇ ਦੀ ਰੋਟੀ ਦਾ, ਅਪਮਾਨ ਹੋ ਗਿਆ।

ਮੁੜ ਭਾਗੋਆਂ ਦੇ ਚਾਦਰੀਂ, ਛਿੱਟੇ ਨੇ ਖ਼ੂਨ ਦੇ,
ਮੁੜ ਲਾਲੋਆਂ ਦੇ ਖ਼ੂਨ ਦਾ, ਨੁਚੜਾਨ ਹੋ ਗਿਆ।

ਫਿਰ ਉੱਚਿਆਂ ਦੇ ਮਹਿਲਾਂ 'ਤੇ ਸੋਨਾ ਮੜ੍ਹੀ ਰਿਹਾ,
ਫਿਰ ਨੀਵਿਆਂ ਦੀ ਕੁੱਲੀ ਦਾ ਵੀ, ਵਾਹਣ ਹੋ ਗਿਆ।

'ਉਸ ਸੂਰ ਓਸ ਗਾਊ ਦਾ ਹੱਕ-ਨਾਹਰਾ ਲਾਇਆ ਤੂੰ,
ਇਹ ਹੱਕ ਪਰ ਨਿਹੱਕ ਤੋਂ, ਕੁਰਬਾਨ ਹੋ ਗਿਆ।

ਮੁੜ ਗਾਉਣੇ ਪਏ ਨੇ ਮੈਨੂੰ, ਸੋਹਲੇ ਖ਼ੂਨ ਦੇ,
ਪਾ-ਪਾ ਕੇ ਕੰਗੂ ਰੱਤ ਦਾ, ਰਤਲਾਣ ਹੋ ਗਿਆ।

ਤੂੰ ਰੱਬ ਨੂੰ ਵੰਗਾਰਿਆ, ਤੈਨੂੰ ਵੰਗਾਰਾਂ ਮੈਂ,
'ਆਇਆ ਨਾ ਤੈਂ ਕੀ ਦਰਦ, ਏਨਾ ਘਾਣ ਹੋ ਗਿਆ?'

## ਜੱਟੀਆਂ ਦਾ ਗੀਤ

ਘੋੜੀ ਤੇਰੀ ਗਲ਼ ਚਾਂਦੀ ਦੇ ਘੁੰਗਰੂ,
ਸਾਡੀਆਂ ਸੁੱਥਣਾਂ ਨੂੰ ਭੱਖੜਾ ਵੇ ਹੋ!
ਨਾ ਸਾਡੀ ਵਾੜੀ ਤੇ ਨਾ ਸਾਡੇ ਵਾੜੇ।
ਨਾ ਤਨ ਕੱਜਣੇ ਨੂੰ ਕੱਪੜਾ ਵੇ ਹੋ!

ਗੋਰੀ ਤੇਰੀ ਝੂਟੇ ਪੱਟ ਦੀਆਂ ਲਾਸਾਂ,
ਹੇਠ ਸੋਨੇ ਦਾ ਪੱਟੜਾ ਵੇ ਹੋ!
ਪੈਰ-ਨਹੁੰਆਂ ਉੱਤੇ ਚੰਨ ਮਹਿੰਦੀ ਦੇ
ਖੁੱਚੀਂ ਅਸਾਡੀਂ ਘੱਟੜਾ ਵੇ ਹੋ!

ਗੋਰੀ ਤੇਰੀ ਬੈਠੀ ਮਹਿਲ ਦੀ ਬਾਰੀ,
ਬਾਂਹੀਂ ਚੂੜਾ ਰੱਤੜਾ ਵੇ ਹੋ!
ਕੋਠਾ ਇੱਕ ਬਰਾਤ ਅਸਾਡੀ
ਉਹ ਵੀ ਕੱਚੜਾ ਤੇ ਢੱਠੜਾ ਵੇ ਹੋ!
ਰੋਹੀਆਂ ਵਿੱਚ ਅਸੀਂ ਨਿੰਮੀਏ, ਜੰਮੀਏ
ਦਾਸ ਤੇਰਾ ਸਾਡਾ ਨੱਢੜਾ ਵੇ ਹੋ!

ਮੈਦਾ ਖਾਵੇਂ ਪੱਟ ਹੰਢਾਵੇਂ,
ਫਿਰ ਵੀ ਕਰੇਂ ਸੈ ਨਖ਼ਰਾ ਵੇ ਹੋ!
ਜੰਮਦਿਆਂ ਹੀ ਚਾਅ ਮਰਨ ਅਸਾਡੇ
ਇੱਕ ਵੀ ਹੋਏ ਨਾ ਵੱਡੜਾ ਵੇ ਹੋ!
ਵਾਹੀਏ, ਬੀਜੀਏ, ਸਿੰਜੀਏ, ਵੱਢੀਏ
ਗਾਹੀਏ ਤੇ ਕਰੀਏ 'ਕੱਠੜਾ ਵੇ ਹੋ!
ਆਵੇਂ ਤੇ ਸਭ ਹੂੰਝ ਲਿਜਾਵੇਂ
ਮੁੱਢ ਤੋਂ ਏਹੋ ਝਗੜਾ ਵੇ ਹੋ!

ਦਿਲ ਸਾਡਾ ਹੁਣ ਭਰਦਾ ਸ਼ਾਹਦੀ,
ਮੁੱਕਣ ਵਾਲ਼ਾ ਇਹ ਝਗੜਾ ਵੇ ਹੋ!
ਤਗੜਿਆਂ ਹੋਣਾ ਖਵਾਰ ਤੇ ਖੱਜਲ
ਮਾੜਿਆਂ ਹੋਣਾ ਤਗੜਾ ਵੇ ਹੋ।

ਪਾਟੀ ਕਿਰਤ ਨੇ ਇੱਕ ਮੁੱਠ ਹੋਣਾ
ਬਣ ਜਾਣਾ ਇੱਕ ਝੱਖੜਾ ਵੇ ਹੋ!
ਘੋੜੀ ਤੇਰੀ ਦੇ ਉੱਡਣੇ ਘੁੰਗਰੂ,
ਗੋਰੀ ਦਾ ਚੂੜਾ ਰੱਤੜਾ ਵੇ ਹੋ!

ਤੀਲੀਆਂ ਰਲ਼ ਕੇ ਬਹੁਕਰ ਬਣਨਾ,
ਹੂੰਝ ਦੇਣਾ ਕੱਖ ਕੰਡੜਾ ਵੇ ਹੋ!
ਖਵਾਰ ਹੋਏ ਸਭ ਮਿਲ਼ਣਗੇ ਆਖ਼ਰ
ਆਕੀਆਂ ਨੂੰ ਕਰ ਤਗੜਾ ਵੇ ਹੋ।

## ਅਰਥਾਵਲੀ :

**ਪੜਾਅ** - ਠਹਿਰਨ ਦੀ ਥਾਂ, ਮੰਜ਼ਲ। **ਛਲਣਾ** - ਧੋਖਾ ਦੇਣਾ। **ਸੱਲਣਾ** - ਛੇਕ ਕਰਨਾ, ਮੋਰੀ ਕਰਨੀ। **ਵੀਰਾਨ** - ਉਜਾੜ। **ਰਥਵਾਨ** - ਰੱਥ ਨੂੰ ਚਲਾਉਣ ਵਾਲ਼ਾ। **ਖ਼ਾਬ** - ਸੁਪਨਾ। **ਉਲੰਬੜੇ** - ਅੱਗ ਦੇ ਭਾਂਬੜ। **ਸਮਿਆਨ** - ਸਮਾਨ। **ਪੱਤ** - ਇੱਜ਼ਤ। **ਪਾਕ** - ਪਵਿੱਤਰ। **ਕੁਫ਼ਰ** - ਝੂਠ। **ਈਮਾਨ** - ਧਰਮ। **ਕੰਗੂ** - ਸੰਧੂਰ। **ਘਾਣ** - ਕੱਟ-ਵੱਢ। **ਕੱਜਣੇ** - ਢਕਣੇ। **ਪੱਟ** - ਰੇਸ਼ਮ। **ਲਾਸਾਂ** - ਲੱਜਾਂ। **ਨੱਢੜਾ** - ਜੁਆਨ ਮੁੰਡਾ, ਗੱਭਰੂ। **ਸ਼ਾਹਦੀ** - ਗੁਆਹੀ। **ਆਕੀ** - ਬਾਗ਼ੀ, ਰਾਜ-ਵਿਰੋਧੀ।

## ਪਾਠ - ਅਭਿਆਸ

1. 'ਅੱਗਿਉਂ ਅੱਗੇ ਚੱਲਣਾ' ਕਵਿਤਾ ਵਿੱਚ ਕਵੀ ਕੀ ਸੁਨੇਹਾ ਦਿੰਦਾ ਹੈ?
2. 'ਗੁਰੂ ਨਾਨਕ ਨੂੰ' ਕਵਿਤਾ ਵਿੱਚ 'ਕੋਧਰੇ ਦੀ ਰੋਟੀ' ਕਿਸ ਚੀਜ਼ ਦਾ ਪ੍ਰਤੀਕ ਹੈ?
3. 'ਗੁਰੂ ਨਾਨਕ ਨੂੰ' ਕਵਿਤਾ ਦੀ ਅਜੋਕੇ ਸੰਦਰਭ ਵਿੱਚ ਮਹੱਤਤਾ ਬਿਆਨ ਕਰੋ।
4. 'ਗੁਰੂ ਨਾਨਕ ਨੂੰ' ਕਵਿਤਾ ਦਾ ਕੇਂਦਰੀ ਭਾਵ ਲਿਖੋ।
5. 'ਜੱਟੀਆਂ ਦਾ ਗੀਤ' ਕਵਿਤਾ ਦਾ ਕੇਂਦਰੀ ਭਾਵ ਲਿਖੋ।
6. 'ਜੱਟੀਆਂ ਦਾ ਗੀਤ' ਵਿੱਚ ਕਵੀ ਜੱਟੀਆਂ ਨੂੰ ਕਿਸ ਗੱਲੋਂ ਤੇ ਕਿਵੇਂ ਸੁਚੇਤ ਕਰਦਾ ਹੈ?
7. 'ਜੱਟੀਆਂ ਦਾ ਗੀਤ' ਨਾਮੀ ਗੀਤ ਵਿੱਚ ਸਮਾਜ ਦੀਆਂ ਕਿਹੜੀਆਂ ਦੋ ਸ਼੍ਰੇਣੀਆਂ ਦਾ ਚਿੱਤਰ ਪੇਸ਼ ਕੀਤਾ ਹੈ? ਉਹਨਾਂ ਦੋਂਹਾਂ ਸ਼੍ਰੇਣੀਆਂ ਵਿਚਲੇ ਪਾੜੇ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।
8. ਹੇਠ ਲਿਖੇ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਵਾਹੀਏ, ਬੀਜੀਏ, ਸਿੰਜੀਏ, ਵੱਢੀਏ
ਗਾਹੀਏ ਤੇ ਕਰੀਏ 'ਕੱਠੜਾ ਵੇ ਹੋ!
ਆਵੇਂ ਤੇ ਸਭ ਹੂੰਝ ਲਿਜਾਵੇਂ,
ਮੁੱਢ ਤੋਂ ਏਹੋ ਝਗੜਾ ਵੇ ਹੋ!

(ਅ) ਵੰਡ ਬੈਠੇ ਤੇਰੇ ਪੁੱਤ ਨੇ, ਸਾਂਝੇ ਸਵਰਗ ਨੂੰ,
ਵੰਡਿਆ ਸਵਰਗ, ਨਰਕ ਦਾ ਸਮਿਆਨ ਹੋ ਗਿਆ।

9. ਹੇਠ ਲਿਖੀਆਂ ਕਾਵਿ-ਸਤਰਾਂ ਦੀ ਵਿਆਖਿਆ ਕਰੋ :

(ੳ) ਅਜੇ ਤੇ ਇੱਕੋ ਚਿਣਗ ਲੱਗੀ ਸਾਨੂੰ,
ਅਜੇ ਤਾਂ ਅਸਾਂ ਭਾਂਬੜ ਬਣ ਬਲਣਾ।

(ਅ) 'ਕਲਯੁਗ ਹੈ ਰੱਥ ਅਗਨ ਦਾ', ਤੂੰ ਆਪ ਆਖਿਆ,
ਮੁੜ ਕੂੜ ਓਸ ਰੱਬ ਦਾ, ਰਥਵਾਨ ਹੋ ਗਿਆ।

'ਜੱਟੀਆਂ ਦਾ ਗੀਤ' ਕਵਿਤਾ ਵਿੱਚ ਵੱਖ-ਵੱਖ ਵਰਗਾਂ ਦੀਆਂ ਔਰਤਾਂ ਜਾਂ ਲੋਕਾਂ ਨੂੰ ਮਿਲ਼ਦੀਆਂ ਵੱਖ-ਵੱਖ ਪੱਧਰ ਦੀਆਂ ਸਹੂਲਤਾਂ ਦਾ ਜ਼ਿਕਰ ਹੈ। ਕਵਿਤਾ ਦਾ ਅਧਿਐਨ ਕਰਕੇ ਉਹਨਾਂ ਦੀ ਸੂਚੀ ਬਣਾਓ।

# ਨੰਦ ਲਾਲ ਨੂਰਪੁਰੀ

(1906-1966)

ਨੰਦ ਲਾਲ ਨੂਰਪੁਰੀ ਦਾ ਜਨਮ ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ) ਵਿੱਚ ਹੋਇਆ। ਉਹਨਾਂ ਨੇ ਆਪਣਾ ਬਹੁਤਾ ਸਮਾਂ ਜਲੰਧਰ ਵਿੱਚ ਬਿਤਾਇਆ। ਉਹ ਇੱਕ ਫ਼ੱਕਰ ਕਵੀ ਸਨ। ਉਹਨਾਂ ਨੇ ਬਹੁਤ ਸਾਰਾ ਲੋਕ-ਕਾਵਿ ਰਚਿਆ। ਉਹਨਾਂ ਦੇ ਕੁਝ ਗੀਤ ਬਹੁਤ ਮਸ਼ਹੂਰ ਹਨ, ਜਿਵੇਂ : 'ਏਥੋਂ ਉੱਡ ਜਾ ਭੋਲਿਆ ਪੰਛੀਆਂ, 'ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ', 'ਕਾਹਨੂੰ ਵੇ ਪਿੱਪਲਾ ਖੜ ਖੜ ਲਾਈ ਆ' ਆਦਿ।

ਉਹਨਾਂ ਦੀਆਂ ਬਹੁਤੀਆਂ ਕਵਿਤਾਵਾਂ 'ਪੰਜਾਬ ਬੋਲਿਆ' ਨਾਂ ਹੇਠ ਛਪੀ ਕਿਤਾਬ ਵਿੱਚ ਦਰਜ ਹਨ।

## ਮਾਤਾ ਗੁਜਰੀ ਜੀ

ਅੱਧੀ ਰਾਤੀਂ ਮਾਂ ਗੁਜਰੀ, ਬੈਠੀ ਘੋੜੀਆਂ ਚੰਦਾਂ ਦੀਆਂ ਗਾਵੇ।
ਅੱਖੀਆਂ ਦੇ ਤਾਰਿਆਂ ਦਾ, ਮੈਨੂੰ ਚਾਨਣਾ ਨਜ਼ਰ ਨਾ ਆਵੇ।
ਨੀ ਕੱਲ੍ਹ ਜਦੋਂ ਸੌਂਣ ਲੱਗੀ, ਮੇਰੇ ਕੋਲ਼ ਹੀਰਿਆਂ ਦੀ ਜੋੜੀ,
ਪਿੰਡਿਆਂ 'ਤੇ ਹੱਥ ਫੇਰ ਕੇ, ਮੈਂ ਆਖਿਆ ਵੰਡੂੰਗੀ ਲੋਹੜੀ।
ਢਿੱਡ ਦਾ ਸੇਕ ਬੁਰਾ, ਨੀ ਮੈਥੋਂ ਝੱਲਿਆ ਨਾ ਜਾਵੇ,
ਅੱਧੀ ਰਾਤੀਂ ਮਾਂ ਗੁਜਰੀ.........................।

ਸੁਫਨਾ ਸੱਚ ਹੋ ਗਇਆ, ਮੇਰੇ ਨਾਲ਼ ਝਗੜ ਪਈ ਹੋਣੀ।
ਇੱਟ ਉੱਤੇ ਇੱਟ ਰੱਖ ਕੇ, ਤੇਰੇ ਹੀਰਿਆਂ ਦੀ ਚਮਕ ਲੁਕੋਣੀ।
ਨੀ ਛਾਤੀ ਨਾਲ਼ ਮੈਂ ਲਾ ਲਏ, ਜਾਂ ਉਹ ਉੱਛਲ਼ੀ ਭਰਨ ਕਲ਼ਾਵੇ
ਅੱਧੀ ਰਾਤੀਂ ਮਾਂ ਗੁਜਰੀ.........................।

ਇੱਕ ਦਿਨ ਪੁੱਛਦੇ ਸੀ, ਦਾਦੀ ਪਿਤਾ ਜੀ ਕੋਲ਼ ਕਦ ਜਾਣਾ।
ਐਤਕੀਂ ਤਾਂ ਰੱਜ-ਰੱਜ ਕੇ, ਅਸੀਂ ਹੱਸ-ਹੱਸ ਗਲ਼ ਲੱਗ ਜਾਣਾ।
ਇੱਕ-ਇੱਕ ਬੋਲ ਚੰਦਰਾ, ਨੀ ਮੇਰੇ ਧੂਹ ਕਾਲਜੇ ਨੂੰ ਪਾਵੇ,
ਅੱਧੀ ਰਾਤੀਂ ਮਾਂ ਗੁਜਰੀ.........................।
ਕੱਲ੍ਹ ਮੇਰੇ ਕੋਲ਼ ਵੱਸਦੇ, ਅੱਜ ਨਜ਼ਰ ਕਿਤੇ ਨਾ ਆਂਦੇ।
ਨਿੱਕੇ-ਨਿੱਕੇ ਓਦਰੇ ਹੋਏ, ਕੀਹਨੂੰ ਹੋਣਗੇ ਦਰਦ ਸੁਣਾਂਦੇ।
ਵੇ ਲੱਭ ਤੇ ਸਹੀ 'ਨੂਰਪੁਰੀ', ਮੇਰੇ ਨੈਣਾਂ ਨੂੰ ਨੀਂਦ ਨਾ ਆਵੇ,
ਅੱਧੀ ਰਾਤੀਂ ਮਾਂ ਗੁਜਰੀ.........................।

# ਜਿਊਂਦੇ ਭਗਵਾਨ

ਓ ਦੁਨੀਆ ਦੇ ਬੰਦਿਓ ਪੂਜੋ, ਉਹਨਾਂ ਨੇਕ ਇਨਸਾਨਾਂ ਨੂੰ,
ਦੇਸ ਦੀ ਖ਼ਾਤਰ ਵਾਰ ਗਏ ਜੋ ਪਿਆਰੀਆਂ-ਪਿਆਰੀਆਂ ਜਾਨਾਂ ਨੂੰ।

ਸਰੂਆਂ ਵਰਗੇ, ਸੋਨੇ ਵਰਗੇ, ਹੀਰੇ ਪੁੱਤਰ ਮਾਂਵਾਂ ਦੇ,
ਚਾਅ ਜਿਨ੍ਹਾਂ ਦੇ ਮਿਲ਼ਣ ਵਾਸਤੇ, ਰੋਂਦੇ ਭੈਣ ਭਰਾਵਾਂ ਦੇ।
ਬੁੱਢੇ ਬਾਪੂ ਖੜ੍ਹੇ ਉਡੀਕਣ, ਗੱਭਰੂ ਪੁੱਤ ਜਵਾਨਾਂ ਨੂੰ
ਓ ਦੁਨੀਆ ਦੇ.................................।

ਕਈ ਨਾਰਾਂ ਦੇ ਫੁੱਲਾਂ ਵਰਗੇ, ਹਾਲੇ ਰੂਪ ਨਰੋਏ ਨੇ,
ਸਗਨਾਂ ਦੇ ਹੱਥਾਂ ਵਿੱਚ ਗਾਨੇ, ਚਾਅ ਨਾ ਪੂਰੇ ਹੋਏ ਨੇ।
ਦਿਲ ਦੇ ਵਿੱਚ ਲੁਕੋਈ ਬੈਠੀਆਂ ਲੱਖਾਂ ਹੀ ਅਰਮਾਨਾਂ ਨੂੰ,
ਓ ਦੁਨੀਆ ਦੇ...................................।

ਕਿਹਨੂੰ ਨਹੀਂ ਜੀਵਨ ਦੀਆਂ ਲੋੜਾਂ, ਹਰ ਕੋਈ ਜਿਊਂਣਾ ਚਾਹੁੰਦਾ ਏ,
ਤਰ੍ਹਾਂ-ਤਰ੍ਹਾਂ ਦੇ ਇਸ ਜੀਵਨ ਲਈ, ਬੰਦਾ ਜਾਲ ਵਿਛੌਂਦਾ ਏ,
ਜਿਊਂਣਾ ਉਸ ਬੰਦੇ ਦਾ ਜਿਊਂਣਾ, ਰੋਕੇ ਜੋ ਤੂਫ਼ਾਨਾਂ ਨੂੰ,
ਓ ਦੁਨੀਆ ਦੇ............................................।

ਸ਼ੇਰਾਂ ਦੀ ਛਾਤੀ 'ਤੇ ਬਹਿ ਕੇ, ਮੌਤ ਜਿਨ੍ਹਾਂ ਨੇ ਮੰਗੀ ਏ,
ਖ਼ੂਨ ਦੀਆਂ ਨਦੀਆਂ ਵਿੱਚ ਡੁੱਬ ਕੇ, ਗੋਰੀ ਚਮੜੀ ਰੰਗੀ ਏ।
ਨਵੀਂ ਦੇਸ 'ਤੇ ਰੰਗਣ ਚਾੜ੍ਹੀ, ਪੂਜੋ ਉਹਨਾਂ ਭਗਵਾਨਾਂ ਨੂੰ,
ਓ ਦੁਨੀਆ ਦੇ.....................................।

ਜੀਉਣਾ ਹੁੰਦਾ ਓਸ ਮਰਦ ਦਾ, ਕਿਸੇ ਲਈ ਜੋ ਮਰਦਾ ਏ,
ਆਪਣੇ ਦੇਸ ਕੌਮ ਦੀ ਖ਼ਾਤਰ, ਜੀਵਨ ਅਰਪਣ ਕਰਦਾ ਏ।
'ਨੂਰਪੁਰੀ' ਬੰਦ ਕਰਦੇ ਬੀਬਾ, ਝੂਠੀਆਂ ਹੋਰ ਦੁਕਾਨਾਂ ਨੂੰ,
ਓ ਦੁਨੀਆ ਦੇ....................................।

# ਰਾਵੀ ਤੇ ਝਨਾਂ

ਮੇਰੇ ਸਹੁਰਿਆਂ ਨੇ ਜ਼ਿਦ-ਜ਼ਿਦ ਨਾਂ ਰੱਖਿਆ,
ਕਿਨੇ ਰਾਵੀ ਰੱਖਿਆ ਤੇ ਝਨਾਂ ਰੱਖਿਆ।

ਜਾਂ ਮੈਂ ਫੁੱਲਾਂ ਭਰੇ ਘੁੰਡ ਸਰਕਾਏ ਹੱਸ ਕੇ,
ਝੱਟ ਵੇਲਾਂ ਨਾਲ਼ ਭਰ ਗਏ ਨਸੀਬ ਸੱਸ ਦੇ।
ਸਾਡੀ ਧੁੱਪ ਨੂੰ ਬਣਾਈ ਲੋਕਾਂ ਛਾਂ ਰੱਖਿਆ,
ਮੇਰੇ ਸਹੁਰਿਆਂ ਨੇ...........................।

ਉੱਥੇ ਸਾਉਣ ਦੇ ਮਹੀਨੇ ਵਿੱਚ ਤੀਆਂ ਲੱਗੀਆਂ,
ਸਾਡੇ ਵਿੱਚ ਕੋਈ ਨਾ ਠੱਗ ਫੇਰ ਹੋਈਆਂ ਠੱਗੀਆਂ।
ਫੇਰ ਠੱਗੀਆਂ ਦਾ ਮੇਰੇ 'ਤੇ ਨਿਆਂ ਰੱਖਿਆ,
ਮੇਰੇ ਸਹੁਰਿਆਂ ਨੇ...........................।

ਮੈਨੂੰ ਮੱਲੋ-ਮੱਲੀ ਗਿੱਧੇ 'ਚ ਨਚਾਉਣ ਵਾਲ਼ੀਆਂ,
ਸੱਭੇ ਹੋ ਗਈਆਂ ਬੇਹੋਸ਼ ਗਿੱਧਾ ਪਾਉਣ ਵਾਲ਼ੀਆਂ।
ਸਾਰਾ ਹੱਥਾਂ 'ਤੇ ਨਚਾਈ ਮੈਂ ਗਿਰਾਂ ਰੱਖਿਆ,
ਮੇਰੇ ਸਹੁਰਿਆਂ ਨੇ...........................।

ਮੈਨੂੰ ਝਾਂਜਰਾਂ ਘੜਾ ਕੇ ਉਹਨਾਂ ਹੋਰ ਦਿੱਤੀਆਂ,
ਨੀ ਉਹ ਮਿੱਥ-ਮਿੱਥ ਗਿੱਧਿਆਂ ਦੇ ਪਿੜ ਜਿੱਤੀਆਂ।
ਮੇਰਾ ਰੂਪ ਵਡਿਆਈ ਹਰ ਥਾਂ ਰੱਖਿਆ,
ਮੇਰੇ ਸਹੁਰਿਆਂ ਨੇ...........................।
ਮੇਰੇ 'ਨੂਰਪੁਰੀ' ਭਾਗਾਂ ਦੇ ਹਿਸਾਬ ਦੱਸਦਾ,
ਮੇਰੀ ਆਰਸੀ ਦੇ ਸ਼ੀਸ਼ੇ 'ਚ ਪੰਜਾਬ ਵੱਸਦਾ।
ਉਹਨੇ ਨਵੇਂ ਗੀਤ ਦੇਣ ਦਾ ਹਿਆਂ ਰੱਖਿਆ,
ਮੇਰੇ ਸਹੁਰਿਆਂ ਨੇ...........................।

## ਅਰਥਾਵਲੀ :

**ਹੋਣੀ** - ਹੋਣ ਵਾਲ਼ੀ ਗੱਲ। **ਕਲ਼ਾਵੇ** - ਜੱਫੀ ਵਿੱਚ ਲੈਣਾ। **ਓਦਰੇ** - ਉਦਾਸ ਹੋਏ। **ਨਰੋਏ** - ਸਿਹਤਮੰਦ। **ਅਰਮਾਨ** - ਸੱਧਰ, ਰੀਝ। **ਅਰਪਣ** - ਭੇਟਾ। **ਨਸੀਬ** - ਕਿਸਮਤ, ਲੇਖ। **ਗਿਰਾਂ** - ਪਿੰਡ। **ਪਿੜ** - ਅਖਾੜਾ। ਆਰਸੀ - ਹੱਥ ਦੇ ਅੰਗੂਠੇ ਵਿੱਚ ਪਾਇਆ ਜਾਣ ਵਾਲ਼ਾ ਇਸਤਰੀਆਂ ਦਾ ਗਹਿਣਾ। **ਹਿਆਂ** - ਹੌਸਲਾ, ਸਾਹਸ।

## ਪਾਠ - ਅਭਿਆਸ

1. 'ਮਾਤਾ ਗੁਜਰੀ ਜੀ' ਕਵਿਤਾ ਦਾ ਕੇਂਦਰੀ ਭਾਵ ਲਿਖੋ।
2. 'ਮਾਤਾ ਗੁਜਰੀ ਜੀ' ਕਵਿਤਾ ਕਿਹੜੇ ਸਾਹਿਬਜ਼ਾਦਿਆਂ ਵੱਲ ਸੰਕੇਤ ਕਰਦੀ ਹੈ ?
3. 'ਜਿਊਂਦੇ ਭਗਵਾਨ' ਕਵਿਤਾ ਵਿੱਚ ਕਵੀ ਕਿਨ੍ਹਾਂ ਵਿਅਕਤੀਆਂ ਨੂੰ ਪੂਜਣ ਲਈ ਕਹਿੰਦਾ ਹੈ?
4. ਜਿਊਂਦੇ ਭਗਵਾਨ' ਕਵਿਤਾ ਦਾ ਕੇਂਦਰੀ ਭਾਵ ਲਿਖੋ।
5. 'ਰਾਵੀ ਤੇ ਝਨਾਂ' ਕਵਿਤਾ ਵਿੱਚ ਰਾਵੀ ਤੇ ਝਨਾਂ ਕਿਸ ਨੂੰ ਕਿਹਾ ਗਿਆ ਹੈ?
6. ਹੇਠ ਲਿਖੇ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

   (ੳ) ਇੱਕ ਦਿਨ ਪੁੱਛਦੇ ਸੀ, ਦਾਦੀ ਪਿਤਾ ਜੀ ਕੋਲ਼ ਕਦ ਜਾਣਾ।
   ਐਤਕੀਂ ਤਾਂ ਰੱਜ-ਰੱਜ ਕੇ, ਅਸੀਂ ਹੱਸ-ਹੱਸ ਗਲ਼ ਲੱਗ ਜਾਣਾ।

   (ਅ) ਸ਼ੇਰਾਂ ਦੀ ਛਾਤੀ 'ਤੇ ਬਹਿ ਕੇ, ਮੌਤ ਜਿਨ੍ਹਾਂ ਨੇ ਮੰਗੀ ਏ,
   ਖ਼ੂਨ ਦੀਆਂ ਨਦੀਆਂ ਵਿੱਚ ਡੁੱਬ ਕੇ, ਗੋਰੀ ਚਮੜੀ ਰੰਗੀ ਏ।

7. ਹੇਠ ਲਿਖੀਆਂ ਕਾਵਿ-ਸਤਰਾਂ ਦੀ ਵਿਆਖਿਆ ਕਰੋ :

   (ੳ) ਕਈ ਨਾਰਾਂ ਦੇ ਫੁੱਲਾਂ ਵਰਗੇ, ਹਾਲੇ ਰੂਪ ਨਰੋਏ ਨੇ,
   ਸਗਨਾਂ ਦੇ ਹੱਥਾਂ ਵਿੱਚ ਗਾਨੇ, ਚਾਅ ਨਾ ਪੂਰੇ ਹੋਏ ਨੇ।

   (ਅ) ਮੇਰੇ ਸਹੁਰਿਆਂ ਨੇ ਜ਼ਿਦ-ਜ਼ਿਦ ਨਾਂ ਰੱਖਿਆ
   ਕਿਨੇ ਰਾਵੀ ਰੱਖਿਆ ਤੇ ਝਨਾਂ ਰੱਖਿਆ।

ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਾਕੇ ਬਾਰੇ ਵਿਸਤਾਰ ਵਿੱਚ ਜਾਣਕਾਰੀ ਪ੍ਰਾਪਤ ਕਰੋ ।

# ਬਾਵਾ ਬਲਵੰਤ

## (1915-1972)

ਬਾਵਾ ਬਲਵੰਤ ਦਾ ਜਨਮ ਅਗਸਤ, 1915 ਈ: ਨੂੰ ਪਿਤਾ ਸ੍ਰੀ ਠਾਕੁਰ ਦੀਨਾ ਨਾਥ ਤੇ ਮਾਤਾ ਗਿਆਨ ਦੇਵੀ ਦੇ ਘਰ, ਪਿੰਡ ਨੇਸ਼ਟਾ, ਜ਼ਿਲ੍ਹਾ (ਅੰਮ੍ਰਿਤਸਰ) ਵਿੱਚ ਹੋਇਆ। ਆਪ ਦੀ ਕਵਿਤਾ ਸਮਾਜਵਾਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੈ। ਆਪ ਨੇ ਆਪਣੀ ਕਵਿਤਾ ਵਿੱਚ ਨਿੱਜੀ ਪਿਆਰ ਦੀ ਥਾਂ ਲੋਕ-ਪੀੜ ਨੂੰ ਪ੍ਰਧਾਨਤਾ ਦਿੱਤੀ। ਆਪ ਦੀ ਕਵਿਤਾ ਸਮਾਜਵਾਦ ਦਾ ਸੁਨੇਹਾ ਦਿੰਦੀ ਹੈ। ਆਪ ਦੀ ਕਵਿਤਾ ਵਿੱਚ ਉਰਦੂ ਦਾ ਕਾਫ਼ੀ ਪ੍ਰਭਾਵ ਹੈ। ਆਪ ਨੇ ਪੰਜਾਬੀ ਕਵਿਤਾ ਨੂੰ 'ਮਹਾਂਨਾਚ', 'ਜਵਾਲਾਮੁਖੀ', 'ਅਮਰਗੀਤ', 'ਬੰਦਰਗਾਹ' ਤੇ 'ਸੁਗੰਧ ਸਮੀਰ' ਕਾਵਿ-ਸੰਗ੍ਰਹਿ ਦਿੱਤੇ। 'ਕਿਸ ਕਿਸ ਤਰ੍ਹਾਂ ਦੇ ਨਾਚ' ਲਿਖ ਕੇ ਆਪ ਨੇ ਪੰਜਾਬੀ ਵਾਰਤਕ ਵਿੱਚ ਵੀ ਚੰਗਾ ਹਿੱਸਾ ਪਾਇਆ। ਆਪ ਦਾ ਦਿਹਾਂਤ 24 ਜੂਨ, 1972 ਨੂੰ ਹੋਇਆ।

### ਕੋਸ਼ਿਸ਼ 'ਚ ਹਾਂ

ਲਕਸ਼ ਦੇ ਵੱਲ ਜਾਣ ਦੀ ਕੋਸ਼ਿਸ਼ 'ਚ ਹਾਂ,
ਅਸਲਿਆਂ ਨੂੰ ਪਾਣ ਦੀ ਕੋਸ਼ਿਸ਼ 'ਚ ਹਾਂ।

ਹਰ ਪੁਰਾਣੇ ਵਹਿਮ ਤੋਂ ਹੋਵੇਗਾ ਸਾਫ਼,
ਮੈਂ ਨਵੇਂ ਇਨਸਾਨ ਦੀ ਕੋਸ਼ਿਸ਼ 'ਚ ਹਾਂ।

ਜ਼ਿੰਦਗੀ ਦੇ ਪਹਿਲੂਆਂ ਤੇ ਰੋਸ਼ਨੀ,
ਰੁਖ਼ ਨਵੇਂ ਤੋਂ ਪਾਣ ਦੀ ਕੋਸ਼ਿਸ਼ 'ਚ ਹਾਂ।

ਜਿਸ 'ਚ ਆ ਜਾਏ ਮਨੁੱਖਤਾ ਦਾ ਅਸਰ,
ਐਸੇ ਇੱਕ ਦੀਵਾਨ ਦੀ ਕੋਸ਼ਿਸ਼ 'ਚ ਹਾਂ।

ਇਸ ਲਈ ਖਾਂਦਾ ਹਾਂ ਦਰ-ਦਰ ਠੋਕਰਾਂ,
ਜ਼ਿੰਦਗੀ ਨੂੰ ਪਾਣ ਦੀ ਕੋਸ਼ਿਸ਼ 'ਚ ਹਾਂ।

ਜਾਣੇ ਕੀ ਨਫ਼ਰਤ ਕਿ ਮੈਂ ਕਿਸ ਦੇ ਲਈ,
ਹੋਰ ਵੀ ਨੁਕਸਾਨ ਦੀ ਕੋਸ਼ਿਸ਼ 'ਚ ਹਾਂ।

ਜਿਸ ਤੋਂ ਰਹੇ ਜੀਵਨ ਦੀ ਕੁਟੀਆ ਅਬਾਦ,
ਐਸੇ ਇੱਕ ਮਹਿਮਾਨ ਦੀ ਕੋਸ਼ਿਸ਼ 'ਚ ਹਾਂ।

ਹਰ ਸਮੇਂ ਦੇ ਨਾਲ਼ ਵਧਦੀ ਜ਼ਿੰਦਗੀ,
ਆਖੇ ''ਨਵ-ਸਾਮਾਨ'' ਦੀ ਕੋਸ਼ਿਸ਼ 'ਚ ਹਾਂ।

ਹੁਨਰ ਤੇ ਸਿਹਤ ਦੇ ਪੁਤਲੇ ਆਦਮੀ,
ਤੇਰੇ ਸੋਹਲੇ ਗਾਣ ਦੀ ਕੋਸ਼ਿਸ਼ 'ਚ ਹਾਂ।

## ਦੇਸ

ਉਹ ਹੈ ਦੇਸ ਮਹਾਨ
ਜੋ ਆਪਣੇ ਵੇਲੇ ਸਿਰ ਬੀਜੇ, ਵਾਹੇ ਖੇਤ,
ਸੁੰਨ ਮਸਾਨ ਉਜਾੜਾਂ ਫੇਰ ਬਣਾਏ ਖੇਤ।
ਮਿੱਠੇ, ਅਤ ਮਿੱਠੇ ਗੀਤਾਂ ਦੀ ਛਾਂ ਹੇਠਾਂ,
ਹਲ ਦੀ ਨੋਕ ਤੋਂ ਬਦਲੇ ਕੱਲਰਾਂ ਦੀ ਤਸਵੀਰ।
ਮਿਹਨਤ ਤੋਂ ਆਪਣੀ ਬਦਲੇ ਆਪਣੀ ਤਕਦੀਰ,
ਹੋਵੇ ਮਿਹਨਤ ਦਾ ਪੁਤਲਾ ਹਰ ਜੀਵ ਕਿਸਾਨ।
ਉਹ ਹੈ ਦੇਸ ਮਹਾਨ।

ਦਿਲ ਵਿੱਚ ਹਰ ਦਾਣੇ ਦਾ ਹੋਵੇ ਪਿਆਰ ਅਪਾਰ,
ਤਾਰੇ ਡੁੱਬਣ ਤੋਂ ਪਹਿਲਾਂ-ਪਹਿਲਾਂ ਜਲ-ਧਾਰ।
ਹਰਿਆਂ ਖੇਤਾਂ ਦੇ ਵਿੱਚ ਦਰਪਨ ਰੂਪ ਫਿਰੇ,
ਖ਼ੁਸ਼ ਹੋਵਣ ਫ਼ਸਲਾਂ ਆਪਣੀ ਹੀ ਸੂਰਤ 'ਤੇ,
ਹੀਰੇ ਰੰਗ ਹੋਵਣ ਘਰ ਅੰਦਰੋਂ ਬਾਹਰੋਂ ਸਾਫ਼,
ਇੱਕ ਦੂਜੇ ਦੀ ਗ਼ਲਤੀ ਨੂੰ ਕਰ ਦੇਵਣ ਮਾਫ਼।
ਜੇ ਖੇਤ ਦੇ ਰਾਖੇ ਐਸੇ ਹੋਣ ਜਵਾਨ,
ਤਾਂ ਹੈ ਦੇਸ ਮਹਾਨ।

ਕੱਚੇ ਖੇਤ ਨਾ ਹੋਵਣ ਜਿਸ ਦੇ ਰੋਜ਼ ਨਿਲਾਮ,
ਸੂਦ ਦੀਆਂ ਲੀਕਾਂ ਦੇ ਜੋ ਨਾ ਹੋਣ ਗ਼ੁਲਾਮ,
ਜਿਸ ਨੂੰ ਹੋਸ਼ ਰਹੇ ਕੱਲ੍ਹ ਪੈ ਸਕਦਾ ਏ ਕਾਲ਼,
ਜਿਸ ਦੀ ਅਣਖ ਤੁਰੇਗੀ ਆਪਣਾ-ਆਪ ਸੰਭਾਲ਼,
ਉਹ ਹੈ ਦੇਸ ਮਹਾਨ,
ਉਹ ਹੈ ਸਵਰਗ ਸਮਾਨ।

ਹਮਸਾਏ ਦੇਸਾਂ ਤੇ ਜਿਸ ਥਾਂ ਦੇ ਬਲਵਾਨ,
ਨਸਲ ਦੀਆਂ ਗਾਰਾਂ 'ਚ ਛਿਣਕਣ ਨਾ ਅਪਮਾਨ,
ਆਪਣੇ ਹੱਕਾਂ ਨੂੰ ਜੋ ਖੋਹਣ ਨਾ ਦੇਵਣ ਵੀਰ,
ਹਮਸਾਇਆਂ ਨੂੰ ਉੱਡਦੇ ਦੇਖ ਨਾ ਮਾਰਨ ਤੀਰ,
ਸਹਿਣਾ ਜ਼ੁਲਮ ਵੀ ਹੋਵੇ ਜਿਸ ਦੀ ਸਮਝ 'ਚ ਪਾਪ,
ਕੋਈ ਦੂਸਰਿਆਂ 'ਤੇ ਜ਼ੁਲਮ ਕਰੇ ਤਾਂ ਆਪ
ਹਰ ਦਿਲ ਵਿੱਚ ਹੋਵੇ ਮਾਨਵ-ਸ਼ਕਤੀ ਦਾ ਰੂਪ,
ਇੱਕ ਬੱਚੇ ਵਿੱਚ ਨਜ਼ਰ ਨਾ ਆਏ ਕੋਹਜ ਕਰੂਪ,
ਹਰ ਇੱਕ ਵਾਸੀ ਆਏ ਹੱਸਦਾ ਨਜ਼ਰ ਅਰੋਗ,
ਉਸ ਧਰਤੀ ਦਾ ਏ ਹਰ ਜ਼ੱਰਾ ਪੂਜਣਯੋਗ।
ਜਿਸ ਥਾਂ ਦੇਸ-ਵਿਰੋਧੀ ਇੱਕ ਨਹੀਂ ਇਨਸਾਨ,
ਧਰਤੀ ਮਾਤਾ ਨੂੰ ਜੋ ਪੂਜਣ ਰੱਬ ਸਮਾਨ,
ਉਹ ਹੈ ਦੇਸ ਮਹਾਨ।

## ਅਰਥਾਵਲੀ :

**ਲਕਸ਼** - ਉਦੇਸ਼। **ਮਨੁੱਖਤਾ** - ਇਨਸਾਨੀਅਤ। **ਦੀਵਾਨ** - ਦਰਬਾਰ, ਨਿਆਇਸ਼ਾਲਾ, ਕਚਹਿਰੀ ਦਾ ਸਥਾਨ। **ਠੋਹਕਰਾਂ** - ਠੇਡੇ। **ਹੁਨਰ** - ਕਲਾ। **ਸੋਹਲੇ** - ਪ੍ਰਸੰਸਾ ਦੇ ਗੀਤ। **ਕੱਲਰ** - ਬੰਜਰ ਜ਼ਮੀਨ। **ਅਪਾਰ** - ਬੇਅੰਤ, ਬਹੁਤ ਜ਼ਿਆਦਾ। **ਦਰਪਨ** - ਸ਼ੀਸ਼ਾ। **ਨਿਲਾਮ** - ਵੇਚਣਾ। **ਸੂਦ** - ਵਿਆਜ। **ਹਮਸਾਏ** - ਗੁਆਂਢੀ। **ਜ਼ੱਰਾ** - ਕਣ। **ਅਸਲਿਆਂ** - ਸਚਾਈਆਂ, ਹਕੀਕਤਾਂ।

## ਪਾਠ - ਅਭਿਆਸ

1. 'ਕੋਸ਼ਿਸ਼ 'ਚ ਹਾਂ' ਕਵਿਤਾ ਦਾ ਕੇਂਦਰੀ ਭਾਵ ਲਿਖੋ।
2. ਜ਼ਿੰਦਗੀ ਦੇ ਹਰ ਪੱਖ ਨੂੰ ਰੋਸ਼ਨ ਕਰਨ ਲਈ ਕਵੀ ਕੀ ਕੋਸ਼ਸ਼ ਕਰ ਰਿਹਾ ਹੈ?
3. 'ਦੇਸ' ਕਵਿਤਾ ਦਾ ਕੇਂਦਰੀ ਭਾਵ ਲਿਖੋ।
4. 'ਦੇਸ' ਨਾਮੀ ਕਵਿਤਾ ਵਿੱਚ ਕਵੀ ਨੇ ਇੱਕ ਮਹਾਨ ਦੇਸ ਦੇ ਕਿਹੜੇ-ਕਿਹੜੇ ਗੁਣ ਦੱਸੇ ਹਨ? ਆਪਣੇ ਸ਼ਬਦਾਂ ਵਿੱਚ ਲਿਖੋ।
5. ਹੇਠ ਲਿਖੇ ਕਾਵਿ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

   ਜ਼ਿੰਦਗੀ ਦੇ ਪਹਿਲੂਆਂ 'ਤੇ ਰੋਸ਼ਨੀ,
   ਰੁਖ਼ ਨਵੇਂ ਤੋਂ ਪਾਣ ਦੀ ਕੋਸ਼ਿਸ਼ 'ਚ ਹਾਂ।
   ਜਿਸ 'ਚ ਆ ਜਾਏ ਮਨੁੱਖਤਾ ਦਾ ਅਸਰ,
   ਐਸੇ ਇੱਕ ਦੀਵਾਨ ਦੀ ਕੋਸ਼ਿਸ਼ 'ਚ ਹਾਂ।

6. ਹੇਠ ਲਿਖੀਆਂ ਕਾਵਿ-ਸਤਰਾਂ ਦੀ ਵਿਆਖਿਆ ਕਰੋ :

ਕੱਚੇ ਖੇਤ ਨਾ ਹੋਵਣ ਜਿਸ ਦੇ ਰੋਜ਼ ਨਿਲਾਮ,
ਸੂਦ ਦੀਆਂ ਲੀਕਾਂ ਦੇ ਜੋ ਨਾ ਹੋਣ ਗ਼ੁਲਾਮ,
ਜਿਸ ਨੂੰ ਹੋਸ਼ ਰਹੇ ਕੱਲ੍ਹ ਪੈ ਸਕਦਾ ਏ ਕਾਲ਼,
ਜਿਸ ਦੀ ਅਣਖ ਤੁਰੇਗੀ ਆਪਣਾ-ਆਪ ਸੰਭਾਲ਼,
ਉਹ ਹੈ ਦੇਸ ਮਹਾਨ,
ਉਹ ਹੈ ਸਵਰਗ ਸਮਾਨ।

# ਪ੍ਰੀਤਮ ਸਿੰਘ ਸਫ਼ੀਰ

(1916-1999)

ਪ੍ਰੀਤਮ ਸਿੰਘ ਸਫ਼ੀਰ ਦਾ ਜਨਮ 10 ਅਪਰੈਲ, 1916 ਈ: ਨੂੰ ਪਿਤਾ ਸ. ਮਹਿਤਾਬ ਸਿੰਘ ਤੇ ਮਾਤਾ ਤੇਜਵੰਤ ਕੌਰ ਦੇ ਘਰ, ਪਿੰਡ ਮੱਲਪੁਰ (ਜ਼ਿਲ੍ਹਾ ਰਾਵਲਪਿੰਡੀ) ਵਿੱਚ ਹੋਇਆ। ਆਪ ਨੇ ਛੋਟੀ ਉਮਰ ਵਿੱਚ ਹੀ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਸੀ। ਆਪ ਦੀ ਕਵਿਤਾ ਦਾ ਇੱਕ ਵਿਲੱਖਣ ਰੰਗ ਹੈ ਜਿਸ ਵਿੱਚ ਅਧਿਆਤਮਿਕ, ਵਿਅਕਤੀਵਾਦੀ ਤੇ ਸਮਾਜਵਾਦੀ ਝੁਕਾਅ ਪ੍ਰਤੀਤ ਹੁੰਦੇ ਹਨ। ਰੂਪ ਦੇ ਪੱਖ ਤੋਂ ਆਪ ਦੀ ਕਵਿਤਾ ਕਿਤੇ-ਕਿਤੇ ਪੂਰਨ ਸਿੰਘ ਦੀ ਕਵਿਤਾ ਵਾਂਗ ਛੰਦਾ-ਬੰਦੀ ਤੋਂ ਖੁੱਲ੍ਹ ਲੈਂਦੀ ਪ੍ਰਤੀਤ ਹੁੰਦੀ ਹੈ।

'ਕੱਤਕ ਕੂੰਜਾਂ', 'ਪਾਪ ਦੇ ਸੋਹਿਲੇ', 'ਰਕਤ ਬੂੰਦਾਂ', 'ਰਾਗ ਰਿਸ਼ਮਾਂ', 'ਗੁਰੂ ਗੋਬਿੰਦ', 'ਅਨਿਕ ਬਿਸਥਾਰ', 'ਆਪੇ ਬਹੁਰੰਗੀ', 'ਆਦਿ ਜੁਗਾਦਿ', 'ਸਰਬਕਲਾ' ਆਦਿ ਆਪ ਦੇ ਕਾਵਿ ਸੰਗ੍ਰਹਿ ਹਨ। ਕਵਿਤਾ ਤੋਂ ਬਿਨਾਂ ਵਾਰਤਕ ਦੀਆਂ ਪੁਸਤਕਾਂ 'ਮੇਰੀ ਸਾਹਿਤਿਕ ਸ੍ਵੈਜੀਵਨੀ', 'ਰਚਨਾ ਪ੍ਰਕਿਰਿਆ', 'ਅਗਨੀ ਅਗੋਚਰ', 'ਸੰਯੋਗ ਵਿਯੋਗ', 'ਸਰਬ ਨਿਰੰਤਰ', 'ਧੁਰ ਕੀ ਬਾਣੀ' ਪੰਜਾਬੀ ਸਾਹਿਤ ਦੀ ਝੋਲ਼ੀ ਪਾਈਆਂ।

ਸਾਹਿਤ ਅਕਾਦਮੀ, ਦਿੱਲੀ ਵੱਲੋਂ ਆਪ ਦੀ ਕਾਵਿ-ਪੁਸਤਕ 'ਅਨਿਕ ਬਿਸਥਾਰ' ਨੂੰ ਪੁਰਸਕ੍ਰਿਤ ਕੀਤਾ ਗਿਆ। ਆਪ ਦਾ ਦਿਹਾਂਤ 31 ਮਾਰਚ, 1999 ਨੂੰ ਹੋਇਆ।

## ਦੋ ਪਿੱਪਲ਼ ਦੇ ਪੱਤੇ

ਦੋ ਪਿੱਪਲ਼ ਦੇ ਪੱਤੇ
ਤੋੜੇ, ਹੋਰ ਤੋੜ ਕੇ ਪ੍ਰੋਤੇ
ਸਿਰ 'ਤੇ ਬੱਧੇ ਰਿਸ਼ੀ ਵਿਆਸ,
ਸੁਰਤੀ ਖਾਏ ਸਵਰਗਾਂ ਵਿੱਚ ਗੋਤੇ,
ਦਿਲ ਵਿੱਚ ਪੀਆ ਮਿਲਣ ਦੀ ਆਸ,
ਤੁਰ ਪਏ ਨਾਲ਼ ਉਹ ਵੀ.........
ਤੁਰ ਗਏ ਗਿਆਨ ਸਮੁੰਦਰ ਸੱਤੇ,
ਜੁਗ ਜੁਗ ਜਿਊਂਣ ਪਿੱਪਲ਼ ਦੇ ਪੱਤੇ।
ਦੋ ਪਿੱਪਲ਼ ਦੇ ਪੱਤੇ
ਪੁੰਗਰੇ ਹੋਏ ਹਿੰਦੁਸਤਾਨ,
ਤੋੜੇ ਆਣ ਕਿਸੇ ਅਣਭੋਲ਼,
ਉਂਞ ਤਾਂ ਇੱਕੋ-ਜਿਹੇ ਇਨਸਾਨ,

ਹੋ ਪਿਆ ਦੋ ਮਜ਼੍ਹਬਾਂ ਦਾ ਘੋਲ਼,
ਡੁੱਲ੍ਹਾ ਖ਼ੂਨ ਇੱਕ ਥਾਂ..........।
ਲੂੰ-ਲੂੰ ਹੋ ਗਏ ਜ਼ਿਮੀ ਦੇ ਰੱਤੇ,
ਕੀ ਟੁੱਟੇ ਦੋ ਆਫ਼ਤ ਦੇ ਪੱਤੇ?

ਦੋ ਪਿੱਪਲ਼ ਦੇ ਪੱਤੇ
ਜੁੜਦੇ ਕੰਵਲਪ੍ਰੀਤ ਦੇ ਨਾਲ਼,
ਰਲ਼-ਮਿਲ਼ ਝੂਮ-ਝੂਮ ਹੋ ਝੱਲੇ,
ਦੋ ਦਿਲ ਚੱਲਦੇ ਇੱਕੋ ਚਾਲ
ਡਿੱਗ ਪਏ ਸਾਂ ਟਾਹਣੀ ਤੋਂ ਥੱਲੇ
ਨਾ ਕੋਈ ਹੂਰ ਚੁਗੇ,
ਨਾ ਕੋਈ ਤੁੰਬੇ ਤੇ ਨਾ ਕੋਈ ਕੱਤੇ,
ਰੁਲ਼ਦੇ ਦੋ ਪਿੱਪਲ਼ ਦੇ ਪੱਤੇ।

## ਇੱਕ ਮਿੱਟੀ ਦੀ ਮੁੱਠੀ

ਇੱਕ ਮਿੱਟੀ ਦੀ ਮੁੱਠੀ,
ਭਰ ਕੇ,
ਨੈਣਾਂ ਨਾਲ਼ ਨੀਝ ਲਾ ਤੱਕੀ,
ਨਕਸ਼ ਗਵਾਚੇ ਹੋਏ ਨਾ ਦਿੱਸੇ
ਹੋਠ ਹਸਾ ਨਾ ਸੱਕੀ,
ਲੱਭ-ਲੱਭ ਚਮਕੀਲੀਆਂ ਘੁੰਗਰਾਲ਼ੀਆਂ
ਨਜ਼ਰ ਸਹਿਕ ਕੇ ਥੱਕੀ।
ਕੇਰ-ਕੇਰ ਉਂਗਲ਼ਾਂ 'ਚੋਂ ਭੋਂ 'ਤੇ
ਕੂਕ ਅੰਤ ਮੈਂ ਉੱਠੀ
ਹਾਇ! ਨੀ
ਇੱਕ ਮਿੱਟੀ ਦੀ ਮੁੱਠੀ!

ਇੱਕ ਮਿੱਟੀ ਦੀ ਮੁੱਠੀ,
ਸੁਫਨੇ,
ਸੈ ਬ੍ਰਹਿਮੰਡਾਂ, ਕੁੱਲ ਹੁਸਨਾਂ ਦੇ,
ਇੱਕ-ਇੱਕ ਕਿਣਕੇ ਵਿੱਚ ਸਾਂਭੇ ਹੋਏ,
ਵੱਲਾਂ, ਫੁੱਲਾਂ ਦੇ, ਦਰਿਯਾ ਦੇ,
ਹੁਸ਼ਨਾਕਾਂ ਦੇ ਦਿਲ ਪਰੋਏ।

ਝੁੱਲ ਪੈਂਦੇ ਵਿੱਚ ਸਖ਼ਤ ਹਵਾ ਦੇ,
ਕਦੇ ਜ਼ਿਮੀ ਤੇ ਫੇਰ ਸਿਸਕਦੀ,
ਆ ਪੈਂਦੀ ਹੈ ਪੁੱਠੀ।
ਕੀ ਬੋਲੇ?
ਇੱਕ ਮਿੱਟੀ ਦੀ ਮੁੱਠੀ।

ਇੱਕ ਮਿੱਟੀ ਦੀ ਮੁੱਠੀ,
ਆਵੇ ਨੀ,
ਕੋਈ ਜਿੰਦ ਤੈਨੂੰ ਜੋੜੇ।
ਵੱਸੇ ਕਿਸੇ ਸਿਤਾਰੇ ਅੰਦਰ,
ਉੱਡ - ਉੱਡ ਕੇ ਰੂਹ ਮੇਰੀ ਲੋੜੇ।
ਹੋਵੇ ਜੇ ਸੋਹਜਾਂ ਦਾ ਮੰਦਰ,
ਫਿਰ ਨਾ ਉਪਾਸ਼ਕ ਥੋੜ੍ਹੇ।
ਨਾ ਪਰ ਹੁਸਨ, ਨਾ ਇਸ਼ਕ ਨਿਆਜ਼ਾਂ,
ਜਦ ਤੀਕਰ ਜਿੰਦ ਰੁੱਠੀ,
ਰੁਲ਼ੇ ਪਈ,
ਇੱਕ ਮਿੱਟੀ ਦੀ ਮੁੱਠੀ।

## ਅਰਥਾਵਲੀ :

**ਦੋ ਪਿੱਪਲ਼ ਦੇ ਪੱਤੇ** - ਭਾਰਤ ਪਿੱਪਲ਼ ਹੈ ਅਤੇ ਹਿੰਦੂ-ਮੁਸਲਮਾਨ ਇਸ ਦੇ ਦੋ ਪੱਤੇ ਹਨ। **ਹੂਰ** - ਸੁੰਦਰ ਇਸਤਰੀ। **ਨਕਸ਼**- ਸੂਰਤ, ਸ਼ਕਲ। **ਘੁੰਗਰਾਲ਼ੀਆਂ** - ਵਲ਼ਦਾਰ, ਪੇਚਦਾਰ। **ਸਹਿਕ** - ਖਾਹਸ਼, ਲਾਲਸਾ, ਸੱਧਰ। **ਹੁਸ਼ਨਾਕ** - ਸੁੰਦਰ, ਖ਼ੂਬਸੂਰਤ, ਸੋਹਣਾ। **ਉਪਾਸ਼ਕ** - ਭਗਤ, ਸ਼ਰਧਾਲੂ। **ਨਿਆਜ਼ਾਂ** - ਪ੍ਰਾਰਥਨਾਵਾਂ, ਮਿੰਨਤਾਂ, ਅਰਜ਼ੋਈਆਂ।

## ਪਾਠ - ਅਭਿਆਸ

1. 'ਦੋ ਪਿੱਪਲ਼ ਦੇ ਪੱਤੇ' ਕਵਿਤਾ ਦਾ ਕੇਂਦਰੀ ਭਾਵ ਲਿਖੋ।
2. 'ਦੋ ਪਿੱਪਲ਼ ਦੇ ਪੱਤੇ' ਕਵਿਤਾ ਵਿੱਚ ਕਿਹੜੇ-ਕਿਹੜੇ ਦੇਸਾਂ ਦੀ ਗੱਲ ਕੀਤੀ ਗਈ ਹੈ?
3. 'ਇੱਕ ਮਿੱਟੀ ਦੀ ਮੁੱਠੀ' ਤੋਂ ਕੀ ਭਾਵ ਹੈ?
4. 'ਇੱਕ ਮਿੱਟੀ ਦੀ ਮੁੱਠੀ' ਕਵਿਤਾ ਦਾ ਕੇਂਦਰੀ ਭਾਵ ਲਿਖੋ।
5. ਹੇਠ ਲਿਖੇ ਕਾਵਿ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਹੋਵੇ ਜੇ ਸੋਹਜਾਂ ਦਾ ਮੰਦਰ,
ਫਿਰ ਨਾ ਉਪਾਸ਼ਕ ਥੋੜ੍ਹੇ, ।
ਨਾ ਪਰ ਹੁਸਨ, ਨਾ ਇਸ਼ਕ ਨਿਆਜ਼ਾਂ,
ਜਦ ਤੀਕਰ ਜਿੰਦ ਰੁੱਠੀ,
ਰੁਲ਼ੇ ਪਈ,
ਇੱਕ ਮਿੱਟੀ ਦੀ ਮੁੱਠੀ।

6. ਹੇਠ ਲਿਖੀਆਂ ਕਾਵਿ-ਸਤਰਾਂ ਦੀ ਵਿਆਖਿਆ ਕਰੋ :

ਦੋ ਪਿੱਪਲ਼ ਦੇ ਪੱਤੇ
ਪੁੰਗਰੇ ਹੋਏ ਹਿੰਦੁਸਤਾਨ,
ਤੋੜੇ ਆਣ ਕਿਸੇ ਅਣਭੋਲ਼,
ਉਂਵ ਤਾਂ ਇੱਕੋ-ਜਿਹੇ ਇਨਸਾਨ,
ਹੋ ਪਿਆ ਮਜ਼੍ਹਬਾਂ ਦਾ ਘੋਲ਼,
ਡੁੱਲ੍ਹਾ ਖ਼ੂਨ ਇੱਕ ਥਾਂ.......
ਲੂੰ -ਲੂੰ ਹੋ ਗਏ ਜ਼ਿਮੀ ਦੇ ਰੱਤੇ
ਕੀ ਟੁੱਟੇ ਦੋ ਆਫ਼ਤ ਦੇ ਪੱਤੇ।

***

# ਅੰਮ੍ਰਿਤਾ ਪ੍ਰੀਤਮ

(1919-2005)

ਅੰਮ੍ਰਿਤਾ ਪ੍ਰੀਤਮ ਦਾ ਜਨਮ 31 ਅਗਸਤ, 1919 ਈ. ਨੂੰ ਗੁਜਰਾਂਵਾਲੇ (ਪਾਕਿਸਤਾਨ), ਪਿਤਾ ਸ. ਕਰਤਾਰ ਸਿੰਘ ਹਿਤਕਾਰੀ ਤੇ ਮਾਤਾ ਰਾਜ ਕੌਰ ਦੇ ਘਰ ਹੋਇਆ। ਆਪ ਨੂੰ ਕਵਿਤਾ ਲਿਖਣ ਦੀ ਚੇਟਕ ਆਪਣੇ ਪਿਤਾ ਜੀ ਤੋਂ ਲੱਗੀ ਜੋ ਆਪ ਵੀ ਸਾਹਿਤਕਾਰ ਸਨ।

ਅੰਮ੍ਰਿਤਾ ਪ੍ਰੀਤਮ ਦੀ ਪਹਿਲੀ ਕਾਵਿ-ਰਚਨਾ 'ਅੰਮ੍ਰਿਤ ਲਹਿਰਾਂ' ਸੀ। ਉਸ ਤੋਂ ਬਾਅਦ 'ਜੀਉਂਦਾ ਜੀਵਨ', 'ਤ੍ਰੇਲ ਧੋਤੇ ਫੁੱਲ', 'ਓ ਗੀਤਾਂ ਵਾਲਿਆ', 'ਬੱਦਲਾਂ ਦੇ ਪੱਲੇ ਵਿੱਚ', 'ਸੰਝ ਦੀ ਲਾਲੀ', 'ਨਿੱਕੀ-ਜਿਹੀ ਸੁਗਾਤ', 'ਲੋਕ ਪੀੜ', 'ਪੱਥਰ ਗੀਟੇ' 'ਲੰਮੀਆਂ ਵਾਟਾਂ', 'ਮੈਂ ਤਵਾਰੀਖ ਹਾਂ ਹਿੰਦ ਦੀ', 'ਸਰਘੀ ਵੇਲਾ', 'ਸੁਨੇਹੜੇ', 'ਅਸ਼ੋਕਾ ਚੇਤੀ', 'ਕਸਤੂਰੀ' 'ਕਾਗਜ਼ ਤੇ ਕੈਨਵਸ ਆਦਿ ਕਾਵਿ ਸੰਗ੍ਰਹਿ ਛਪੇ। ਅਜ਼ਾਦੀ ਤੋਂ ਬਾਅਦ ਪੰਜਾਬ ਦੀ ਵੰਡ ਸਮੇਂ 'ਅੱਜ ਆਖਾਂ ਵਾਰਸ ਸ਼ਾਹ ਨੂੰ' ਨਾਂ ਦੀ ਕਵਿਤਾ ਨੇ ਆਪ ਨੂੰ ਬੇਹੱਦ ਪ੍ਰਸਿੱਧੀ ਦਿਵਾਈ। ਅੰਮ੍ਰਿਤਾ ਪ੍ਰੀਤਮ ਕੌਮਾਂਤਰੀ ਪੱਧਰ 'ਤੇ ਪ੍ਰਸਿੱਧੀ ਪ੍ਰਾਪਤ ਕਰਨ ਵਾਲ਼ੀ ਪੰਜਾਬੀ ਦੀ ਪਹਿਲੀ ਕਵਿਤਰੀ ਸੀ। ਆਪ ਦੀਆਂ ਰਚਨਾਵਾਂ ਕਈ ਦੇਸੀ, ਵਿਦੇਸ਼ੀ ਭਾਸ਼ਾਵਾਂ ਵਿੱਚ ਅਨੁਵਾਦ ਹੋਈਆਂ। ਆਪ ਨੇ 'ਨਾਗਮਣੀ' ਨਾਂ ਦਾ ਰਿਸਾਲਾ ਵੀ ਕੱਢਿਆ। ਅੰਮ੍ਰਿਤਾ ਪ੍ਰੀਤਮ ਨੇ ਨਾਵਲ ਅਤੇ ਕਹਾਣੀ ਦੇ ਖੇਤਰ ਵਿੱਚ ਵੀ ਭਰਪੂਰ ਨਾਮਣਾ ਖੱਟਿਆ। ਸਫ਼ਰਨਾਮੇ ਤੇ ਵਾਰਤਕ ਦੀਆਂ ਪੁਸਤਕਾਂ ਵੀ ਲਿਖੀਆਂ। 'ਸੁਨੇਹੜੇ' ਕਾਵਿ-ਸੰਗ੍ਰਹਿ ਨੂੰ ਭਾਰਤੀ ਸਾਹਿਤ-ਅਕਾਦਮੀ ਪੁਰਸਕਾਰ ਦਿੱਤਾ ਗਿਆ। 'ਕਾਗ਼ਜ਼ ਤੇ ਕੈਨਵਸ' ਨੂੰ ਗਿਆਨਪੀਠ ਪੁਰਸਕਾਰ ਅਤੇ ਪੰਜਾਬੀ ਅਕਾਦਮੀ, ਦਿੱਲੀ ਵੱਲੋਂ 'ਸ਼ਤਾਬਦੀ ਪੰਜਾਬੀ ਕਵੀ ਪੁਰਸਕਾਰ' ਨਾਲ਼ ਸਨਮਾਨਿਤ ਕੀਤਾ ਗਿਆ। 2004 ਈ: ਵਿੱਚ ਭਾਰਤ ਦੇ ਸਰਬੋਤਮ ਸਨਮਾਨ 'ਪਦਮ ਵਿਭੂਸ਼ਨ' ਨਾਲ਼ ਆਪ ਨੂੰ ਅਲੰਕ੍ਰਿਤ ਕੀਤਾ ਗਿਆ।

## ਤ੍ਰਿੰਵਣ

ਸੱਭੇ ਸਹੇਲੀਆਂ ਬਣ ਬਣ ਆਈਆਂ
ਸੱਜਰੇ ਸਿਰ ਗੁੰਦਾ
ਇੱਕ ਹੱਥ ਚਰਖਾ ਇੱਕ ਹੱਥ ਪੱਛੀ
ਏਸ ਤ੍ਰਿੰਵਣ ਦੇ ਚਾਅ
ਕਿਸੇ ਨੇ ਪਾਇਆ ਕੋਰਾ ਝੱਗਾ
ਨਿੱਕੀ-ਨਿੱਕੀ ਬੂਟੀ ਦਾ।
ਕਿਸੇ ਨੇ ਸਿਰ 'ਤੇ ਲੀੜਾ ਲੀਤਾ
ਮਹੀਨ ਡੋਰੀਏ ਦਾ
ਅੱਖੀਂ ਕੱਜਲਾ ਬੁੱਲ੍ਹ ਦੰਦਾਸਾ

ਹੱਥੀਂ ਮਹਿੰਦੀ ਲਾ
ਬਣ-ਬਣ ਪਈਆਂ ਪੈਣ
ਬਲੌਰੀ ਗਜਰੇ ਹੱਥ ਚੜ੍ਹਾ
ਚਿੱਟੇ ਪੱਟ ਦਾ ਮੋਤੀਆ
ਤੇ ਸਾਵੀਆਂ ਡੰਡੀਆਂ ਪਾ
ਕਿਸੇ ਨੇ ਸਿਰ 'ਤੇ ਪੱਲਾ ਕੀਤਾ
ਸੂਹੀ ਫੁਲਕਾਰੀ ਦਾ
ਸਹੇਲੀਆਂ ਦੀ ਸਰਦਾਰ ਹੀਰ ਕੋਈ
ਡੰਡੀ ਝੁਮਕੀ ਪਾ
ਐਧਰ ਸਖੀਆਂ ਔਧਰ ਸਖੀਆਂ
ਬੈਠੀ ਪੀੜ੍ਹਾ ਡਾਹ
ਕਿਸੇ ਨੇ ਆਂਦੀ ਪੱਛੀ ਭਰ ਕੇ
ਚੌਲ਼ ਤੇ ਕਣਕ ਭੁਨਾ
ਖੱਖੜੀਆਂ ਦੇ ਬੀ ਭੁਨਾਏ
ਕਿਸੇ ਭੱਠੀ 'ਤੇ ਜਾ
ਕੋਈ ਲਿਆਈ ਘੁੰਗਣੀਆਂ
ਕੋਈ ਖਿੱਲਾਂ ਝੋਲ਼ੀ ਪਾ
ਕੋਈ ਲਿਆਈ ਖੀਲਾਂ ਛੋਲੇ
ਸੱਤੂ ਕੋਈ ਬਣਵਾ
ਨਿੱਤ ਨਿੱਤ ਵਗਦੇ ਰਹਿਣਗੇ ਪਾਣੀ
ਨਿੱਤ ਪੱਤਣ 'ਤੇ ਮੇਲਾ
ਬਚਪਨ ਨਿੱਤ ਜਵਾਨੀ ਬਣਦਾ
ਨਿੱਤ ਕੱਤਣ ਦਾ ਵੇਲਾ
ਜੋ ਪਾਣੀ ਅੱਜ ਪੱਤਣੋਂ ਲੰਘੇ
ਫੇਰ ਨਾ ਆਵੇ ਭਲ਼ਕੇ
ਬੇੜੀ ਦਾ ਪੂਰ, ਤ੍ਰਿੰਞਣ ਦੀਆਂ ਕੁੜੀਆਂ
ਫੇਰ ਨਾ ਬੈਠਣ ਰਲ਼ ਕੇ।

## ਅਹਿਦਨਾਮਾ

ਅਮਨ ਦਾ ਇਹ ਅਹਿਦਨਾਮਾ, ਆਓ ਦੁਨੀਆ ਵਾਲ਼ਿਓ ਦਸਖ਼ਤ ਕਰੋ
ਕਾਗ਼ਜ਼ ਹੈ ਇਹ ਤਕਦੀਰ ਦਾ ਤੇ ਕਲਮ ਹੈ ਤਦਬੀਰ ਦੀ
ਅੱਜ ਕਲਮ ਦੇ ਵਿੱਚ ਅਮਨ ਦੀ ਸਿਆਹੀ ਭਰੋ, ਦਸਖ਼ਤ ਕਰੋ।

ਨਫ਼ਰਤ ਦੀ ਕਾਲ਼ੀ ਰਾਤ ਹੈ, ਨਫ਼ਰਤ ਦੀ ਕਾਲ਼ੀ ਬਾਤ ਹੈ
ਠੋਹਕਰ ਨਾ ਲੱਗੇ ਇਲਮ ਨੂੰ, ਠੋਹਕਰ ਨਾ ਲੱਗੇ ਕਲਮ ਨੂੰ
ਦਿਲ ਦਾ ਚਿਰਾਗ਼ ਬਾਲ਼ ਕੇ ਸਾਂਹਵੇਂ ਧਰੋ, ਦਸਖ਼ਤ ਕਰੋ।

ਆਵੋ ਕਿ ਜਿੰਦਾਂ ਮਹਿੰਗੀਆਂ, ਆਵੋ ਕਿ ਮੌਤਾਂ ਸਸਤੀਆਂ
ਓਏ ਹੁਸਨ ਦੇ ਵਣਜਾਰਿਓ, ਓਏ ਹੁਨਰ ਦੇ ਵਣਜਾਰਿਓ
ਅੱਜ ਆਪਣੇ-ਆਪਣੇ ਇਸ਼ਕ ਨੂੰ ਜ਼ਾਮਨ ਧਰੋ, ਦਸਖ਼ਤ ਕਰੋ।

ਬਰਕਤ ਤੇਰੀ ਆਵਾਜ਼ ਦੀ, ਬਰਕਤ ਮੇਰੀ ਆਵਾਜ਼ ਦੀ
ਤੇ ਬੂੰਦ-ਬੂੰਦ ਜੋੜ ਕੇ ਸਾਗਰ ਭਰੋ, ਦਸਖ਼ਤ ਕਰੋ।

ਦੀਨਾਂ-ਈਮਾਨਾਂ ਵਾਲ਼ਿਓ ਦਸਖ਼ਤ ਕਰੋ।
ਦੋਂਹਾਂ ਜਹਾਨਾਂ ਵਾਲ਼ਿਓ ਦਸਖ਼ਤ ਕਰੋ।
ਨੇਮਾਂ ਤੇ ਧਰਮਾਂ ਵਾਲ਼ਿਓ ਦਸਖ਼ਤ ਕਰੋ।
ਵੇ ਆਓ ਕਰਮਾਂ ਵਾਲ਼ਿਓ ਦਸਖ਼ਤ ਕਰੋ।

## ਅਰਥਾਵਲੀ :

**ਪੱਛੀ** - ਟੋਕਰੀ। **ਤ੍ਰਿੰਞਣ** - ਜਿੱਥੇ ਕੁੜੀਆਂ ਇਕੱਠੀਆਂ ਬੈਠ ਕੇ ਕੱਤਦੀਆਂ ਹਨ। **ਕੋਰਾ** - ਨਵਾਂ। **ਮਹੀਨ** - ਪਤਲਾ। **ਬਲੌਰੀ** - ਕੱਚ ਦੇ। **ਸੂਹੀ** - ਲਾਲ। **ਆਭਾ** - ਚਮਕ-ਦਮਕ। **ਖੱਖੜੀਆਂ** - ਕੱਕੜੀਆਂ, ਤਰਾਂ, ਖ਼ਰਬੂਜ਼ੇ, ਫੁੱਟਾਂ। **ਘੁੰਗਣੀਆਂ** - ਉੱਬਲ਼ੇ ਹੋਏ ਅਨਾਜ ਦੇ ਦਾਣੇ, ਬੱਕਲ਼ੀਆਂ। **ਸੱਤੂ** -ਭੁਨਾ ਕੇ ਪੀਸੇ ਹੋਏ ਜੌਂਆਂ ਤੋਂ ਤਿਆਰ ਕੀਤਾ ਸ਼ਰਬਤ। **ਪੱਤਣ** - ਨਦੀ ਜਾਂ ਦਰਿਆ ਆਦਿ ਦਾ ਕੰਢਾ, ਉਹ ਥਾਂ ਜਿੱਥੋਂ ਦਰਿਆ ਵਿੱਚ ਦੀ ਲੰਘਦੇ ਹਨ। **ਅਹਿਦਮਨਾਮਾ** - ਇਕਰਾਰਨਾਮਾ, ਸੰਧੀ-ਪੱਤਰ, ਪ੍ਰਤਿੱਗਿਆ ਪੱਤਰ। **ਅਮਲ** - ਕਿਸੇ ਗੱਲ ਦੀ ਪਾਲਣਾ ਕਰਨੀ। **ਇਲਮ** - ਵਿੱਦਿਆ, ਗਿਆਨ। **ਸਾਂਹਵੇਂ** - ਸਾਮ੍ਹਣੇ, ਮੂਹਰਲੇ ਪਾਸੇ। **ਹੁਨਰ** - ਕਿਸੇ ਕੰਮ ਵਿੱਚ ਮੁਹਾਰਤ, ਕਾਰੀਗਰੀ। **ਜ਼ਾਮਨ** - ਜ਼ਮਾਨਤ ਦੇਣ ਵਾਲ਼ਾ, ਜ਼ੁੰਮੇਵਾਰ।

## ਪਾਠ - ਅਭਿਆਸ

1. ਕਵਿਤਰੀ ਨੇ ਤ੍ਰਿੰਞਣ ਦਾ ਜੋ ਚਿੱਤਰ ਪੇਸ਼ ਕੀਤਾ ਹੈ, ਉਸ ਦਾ ਬਿਆਨ ਆਪਣੇ ਸ਼ਬਦਾਂ ਵਿੱਚ ਕਰੋ।
2. 'ਤ੍ਰਿੰਞਣ' ਕਵਿਤਾ ਵਿੱਚ ਖਾਣ-ਪੀਣ ਦੀਆਂ ਕਿਹੜੀਆਂ-ਕਿਹੜੀਆਂ ਵਸਤਾਂ ਦਾ ਜ਼ਿਕਰ ਆਇਆ ਹੈ?
3. 'ਤ੍ਰਿੰਞਣ' ਕਵਿਤਾ ਦਾ ਕੇਂਦਰੀ ਭਾਵ ਲਿਖੋ।
4. 'ਅਹਿਦਨਾਮਾ' ਕਵਿਤਾ ਵਿੱਚ ਦੁਨੀਆ ਵਾਲ਼ਿਆਂ ਨੂੰ ਕਿਸ ਅਹਿਦਨਾਮੇ ਉੱਤੇ ਦਸਖ਼ਤ ਕਰਨ ਲਈ ਆਖਿਆ ਗਿਆ ਹੈ?
5. ਦਸਖ਼ਤ ਕਰਨ ਲਈ ਕਿਸ-ਕਿਸ ਪ੍ਰਕਾਰ ਦੇ ਲੋਕਾਂ ਨੂੰ ਸੱਦਾ ਦਿੱਤਾ ਗਿਆ ਹੈ ?
6. ਹੇਠ ਲਿਖੇ ਕਾਵਿ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

   ਨਫ਼ਰਤ ਦੀ ਕਾਲ਼ੀ ਰਾਤ ਹੈ, ਨਫ਼ਰਤ ਦੀ ਕਾਲ਼ੀ ਬਾਤ ਹੈ
   ਠੋਹਕਰ ਨਾ ਲੱਗੇ ਇਲਮ ਨੂੰ, ਠੋਹਕਰ ਨਾ ਲੱਗੇ ਕਲਮ ਨੂੰ
   ਦਿਲ ਦਾ ਚਿਰਾਗ਼ ਬਾਲ਼ ਕੇ ਸਾਂਹਵੇਂ ਧਰੋ, ਦਸਖ਼ਤ ਕਰੋ।

7. ਹੇਠ ਲਿਖੀਆਂ ਕਾਵਿ-ਸਤਰਾਂ ਦੀ ਵਿਆਖਿਆ ਕਰੋ :

   ਜੋ ਪਾਣੀ ਅੱਜ ਪੱਤਣੋਂ ਲੰਘੇ,
   ਫੇਰ ਨਾ ਆਵੇ ਭਲ਼ਕੇ।
   ਬੇੜੀ ਦਾ ਪੂਰ ਤ੍ਰਿੰਞਣ ਦੀਆਂ ਕੁੜੀਆਂ,
   ਫੇਰ ਨਾ ਬੈਠਣ ਰਲ਼ ਕੇ।

*ਅੰਮ੍ਰਿਤਾ ਪ੍ਰੀਤਮ ਦੀ ਪ੍ਰਸਿੱਧ ਕਵਿਤਾ 'ਅੱਜ ਆਖਾਂ ਵਾਰਿਸਸ਼ਾਹ ਨੂੰ' ਸਕੂਲ ਦੀ ਲਾਇਬ੍ਰੇਰੀ ਵਿੱਚੋਂ ਪ੍ਰਾਪਤ ਕਰਕੇ ਪੜ੍ਹੋ ਅਤੇ ਆਪਣੀਆਂ ਕਾਪੀਆਂ 'ਤੇ ਲਿਖੋ।*

# ਸ਼ਿਵ ਕੁਮਾਰ ਬਟਾਲਵੀ

## (1937-1973)

ਸ਼ਿਵ ਕੁਮਾਰ ਦਾ ਜਨਮ ਬੜਾ ਪਿੰਡ ਲੋਹਟੀਆਂ, ਜ਼ਿਲ੍ਹਾ ਗੁਰਦਾਸਪੁਰ ਵਿੱਚ ਸ੍ਰੀ ਕ੍ਰਿਸ਼ਨ ਗੋਪਾਲ ਦੇ ਘਰ 8 ਅਕਤੂਬਰ, 1937 ਈ: ਨੂੰ ਸ੍ਰੀਮਤੀ ਸ਼ਾਂਤੀ ਦੇਵੀ ਦੀ ਕੁੱਖੋਂ ਹੋਇਆ। ਸ਼ਿਵ ਨੇ 1953 ਈ: ਵਿੱਚ ਮੈਟ੍ਰਿਕ ਕੀਤੀ ਤੇ ਫਿਰ ਐੱਫ. ਐੱਸ-ਸੀ. ਕਰਕੇ ਪੜ੍ਹਾਈ ਵੱਲੋਂ ਦਿਲ ਉਚਾਟ ਹੋ ਗਿਆ। ਕੁਝ ਸਮਾਂ ਪਟਵਾਰ ਦਾ ਕੰਮ ਕੀਤਾ ਪਰ ਨੌਜਵਾਨ ਸ਼ਾਇਰ ਲਈ ਇਹ ਕਿੱਤਾ ਰਾਸ ਨਾ ਆਇਆ। ਸ਼ਿਵ ਦੇ ਕੋਲ਼ ਬਿਰਹਾ ਭਰੇ ਗੀਤ ਸਨ ਤੇ ਉਹਨਾਂ ਨੂੰ ਗਾਉਣ ਲਈ ਸੋਜ਼ ਭਰੀ ਅਵਾਜ਼ ਵੀ। ਇਸ ਲਈ ਉਸ ਦੀ ਦਰਦ ਭਰੀ ਅਵਾਜ਼ ਸਟੇਜਾਂ 'ਤੇ ਗੂੰਜਣ ਲੱਗੀ ਤੇ ਉਹ ਪੰਜਾਬੀ ਦਾ ਪ੍ਰਮੁੱਖ ਕਵੀ ਹੋ ਨਿੱਬੜਿਆ। ਉਹਨਾਂ ਦੀਆਂ ਪ੍ਰਸਿੱਧ ਕਾਵਿ-ਪੁਸਤਕਾਂ ਹਨ : ਪੀੜਾਂ ਦਾ ਪਰਾਗਾ, ਲਾਜਵੰਤੀ, ਆਟੇ ਦੀਆਂ ਚਿੜੀਆਂ, ਮੈਨੂੰ ਵਿਦਾ ਕਰੋ, ਲੂਣਾ, ਆਰਤੀ, ਮੈਂ ਤੇ ਮੈਂ ਆਦਿ। 'ਬਿਰਹਾ ਤੂੰ ਸੁਲਤਾਨ', ਉਹਨਾਂ ਦਾ ਚੋਣਵਾਂ ਕਾਵਿ-ਸੰਗ੍ਰਹਿ ਹੈ। ਆਪ ਦੀ ਕਾਵਿ-ਰਚਨਾ 'ਲੂਣਾ' ਨੂੰ ਭਾਰਤੀ ਸਾਹਿਤ ਅਕਾਦਮੀ ਵੱਲੋਂ ਪੁਰਸਕ੍ਰਿਤ ਕੀਤਾ ਗਿਆ। ਉਹਨਾਂ ਦਾ ਦਿਹਾਂਤ ਭਰ-ਜਵਾਨੀ ਦੀ ਉਮਰ ਵਿੱਚ 7 ਮਈ, 1973 ਈ: ਨੂੰ ਹੋ ਗਿਆ।

### ਧਰਮੀ ਬਾਬਲਾ

ਜਦ ਪੈਣ ਕਪਾਹੀਂ ਫੁੱਲ
ਵੇ ਧਰਮੀ ਬਾਬਲਾ।
ਸਾਨੂੰ ਉਹ ਰੁੱਤ ਲੈ ਦਈਂ ਮੁੱਲ
ਵੇ ਧਰਮੀ ਬਾਬਲਾ।
ਇਸ ਰੁੱਤੇ ਮੇਰਾ ਗੀਤ ਗਵਾਚਾ
ਜਿਦ੍ਹੇ ਗਲ਼ ਬਿਰਹੋਂ ਦੀ ਗਾਨੀ
ਮੁੱਖ 'ਤੇ ਕਿੱਲ ਗ਼ਮਾਂ ਦੇ-
ਨੈਣੀਂ ਉੱਜੜੇ ਖੂਹ ਦਾ ਪਾਣੀ
ਗੀਤ ਕਿ ਜਿਸ ਨੂੰ ਹੋਂਠ ਛੁਹਾਇਆਂ
ਜਾਏ ਕਥੂਰੀ ਹੁੱਲ,
ਵੇ ਧਰਮੀ ਬਾਬਲਾ।
ਸਾਨੂੰ ਗੀਤ ਉਹ ਲੈ ਦਈਂ ਮੁੱਲ
ਵੇ ਧਰਮੀ ਬਾਬਲਾ।
ਇੱਕ ਦਿਨ ਮੈਂ ਤੇ ਗੀਤ ਮੇਰੇ

ਇਸ ਟੂਣੇਹਾਰੀ ਰੁੱਤੇ
ਦਿਲਾਂ ਦੀ ਧਰਤੀ ਵਾਹੀ ਗੋਡੀ
ਬੀਜੇ ਸੁਪਨੇ ਸੁੱਚੇ,
ਲੱਖ ਨੈਣਾਂ ਦੇ ਪਾਣੀ ਸਿੰਜੇ
ਪਰ ਨਾ ਲੱਗੇ ਫੁੱਲ
ਵੇ ਧਰਮੀ ਬਾਬਲਾ
ਸਾਨੂੰ ਇੱਕ ਫੁੱਲ ਲੈ ਦਈਂ ਮੁੱਲ
ਵੇ ਧਰਮੀ ਬਾਬਲਾ।

ਕਿਹੜੇ ਕੰਮ ਇਹ ਮਿਲਖ ਜਗੀਰਾਂ
ਜੇ ਧੀਆਂ ਕੁਮਲਾਈਆਂ
ਕਿਹੜੇ ਕੰਮ ਤੇਰੇ ਮਾਨਸਰੋਵਰ
ਹੰਸਨੀਆਂ ਤਿਰਹਾਈਆਂ
ਕਿਹੜੇ ਕੰਮ ਖਿਲਾਰੀ ਤੇਰੀ
ਚੋਗ ਮੋਤੀਆਂ ਤੁੱਲ
ਵੇ ਧਰਮੀ ਬਾਬਲਾ
ਜੇ ਰੁੱਤ ਨਾ ਲੈ ਦਏਂ ਮੁੱਲ
ਵੇ ਧਰਮੀ ਬਾਬਲਾ।
ਜਦ ਪੈਣ ਕਪਾਹੀਂ ਫੁੱਲ
ਵੇ ਧਰਮੀ ਬਾਬਲਾ।

## ਆਰਤੀ

ਮੈਂ ਕਿਸ ਹੰਝੂ ਦਾ ਦੀਵਾ ਬਾਲ਼ ਕੇ
ਤੇਰੀ ਆਰਤੀ ਗਾਵਾਂ
ਮੈਂ ਕਿਹੜੇ ਸ਼ਬਦ ਦੇ ਬੂਹੇ 'ਤੇ
ਮੰਗਣ ਗੀਤ ਅੱਜ ਜਾਵਾਂ
ਜੋ ਤੈਨੂੰ ਕਰਨ ਲਈ ਭੇਟਾ
ਮੈਂ ਤੇਰੇ ਦੁਆਰ 'ਤੇ ਆਵਾਂ
ਮੇਰਾ ਕੋਈ ਗੀਤ ਨਹੀਂ ਐਸਾ
ਜੋ ਤੇਰੇ ਮੇਚ ਆ ਜਾਵੇ
ਭਰੇ ਬਾਜ਼ਾਰ ਵਿੱਚ ਜਾ ਕੇ
ਜੋ ਆਪਣਾ ਸਿਰ ਕਟਾ ਆਵੇ
ਜੋ ਆਪਣੇ ਸੋਹਲ ਛਿੰਦੇ ਬੋਲ

ਨੀਂਹਾਂ ਵਿੱਚ ਚਿਣਾ ਆਵੇ
ਤਿਹਾਏ ਸ਼ਬਦ ਨੂੰ ਤਲਵਾਰ ਦਾ
ਪਾਣੀ ਪਿਆ ਆਵੇ
ਜੋ ਲੁੱਟ ਜਾਵੇ ਤੇ ਮੁੜ ਵੀ
ਯਾਰੜੇ ਦੇ ਸੱਥਰੀਂ ਗਾਵੇ।

ਚਿੜੀ ਦੇ ਖੰਭ ਦੀ ਲਲਕਾਰ
ਸੌ ਬਾਜ਼ਾਂ ਨੂੰ ਖਾ ਜਾਵੇ
ਮੈਂ ਕਿੰਜ ਤਲਵਾਰ ਦੀ ਗਾਨੀ
ਅੱਜ ਆਪਣੇ ਗੀਤ ਗਲ਼ ਪਾਵਾਂ
ਮੇਰਾ ਹਰ ਗੀਤ ਬੁਜ਼ਦਿਲ ਹੈ
ਮੈਂ ਕਿਹੜਾ ਗੀਤ ਅੱਜ ਗਾਵਾਂ
ਮੈਂ ਕਿਹੜੇ ਬੋਲ ਦੀ ਭੇਟਾ
ਲੈ ਤੇਰੇ ਦੁਆਰ 'ਤੇ ਆਵਾਂ

ਮੇਰੇ ਗੀਤਾਂ ਦੀ ਮਹਿਫ਼ਲ 'ਚੋਂ
ਕੋਈ ਉਹ ਗੀਤ ਨਹੀਂ ਲੱਭਦਾ
ਜੋ ਤੇਰੇ ਸੀਸ ਮੰਗਣ 'ਤੇ
ਤੇਰੇ ਸਾਹਵੇਂ ਖੜ੍ਹਾ ਹੋਵੇ
ਜੋ ਮੈਲ਼ੇ ਹੋ ਚੁੱਕੇ ਲੋਹੇ ਨੂੰ
ਆਪਣੇ ਖ਼ੂਨ ਵਿੱਚ ਧੋਵੇ
ਕਿ ਜਿਸ ਦੀ ਮੌਤ ਪਿੱਛੋਂ
ਓਸ ਨੂੰ ਕੋਈ ਸ਼ਬਦ ਨਾ ਰੋਵੇ
ਕਿ ਜਿਸ ਨੂੰ ਪੀੜ ਤਾਂ ਕੀਹ
ਕਿ ਜਿਸ ਨੂੰ ਅਹਿਸਾਸ ਨਾ ਛੋਹਵੇ
ਜੋ ਲੋਹਾ ਪੀ ਸਕੇ ਉਹ ਗੀਤ
ਕਿੱਥੋਂ ਲੈ ਕੇ ਮੈਂ ਆਵਾਂ
ਮੈਂ ਆਪਣੀ ਪੀੜ ਦੇ ਅਹਿਸਾਨ ਕੋਲ਼ੋਂ
ਦੂਰ ਕਿੰਜ ਜਾਵਾਂ।

ਮੈਂ ਤੇਰੀ ਉਸਤਤੀ ਦਾ ਗੀਤ
ਚਾਹੁੰਦਾ ਹਾਂ ਕਿ ਉਹ ਹੋਵੇ
ਜਿਦ੍ਹੇ ਹੱਥ ਸੱਚ ਦੀ ਤਲਵਾਰ
ਤੇ ਨੈਣਾਂ 'ਚ ਰੋਹ ਹੋਵੇ
ਜਿਦ੍ਹੇ ਵਿੱਚ ਵਤਨ ਦੀ ਮਿੱਟੀ ਲਈ

ਅੰਤਾਂ ਦਾ ਮੋਹ ਹੋਵੇ
ਜਿਦ੍ਹੇ ਵਿੱਚ ਲਹੂ ਤੇਰੇ ਦੀ
ਰਲ਼ੀ ਲਾਲੀ ਤੇ ਲੋਅ ਹੋਵੇ
ਮੈਂ ਆਪਣੇ ਲਹੂ ਦਾ
ਕਿਸੇ ਗੀਤ ਨੂੰ ਟਿੱਕਾ ਕਿਵੇਂ ਲਾਵਾਂ
ਮੈਂ ਬੁਜ਼ਦਿਲ ਗੀਤ ਲੈ ਕੇ
ਕਿਸ ਤਰ੍ਹਾਂ ਤੇਰੇ ਦੁਆਰ 'ਤੇ ਆਵਾਂ

ਮੈਂ ਚਾਹੁੰਦਾ ਏਸ ਤੋਂ ਪਹਿਲਾਂ
ਕਿ ਤੇਰੀ ਆਰਤੀ ਗਾਵਾਂ
ਮੈਂ ਮੈਲ਼ੇ ਸ਼ਬਦ ਧੋ ਕੇ
ਜੀਭ ਦੀ ਕਿੱਲੀ 'ਤੇ ਪਾ ਆਵਾਂ
ਤੇ ਮੈਲ਼ੇ ਸ਼ਬਦ ਸੁੱਕਣ ਤੀਕ
ਤੇਰੀ ਹਰ ਪੀੜ ਚੁੰਮ ਆਵਾਂ
ਤੇਰੀ ਹਰ ਪੈੜ 'ਤੇ-
ਹੰਝੂ ਦਾ ਇੱਕ ਸੂਰਜ ਜਗਾ ਆਵਾਂ
ਮੈਂ ਲੋਹਾ ਪੀਣ ਦੀ ਆਦਤ
ਜ਼ਰਾ ਗੀਤਾਂ ਨੂੰ ਪਾ ਆਵਾਂ
ਮੈਂ ਸ਼ਾਇਦ ਫੇਰ ਕੁਝ
ਭੇਟਾ ਕਰਨਯੋਗ ਹੋ ਜਾਵਾਂ
ਮੈਂ ਬੁਜ਼ਦਿਲ ਗੀਤ ਲੈ ਕੇ
ਕਿਸ ਤਰ੍ਹਾਂ ਤੇਰੇ ਦੁਆਰ ਆਵਾਂ
ਮੈਂ ਕਿਹੜੇ ਸ਼ਬਦ ਦੇ ਬੂਹੇ 'ਤੇ
ਮੰਗਣ ਗੀਤ ਅੱਜ ਜਾਵਾਂ
ਮੇਰਾ ਹਰ ਗੀਤ ਬੁਜ਼ਦਿਲ ਹੈ
ਮੈਂ ਕਿਹੜਾ ਗੀਤ ਅੱਜ ਗਾਵਾਂ।

## ਢੋਲ ਵਜਾਓ

ਢੋਲ ਵਜਾਓ ਕਰੋ ਮੁਨਾਦੀ
ਬਰਬਾਦੀ ਪਈ ਕਰੇ ਅਬਾਦੀ।

ਰੱਕੜ ਬੀਜੇ ਬੰਜਰ ਵਾਹਿਆ
ਮੋੜ-ਮੋੜ ਕੇ ਡੈਮ ਬਣਾਇਆ
ਦੂਣਾ-ਚੌਣਾ ਅੰਨ ਉਗਾਇਆ

ਫਿਰ ਵੀ ਉਹ ਪੂਰਾ ਨਾ ਆਇਆ
ਢੋਲ ਵਜਾਓ, ਕਰੋ ਮੁਨਾਦੀ
ਬਰਬਾਦੀ ਪਈ ਕਰੇ ਅਬਾਦੀ।

ਪਰਬਤ ਚੀਰ ਬਣਾਈਆਂ ਨਹਿਰਾਂ
ਬਿਜਲੀ ਕੱਢੀ ਰਿੜਕੀਆਂ ਲਹਿਰਾਂ
ਫ਼ਰਕ ਮਿਟਾਇਆ ਪਿੰਡਾਂ-ਸ਼ਹਿਰਾਂ
ਪਰ ਨਾ ਹੋਈਆਂ ਲਹਿਰਾਂ-ਬਹਿਰਾਂ
ਢੋਲ ਵਜਾਓ ਕਰੋ ਮੁਨਾਦੀ
ਬਰਬਾਦੀ ਪਈ ਕਰੇ ਅਬਾਦੀ।

ਸੁਣਿਉਂ-ਸੁਣਿਉਂ ਲੋਕੋ-ਲੋਕੋ
ਕੁਝ ਤਾਂ ਸਮਝੋ ਕੁਝ ਤਾਂ ਸੋਚੋ
ਮੱਥਿਆਂ ਦੇ ਵਿੱਚ ਕਿੱਲ ਨਾ ਠੋਕੋ
ਵਧਦੀ ਅਬਾਦੀ ਨੂੰ ਰੋਕੋ
ਢੋਲ ਵਜਾਓ, ਕਰੋ ਮੁਨਾਦੀ
ਬਰਬਾਦੀ ਪਈ ਕਰੇ ਅਬਾਦੀ।

## ਅਰਥਾਵਲੀ :

**ਬਿਰਹੋਂ** - ਵਿਛੋੜਾ, ਜੁਦਾਈ। **ਕਥੂਰੀ** - ਕਸਤੂਰੀ। **ਹੁੱਲ** - ਖ਼ੁਸ਼ਬੋ ਭਰੀ ਹਵਾ, ਹਵਾ ਵਿੱਚ ਸੁਗੰਧੀ ਦਾ ਘੁਲ਼ਨਾ। **ਟੂਣੇਹਾਰੀ ਰੁੱਤ** - ਜਾਦੂ-ਅਸਰ ਵਾਲ਼ੀ ਰੁੱਤ। **ਮਿਲਖ**- ਜਗੀਰਾਂ- ਜਾਇਦਾਦ, ਧਨ-ਦੌਲਤ। **ਮਾਨਸਰੋਵਰ** - ਹਿਮਾਲੀਆ ਦੇ ਉੱਤਰ ਵੱਲ ਪਾਈ ਜਾਣ ਵਾਲ਼ੀ ਇੱਕ ਪ੍ਰਸਿੱਧ ਝੀਲ। **ਤੁੱਲ** - ਵਰਗੀ, ਸਮਾਨ। **ਆਰਤੀ** - ਆਰਤੀ ਦੀ ਰੀਤੀ ਦੁਆਰਾ ਕਿਸੇ ਦਾ ਸਨਮਾਨ ਜਾਂ ਜਸ ਕਰਨਾ। **ਸੱਥਰੀਂ** - ਕੱਖ-ਪਰਾਲ਼ ਦੇ ਬਿਸਤਰੇ ਉੱਤੇ। **ਅਹਿਸਾਨ** - ਕਿਰਪਾ, ਭਲਾਈ, ਉਪਕਾਰ। **ਮੁਨਾਦੀ** - ਡੌਂਡੀ, ਢੰਡੋਰਾ, ਹੋਕਾ। **ਰੱਕੜ** - ਅਣਵਾਹੀ ਧਰਤੀ, ਬੰਜਰ ਜ਼ਮੀਨ। **ਲਹਿਰਾਂ - ਬਹਿਰਾਂ**- ਮੌਜ, ਅਨੰਦ, ਖ਼ੁਸ਼ਹਾਲੀ, ਵਾਧਾ।

## ਪਾਠ - ਅਭਿਆਸ

1. 'ਧਰਮੀ ਬਾਬਲਾ' ਕਵਿਤਾ ਦਾ ਕੇਂਦਰੀ ਭਾਵ ਲਿਖੋ।
2. 'ਆਰਤੀ' ਕਵਿਤਾ ਕਿਹੜੇ ਸਿੱਖ ਗੁਰੂ ਸਾਹਿਬ ਨਾਲ਼ ਸੰਬੰਧਿਤ ਹੈ?
3. 'ਆਰਤੀ' ਕਵਿਤਾ ਦਾ ਕੇਂਦਰੀ ਭਾਵ ਲਿਖੋ।
4. 'ਆਰਤੀ' ਕਵਿਤਾ ਅਨੁਸਾਰ ਕਵੀ ਨੂੰ ਆਪਣਾ ਕੋਈ ਵੀ ਗੀਤ 'ਆਰਤੀ' ਲਈ ਢੁਕਵਾਂ ਕਿਉਂ ਪ੍ਰਤੀਤ ਨਹੀਂ ਹੁੰਦਾ?
5. 'ਢੋਲ ਵਜਾਓ' ਕਵਿਤਾ ਦਾ ਕੇਂਦਰੀ ਭਾਵ ਲਿਖੋ।

6. ਹੇਠ ਲਿਖੇ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਮੈਂ ਤੇਰੀ ਉਸਤਤੀ ਦਾ ਗੀਤ
ਚਾਹੁੰਦਾ ਹਾਂ ਕਿ ਉਹ ਹੋਵੇ
ਜਿਦ੍ਹੇ ਹੱਥ ਸੱਚ ਦੀ ਤਲਵਾਰ
ਤੇ ਨੈਣਾਂ 'ਚ ਰੋਹ ਹੋਵੇ।

(ਅ) ਮੈਂ ਕਿਹੜੇ ਸ਼ਬਦ ਦੇ ਬੂਹੇ 'ਤੇ,
ਮੰਗਣ ਗੀਤ ਅੱਜ ਜਾਵਾਂ।
ਮੇਰਾ ਹਰ ਗੀਤ ਬੁਜ਼ਦਿਲ ਹੈ,
ਮੈਂ ਕਿਹੜਾ ਗੀਤ ਅੱਜ ਗਾਵਾਂ।

7. ਹੇਠ ਲਿਖੀਆਂ ਕਾਵਿ-ਸਤਰਾਂ ਦੀ ਵਿਆਖਿਆ ਕਰੋ :

(ੳ) ਕਿਹੜੇ ਕੰਮ ਇਹ ਮਿਲਖ-ਜਗੀਰਾਂ
ਜੇ ਧੀਆਂ ਕੁਮਲਾਈਆਂ।

(ਅ) ਢੋਲ ਵਜਾਓ, ਕਰੋ ਮੁਨਾਦੀ,
ਬਰਬਾਦੀ ਪਈ, ਕਰੇ ਅਬਾਦੀ।

ਸ਼ਿਵ ਕੁਮਾਰ ਬਟਾਲਵੀ ਦੀਆਂ ਕੋਈ ਹੋਰ ਤਿੰਨ ਪ੍ਰਸਿੱਧ ਕਵਿਤਾਵਾਂ ਲਿਖੋ ਤੇ ਯਾਦ ਕਰੋ ।

# ਸੁਰਜੀਤ ਪਾਤਰ

(1945)

ਸੁਰਜੀਤ ਪਾਤਰ ਦਾ ਜਨਮ ਪਿੰਡ ਪੱਤੜ ਕਲਾਂ, ਜ਼ਿਲ੍ਹਾ ਜਲੰਧਰ ਵਿਖੇ 13 ਜਨਵਰੀ, 1945 ਈ: ਨੂੰ ਪਿਤਾ ਸ. ਹਰਭਜਨ ਸਿੰਘ ਅਤੇ ਮਾਤਾ ਸਰਦਾਰਨੀ ਗੁਰਬਖ਼ਸ਼ ਕੌਰ ਦੇ ਘਰ ਹੋਇਆ। ਆਪ ਨੇ ਮੁਢਲੀ ਸਿੱਖਿਆ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਪਾਸ ਕਰਕੇ ਐੱਮ. ਏ. (ਪੰਜਾਬੀ) ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ ਤੋਂ ਪਾਸ ਕੀਤੀ। ਆਪ ਖੇਤੀ-ਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਭਾਸ਼ਾ ਅਤੇ ਸੰਚਾਰ ਵਿਭਾਗ ਵਿੱਚ ਬਤੌਰ ਪ੍ਰੋਫ਼ੈਸਰ ਕਾਰਜਸ਼ੀਲ ਰਹੇ।

ਪੰਜਾਬੀ ਸਾਹਿਤ-ਜਗਤ ਵਿੱਚ ਆਪ ਦੀ ਪ੍ਰਸਿੱਧੀ ਇੱਕ ਸਫਲ ਗ਼ਜ਼ਲਕਾਰ, ਗੀਤਕਾਰ ਅਤੇ ਕਵੀ ਵਜੋਂ ਹੋਈ। ਆਪ ਦੇ ਪਹਿਲੇ ਗ਼ਜ਼ਲ-ਸੰਗ੍ਰਹਿ 'ਹਵਾ ਵਿੱਚ ਲਿਖੇ ਹਰਫ਼' ਦੀ ਗ਼ਜ਼ਲ ''ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ'' ਬਹੁਤ ਪ੍ਰਸਿੱਧ ਹੋਈ। ਇਸ ਤੋਂ ਬਾਅਦ 'ਹਨੇਰੇ ਵਿੱਚ ਸੁਲਘਦੀ ਵਰਣਮਾਲਾ' 'ਬਿਰਖ਼ ਅਰਜ਼ ਕਰੇ', 'ਲਫ਼ਜ਼ਾਂ ਦੀ ਦਰਗਾਹ', 'ਸਦੀ ਦੀਆਂ ਤ੍ਰਿਕਾਲਾਂ', 'ਸੁਰਜ਼ਮੀਨ' ਆਪ ਦੀਆਂ ਪ੍ਰਸਿੱਧ ਕਾਵਿ-ਪੁਸਤਕਾਂ ਹਨ। 'ਸੂਰਜ-ਮੰਦਰ ਦੀਆਂ ਪੌੜੀਆਂ' ਆਪ ਦੀ ਵਾਰਤਕ ਪੁਸਤਕ ਹੈ।

ਆਪ ਨੂੰ ਭਾਸ਼ਾ ਵਿਭਾਗ, ਪੰਜਾਬ ਵੱਲੋਂ ਸ਼੍ਰੋਮਣੀ ਪੰਜਾਬੀ ਕਵੀ, ਸਾਹਿਤ ਅਕਾਦਮੀ ਦਿੱਲੀ ਵੱਲੋਂ ਸਨਮਾਨ ਅਤੇ ਬਿਰਲਾ ਫ਼ਾਊਂਡੇਸ਼ਨ ਵੱਲੋਂ ਸਰਸਵਤੀ ਸਨਮਾਨ ਨਾਲ਼ ਅਤੇ 2012 ਵਿੱਚ 'ਪਦਮ ਸ਼੍ਰੀ' ਅਵਾਰਡ ਨਾਲ਼ ਸਨਮਾਨਿਤ ਕੀਤਾ ਗਿਆ।

## ਆਇਆ ਨੰਦ ਕਿਸ਼ੋਰ

ਪਿੱਛੇ-ਪਿੱਛੇ ਰਿਜ਼ਕ ਦੇ,
ਆਇਆ ਨੰਦ ਕਿਸ਼ੋਰ।
ਚੱਲ ਕੇ ਦੂਰ ਬਿਹਾਰ ਤੋਂ,
ਗੱਡੀ ਬੈਠ ਸਿਆਲਦਾ,
ਨਾਲ਼ ਬਥੇਰੇ ਹੋਰ।

ਰਾਮਕਲੀ ਵੀ ਨਾਲ਼ ਸੀ,
ਸੁਘੜ ਲੁਗਾਈ ਓਸ ਦੀ।
ਲੁਧਿਆਣੇ ਦੇ ਕੋਲ਼ ਹੀ,
ਇੱਕ ਪਿੰਡ ਬਾੜੇਵਾਲ ਵਿੱਚ,
ਜੜ੍ਹ ਲੱਗੀ ਤੇ ਪੁੰਗਰੀ,

ਰਾਮਕਲੀ ਦੀ ਕੁੱਖ 'ਚੋਂ,
ਜਨਮੀ ਬੇਟੀ ਓਸ ਦੀ,
ਨਾਂ ਧਰਿਆ ਸੀ ਮਾਧੁਰੀ।

ਕੱਲ੍ਹ ਮੈਂ ਦੇਖੀ ਮਾਧੁਰੀ,
ਓਸੇ ਪਿੰਡ ਸਕੂਲ ਵਿੱਚ,
ਗੁੱਤਾਂ ਬੰਨ੍ਹ ਕੇ ਰਿਬਨ ਵਿੱਚ,
ਸੋਹਣੀ ਪੱਟੀ ਪੋਚ ਕੇ,
ਊੜਾ-ਐੜਾ ਲਿਖ ਰਹੀ।
ਊੜਾ-ਐੜਾ ਲਿਖ ਰਹੀ,
ਬੇਟੀ ਨੰਦ ਕਿਸ਼ੋਰ ਦੀ।

ਕਿੰਨਾ ਗੂੜ੍ਹਾ ਸਾਕ ਹੈ,
ਅੱਖਰਾਂ ਤੇ ਰਿਜ਼ਕ ਦਾ।

ਏਸੇ ਪਿੰਡ ਦੇ ਲਾਡਲੇ,
ਪੋਤੇ ਅੱਛਰ ਸਿੰਘ ਦੇ,
ਆਪਣੇ ਪਿਓ ਦੀ ਕਾਰ ਵਿੱਚ,
ਬਹਿ ਲੁਧਿਆਣੇ ਆਂਵਦੇ।
ਕੌਨਵੈਂਟ ਵਿੱਚ ਪੜ੍ਹ ਰਹੇ,
ਏ ਬੀ ਸੀ ਡੀ ਸਿੱਖਦੇ।

ਏ ਬੀ ਸੀ ਡੀ ਸਿੱਖਦੇ,
ਪੋਤੇ ਅੱਛਰ ਸਿੰਘ ਦੇ।

ਕਿੰਨਾ ਗੂੜ੍ਹਾ ਸਾਕ ਹੈ,
ਅੱਖਰ ਅਤੇ ਅਕਾਂਖਿਆ।

ਪਿੱਛੇ-ਪਿੱਛੇ ਰਿਜ਼ਕ ਦੇ,
ਆਇਆ ਨੰਦ ਕਿਸ਼ੋਰ।

## ਕੱਚ ਦਾ ਗਲਾਸ

ਅੱਜ ਮੇਰੇ ਕੋਲ਼ੋਂ ਕੱਚ ਦਾ ਗਲਾਸ ਟੁੱਟਿਆ,
ਤੇ ਮੈਨੂੰ ਅੰਮੜੀ ਨੇ,
ਮੈਨੂੰ ਅੰਮੜੀ ਨੇ ਦਿੱਤੀਆਂ ਲੱਖ ਝਿੜਕਾਂ।
ਤੇ ਮੇਰੇ ਨੈਣਾਂ ਵਿੱਚੋਂ,

ਮੇਰੇ ਨੈਣਾਂ ਵਿੱਚੋਂ ਛਮ-ਛਮ ਨੀਰ ਫੁੱਟਿਆ,
ਮੇਰੇ ਨੈਣਾਂ ਵਿੱਚੋਂ..............................।

ਮੇਰੀ ਅੰਮੀਏ ਨੀ ਮੈਨੂੰ ਇੱਕ ਗੱਲ ਦੱਸ ਦੇ,
ਲੋਕੀਂ ਦਿਲ ਤੋੜ ਦਿੰਦੇ ਨੇ ਤੇ ਕਿੱਦਾਂ ਹੱਸਦੇ।

ਏਹੋ-ਜਿਹੇ ਗਲਾਸ ਨੀ ਮਾਂਏਂ, ਵਿਕਦੇ ਲੱਖ ਬਜ਼ਾਰੀਂ,
ਦਿਲ ਨਾ ਮਿਲ਼ਦੇ ਬਲਖ਼-ਬੁਖ਼ਾਰੇ ਲੱਖੀਂ ਅਤੇ ਹਜ਼ਾਰੀਂ।
ਕਿਰ ਜਾਂਦੇ ਨੈਣਾਂ ਦੇ ਮੋਤੀ ਮਾਂਏਂ ਝਿੜਕ ਨਾ ਮਾਰੀਂ,
ਮੇਰੇ ਨੈਣਾਂ ਵਿੱਚੋਂ..............................।

ਸ਼ੀਸ਼ਾ ਟੁੱਟੇ ਤਾਂ ਰਾਹਾਂ ਵਿੱਚ, ਕੱਚ ਦੇ ਟੁਕੜੇ ਚਮਕਣ,
ਦਿਲ ਟੁੱਟੇ ਤਾਂ ਚੋਰੀ-ਚੋਰੀ, ਅੱਖੀਓਂ ਅੱਥਰੂ ਬਰਸਣ।
ਰੜਕਣ ਨਾ ਲੋਕਾਂ ਦੇ ਪੈਰੀਂ ਆਪਣੇ ਹੀ ਸੀਨੇ ਕਸਕਣ,
ਅੱਜ ਮੇਰੇ ਕੋਲ਼ੋਂ.................................।

ਸਸਤੀਆਂ ਏਥੇ ਬਹੁਤ ਜ਼ਮੀਰਾਂ ਮਹਿੰਗੀਆਂ ਬਹੁਤ ਜ਼ਮੀਨਾਂ,
ਮਹਿੰਗਾ ਰਾਣੀਹਾਰ ਤੇ ਸਸਤਾ ਸੱਧਰਾਂ ਭਰਿਆ ਸੀਨਾ।
ਦਿਲ ਦਾ ਨਿੱਘ ਨਾ ਮੰਗੇ ਕੋਈ ਸਭ ਮੰਗਦੇ ਪਸ਼ਮੀਨਾ,
ਅੱਜ ਮੇਰੇ ਕੋਲ਼ੋਂ.................................।

ਮਾਏ ਨੀ ਸੁਣ ਮੇਰੀਏ ਮਾਂਏਂ ਕਰਮ ਏਨਾ ਹੀ ਕਰ ਦੇ,
ਨਾ ਦੇ ਨੀ ਸੋਨੇ ਦਾ ਟਿੱਕਾ ਸਿਰ ਉੱਤੇ ਹੱਥ ਧਰ ਦੇ।
ਮਾਂਏਂ ਨੀ ਕੁਝ ਹੋਰ ਨਾ ਮੰਗਾਂ ਰਾਂਝਾ ਮੈਨੂੰ ਵਰ ਦੇ,
ਅੱਜ ਮੇਰੇ ਕੋਲ਼ੋਂ.................................।

## ਅਰਥਾਵਲੀ :

**ਰਿਜ਼ਕ** - ਰੋਜ਼ੀ - ਰੋਟੀ, ਜੀਵਕਾ। **ਸੁਘੜ** - ਸਿਆਣੀ, ਹੁਸ਼ਿਆਰ, ਸੁਚੱਜੀ। **ਲੁਗਾਈ** - ਨਾਰੀ, ਔਰਤ, ਇਸਤਰੀ। **ਸਾਕ** - ਸੰਬੰਧ, ਰਿਸ਼ਤਾ, ਨਾਤਾ। **ਅਕਾਂਖਿਆ** - ਇੱਛਾ, ਅਭਿਲਾਸ਼ਾ। **ਕਸਕਣਾ** - ਟੀਸ ਪੈਣੀ, ਚੀਸ ਪੈਣੀ, ਰੜਕ ਪੈਣੀ। **ਪਸ਼ਮੀਨਾ** - ਵਧੀਆ ਉੱਨ ਦਾ ਕੱਪੜਾ, ਪਸ਼ਮ ਦਾ ਕੱਪੜਾ। **ਕਰਮ** - ਕਿਰਪਾ, ਮਿਹਰਬਾਨੀ, ਬਖ਼ਸ਼ਸ਼।

# ਪਾਠ - ਅਭਿਆਸ

1. ਨੰਦ ਕਿਸ਼ੋਰ ਕਵਿਤਾ ਦਾ ਕੇਂਦਰੀ ਭਾਵ ਲਿਖੋ।
2. ਨੰਦ ਕਿਸ਼ੋਰ ਕਿੱਥੋਂ ਅਤੇ ਕਿਉਂ ਆਇਆ?
3. ਮਾਧੁਰੀ ਕਿਹੜੀ ਲਿਪੀ ਸਿੱਖ ਰਹੀ ਸੀ?
4. ਅੱਛਰ ਸਿੰਘ ਦੇ ਪੋਤੇ ਕਿੱਥੇ ਪੜ੍ਹਨ ਜਾਂਦੇ ਹਨ ਅਤੇ ਕੀ ਪੜ੍ਹਦੇ ਹਨ?
5. ਕੱਚ ਦਾ ਗਲਾਸ ਟੁੱਟਣ 'ਤੇ ਅੰਮੀ ਨੇ ਕੀ ਕੀਤਾ?
6. 'ਕੱਚ ਦਾ ਗਲਾਸ' ਕਵਿਤਾ ਅਨੁਸਾਰ ਇਸ ਸੰਸਾਰ ਵਿੱਚ ਕੀ ਸਸਤਾ ਹੈ ਅਤੇ ਕੀ ਮਹਿੰਗਾ ਹੈ?
7. 'ਕੱਚ ਦਾ ਗਲਾਸ' ਕਵਿਤਾ ਵਿੱਚ ਮਾਂ ਤੋਂ ਕੀ ਮੰਗ ਕੀਤੀ ਗਈ ਹੈ?
8. ਹੇਠ ਲਿਖੇ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

   ਏ ਬੀ ਸੀ ਡੀ ਸਿੱਖਦੇ,<br>
   ਪੋਤੇ ਅੱਛਰ ਸਿੰਘ ਦੇ।<br>
   ਕਿੰਨਾ ਗੂੜ੍ਹਾ ਸਾਕ ਹੈ,<br>
   ਅੱਖਰ ਅਤੇ ਅਕਾਂਖਿਆ।

9. ਹੇਠ ਲਿਖੀਆਂ ਕਾਵਿ-ਸਤਰਾਂ ਦੀ ਵਿਆਖਿਆ ਕਰੋ :

   ਸ਼ੀਸ਼ਾ ਟੁੱਟੇ ਤਾਂ ਰਾਹਾਂ ਵਿੱਚ, ਕੱਚ ਦੇ ਟੁਕੜੇ ਚਮਕਣ,<br>
   ਦਿਲ ਟੁੱਟੇ ਤਾਂ ਚੋਰੀ-ਚੋਰੀ, ਅੱਖੀਓਂ ਅੱਥਰੂ ਬਰਸਣ।

*ਸੁਰਜੀਤ ਪਾਤਰ ਨੂੰ ਕਵੀ ਦੇ ਤੌਰ 'ਤੇ ਕਿਹੜੇ-ਕਿਹੜੇ ਪੁਰਸਕਾਰ ਮਿਲ਼ੇ ਹਨ।*

# ਭੂਮਿਕਾ

## ਵਾਰਤਕ - ਭਾਗ

ਵਾਰਤਕ ਸਾਹਿਤ ਦਾ ਉਹ ਰੂਪ ਹੈ ਜਿਸ ਵਿੱਚ ਵਿਸ਼ੇ-ਵਸਤੂ ਦੀ ਪੇਸ਼ਕਾਰੀ ਸਮੇਂ ਪ੍ਰਮੁੱਖਤਾ ਤਰਕ ਜਾਂ ਦਲੀਲ ਨੂੰ ਦਿੱਤੀ ਜਾਂਦੀ ਹੈ। ਮਿਸਾਲ ਵਜੋਂ ਇੱਕ ਵਿਸ਼ਾ ਹੈ-ਮਜ਼ਦੂਰ ਦੀ ਜ਼ਿੰਦਗੀ। ਇਸ ਵਿਸ਼ੇ ਬਾਰੇ ਕਵਿਤਾ, ਕਹਾਣੀ, ਨਾਵਲ, ਨਾਟਕ, ਵਾਰਤਕ ਆਦਿ ਸਭ ਰੂਪਾਂ ਵਿੱਚ ਲਿਖਿਆ ਜਾ ਸਕਦਾ ਹੈ। ਕਵਿਤਾ ਲਿਖਣ ਵੇਲ਼ੇ ਮਜ਼ਦੂਰ ਦੀ ਜ਼ਿੰਦਗੀ ਦਾ ਕੋਈ ਇੱਕ ਤੀਬਰ ਪਲ, ਜਿਹੜਾ ਉਸ ਦੀ ਖ਼ੁਸ਼ੀ, ਉਦਾਸੀ, ਗ਼ੁੱਸਾ, ਉਪਰਾਮਤਾ, ਪਿਆਰ, ਨਫ਼ਰਤ-ਕੋਈ ਵੀ ਹੋ ਸਕਦਾ ਹੈ–ਕਵਿਤਾ ਦਾ ਵਸਤੂ ਬਣੇਗਾ ਤੇ ਉਹ ਵੀ ਲੇਖਕ ਦੇ ਅਨੁਭਵ ਦੀ ਪੱਧਰ 'ਤੇ। ਕਹਾਣੀ ਵਿੱਚ ਉਸ ਦੀ ਜ਼ਿੰਦਗੀ ਦਾ ਕੋਈ ਇੱਕ ਪਹਿਲੂ ਜਾਂ ਘਟਨਾ ਹੋ ਸਕਦੀ ਹੈ ਤੇ ਨਾਵਲ ਵਿੱਚ ਉਹਦੀ ਸਮੁੱਚੀ ਜ਼ਿੰਦਗੀ ਤੇ ਆਲ਼ੇ-ਦੁਆਲ਼ੇ ਦਾ ਸਾਰਾ ਸਮਾਜਿਕ ਪ੍ਰਸੰਗ ਵੀ, ਜਿਸ ਵਿੱਚ ਕਿ ਉਹ ਰਹਿੰਦਾ ਹੈ। ਇੰਞ ਹੀ ਉਸ ਦੀ ਜ਼ਿੰਦਗੀ ਦਾ ਚਿਤਰਨ ਨਾਟਕ ਦੇ ਰੂਪ ਵਿੱਚ ਕਰਨ ਵੇਲ਼ੇ ਕੇਵਲ ਉਹੋ ਪੱਖ ਹੀ ਨਾਟਕਕਾਰ ਦੀ ਪਕੜ ਵਿੱਚ ਆਉਣਗੇ ਜਿਨ੍ਹਾਂ ਵਿੱਚ ਨਾਟਕੀਅਤਾ ਹੋਵੇਗੀ ਅਰਥਾਤ ਕੁਝ ਚੋਣਵੇਂ ਪਹਿਲੂ ਜਿਨ੍ਹਾਂ ਨੂੰ ਮੰਚ ਉੱਤੇ ਦਰਸਾਇਆ ਜਾ ਸਕਣਾ ਸੰਭਵ ਹੋਵੇਗਾ। ਇਹਨਾਂ ਸਾਰੀਆਂ ਹੀ ਵੰਨਗੀਆਂ ਦੀ ਇੱਕ ਸੀਮਾ ਹੈ ਕਿ ਸਾਰੀਆਂ ਹੀ ਵੰਨਗੀਆਂ ਵਿੱਚੋਂ ਮਜ਼ਦੂਰ ਦੀ ਜ਼ਿੰਦਗੀ ਦਾ ਜੋ ਚਿੱਤਰ ਉੱਭਰ ਕੇ ਆਵੇਗਾ, ਉਹ ਨਾਵਲ ਨੂੰ ਛੱਡ ਕੇ ਬਾਕੀ ਵੰਨਗੀਆਂ ਵਿੱਚ 'ਅਧੂਰਾ' ਹੋਵੇਗਾ। ਅਧੂਰਾ ਇਸ ਕਾਰਨ ਕਿ ਇਹਨਾਂ ਰੂਪਾਂ ਵਿੱਚ ਮਜ਼ਦੂਰ ਦੀ ਜ਼ਿੰਦਗੀ ਦਾ ਇੱਕ ਪਲ, ਪਹਿਲੂ, ਘਟਨਾ ਜਾਂ ਕੁਝ ਚੋਣਵੀਆਂ ਘਟਨਾਵਾਂ ਹੀ ਸਮੋਈਆਂ ਜਾ ਸਕਦੀਆਂ ਹਨ ਜਦ ਕਿ ਨਾਵਲ ਵਿੱਚ ਇਹਨਾਂ ਦਾ ਪੂਰਾ ਚਿੱਤਰ ਉੱਘੜ ਕੇ ਆ ਸਕਦਾ ਹੈ। ਨਾਵਲ ਵਾਂਗ ਹੀ ਉਸ ਦੀ ਜ਼ਿੰਦਗੀ ਦਾ ਪੂਰਾ ਚਿੱਤਰ ਉਘਾੜਨ ਲਈ ਦੂਜਾ ਸਫਲ ਮਾਧਿਅਮ ਵਾਰਤਕ ਹੈ। ਜੋ ਕੁਝ ਨਾਵਲਕਾਰ ਦੋ-ਤਿੰਨ ਸੌ ਸਫ਼ਿਆਂ ਦੇ ਨਾਵਲ ਵਿੱਚ ਉਭਾਰੇਗਾ, ਉਸ ਨੂੰ ਵਾਰਤਕ-ਲੇਖਕ ਦਸਾਂ-ਪੰਦਰ੍ਹਾਂ ਸਫ਼ਿਆਂ ਵਿੱਚ ਵੀ ਦੱਸ ਸਕਦਾ ਹੈ।

ਇਸ ਦਾ ਅਰਥ ਇਹ ਉੱਕਾ ਨਹੀਂ ਕਿ ਨਾਵਲਕਾਰ ਦੇ ਦੋ-ਤਿੰਨ ਸੌ ਸਫ਼ੇ ਫ਼ਜ਼ੂਲ ਹਨ ਸਗੋਂ ਇਸ ਤੋਂ ਉਲਟ ਇਹ ਹੈ ਕਿ ਨਾਵਲ ਮਾਧਿਅਮ ਹੀ ਅਜਿਹਾ ਹੈ ਜਿਸ ਵਿੱਚ ਨਾਵਲਕਾਰ ਨੂੰ ਜ਼ਿੰਦਗੀ ਵਿੱਚ 'ਵਾਪਰਦੇ', 'ਵਾਪਰ ਗਏ', 'ਵਾਪਰਨ ਵਾਲ਼ੇ', ਨੂੰ 'ਹੁੰਦਾ', 'ਹੋਇਆ', ਜਾਂ 'ਹੋਣ ਵਾਲ਼ਾ' ਕਰਕੇ ਦਿਖਾਉਣਾ ਹੁੰਦਾ ਹੈ ਤੇ ਵਾਰਤਕਕਾਰ ਨੇ ਇਹ ਸਭ ਕੁਝ 'ਦੱਸਣਾ' ਹੁੰਦਾ ਹੈ। 'ਦੱਸਣ' 'ਤੇ 'ਵਾਪਰਦਾ ਦਰਸਾਉਣ' ਵਿੱਚ ਹੀ ਇਹ ਭੇਦ ਹੈ ਕਿ ਇੱਕੋ ਗੱਲ ਜਿਹੜੀ ਇੱਕ ਮਾਧਿਅਮ ਵਿੱਚ ਤਿੰਨ ਸੌ ਸਫ਼ਿਆਂ ਵਿੱਚ ਸਮੇਟੀ ਜਾਂਦੀ ਹੈ, ਉਹੋ ਗੱਲ ਦੂਜੇ ਮਾਧਿਅਮ ਵਿੱਚ ਪੰਦਰ੍ਹਾਂ ਸਫ਼ਿਆਂ ਵਿੱਚ। ਏਥੇ ਇੱਕ ਦਿਲਚਸਪ ਤੇ ਠੋਸ ਉਦਾਹਰਨ ਦੇਣੀ ਯੋਗ ਹੋਵੇਗੀ। ਦੋ ਵਾਕ ਹਨ - 'ਇੱਕ ਆਦਮੀ ਸਵੇਰੇ ਘਰੋਂ ਤਿਆਰ ਹੋ ਕੇ ਨੌਂ ਵਜੇ ਦਫ਼ਤਰ ਗਿਆ। ਦਿਨ-ਭਰ ਦਫ਼ਤਰੀ ਕੰਮ ਕਰਕੇ ਉਹ ਪੰਜ ਵਜੇ ਆਪਣੇ ਘਰ ਪਰਤ ਆਇਆ। 'ਇਹਨਾਂ ਦੋਂਹਾਂ ਵਾਕਾਂ ਤੋਂ ਉਸ ਆਦਮੀ ਦੇ ਤਿਆਰ ਹੋਣ, ਦਫ਼ਤਰ ਜਾ ਕੇ ਕੰਮ ਕਰਨ ਤੇ ਘਰ ਪਰਤ ਆਉਣ ਦਾ ਪਤਾ ਲੱਗ ਜਾਂਦਾ ਹੈ। ਪਰ ਸੋਚੋ ਕਿ ਸਵੇਰੇ ਤਿਆਰ ਹੋਣ ਤੋਂ ਲੈ ਕੇ

9-10 ਘੰਟੇ ਦਾ ਸਾਰਾ ਸਮਾਂ ਉਸ ਨੂੰ ਜੋ ਕੁਝ ਉਸ ਨੇ ਇਸ ਸਮੇਂ ਵਿੱਚ ਕੀਤਾ, ਕਰਦਿਆਂ ਦਿਖਾਇਆ ਜਾਵੇ ਤਾਂ ਕਿੰਨੇ ਸਫ਼ੇ ਲਿਖਣੇ ਪੈਣਗੇ? ਬੱਸ, 'ਵਾਪਰਦਾ ਦਰਸਾਉਣ' ਤੇ 'ਦੱਸਣ' ਵਿੱਚ ਇਹੋ ਫ਼ਰਕ ਹੈ। ਇੰਞ ਵਾਪਰਦਾ ਦਰਸਾਉਣ ਤੇ ਦੱਸਣ ਦੇ ਮਾਧਿਅਮਾਂ ਵਿੱਚ ਵੀ ਫ਼ਰਕ ਹੈ। ਕਹਾਣੀ, ਨਾਵਲ, ਨਾਟਕ ਬਹੁਤਾ ਕਰਕੇ ਵਾਪਰਦਾ ਦਰਸਾਉਣ ਦੇ ਮਾਧਿਅਮ ਹਨ ਤੇ ਵਾਰਤਕ ਵਾਪਰੇ ਹੋਏ ਜਾਂ ਵਾਪਰਨ ਵਾਲ਼ੇ ਨੂੰ ਦੱਸਣ ਦਾ ਮਾਧਿਅਮ। 'ਦਰਸਾਉਣ' ਵਿੱਚ ਦਲੀਲ ਨੂੰ ਥਾਂ ਘੱਟ ਹੁੰਦੀ ਹੈ 'ਦੱਸਣ' ਵਿੱਚ ਦਲੀਲ ਹੀ ਮੁੱਖ ਹੁੰਦੀ ਹੈ। ਇਸੇ ਕਰਕੇ ਵਾਰਤਕ ਦਾ ਧੁਰਾ 'ਦਲੀਲ' ਹੁੰਦੀ ਹੈ।

'ਦਲੀਲ ਤੋਂ ਭਾਵ ਇਹ ਵੀ ਨਹੀਂ ਲੈ ਲਿਆ ਜਾਣਾ ਚਾਹੀਦਾ ਕਿ ਵਾਰਤਕ ਵਿੱਚ ਨਿਰੋਲ ਦਲੀਲ ਹੀ ਹੁੰਦੀ ਹੈ। ਸਾਹਿਤਿਕ ਵਾਰਤਕ ਵਿੱਚ ਦਲੀਲ ਦੇ ਨਾਲ਼-ਨਾਲ਼ 'ਦਰਸਾਉਣ' ਦੇ ਮਾਧਿਅਮਾਂ ਦੇ ਅੰਸ਼ ਵੀ ਹੁੰਦੇ ਹਨ। ਇਸੇ ਕਰਕੇ ਵਾਰਤਕ ਵਿੱਚ ਕਹਾਣੀ, ਨਾਟਕੀਅਤਾ ਆਦਿ ਦੇ ਗੁਣ ਵੀ ਹੁੰਦੇ ਹਨ।

ਹੁਣ ਤੱਕ ਵਧੇਰੇ ਆਲੋਚਕਾਂ ਨੇ ਨਿਬੰਧ ਨੂੰ ਹੀ ਵਾਰਤਕ ਦਾ ਵਿਸ਼ੇਸ਼ ਰੂਪ ਮੰਨਿਆ ਹੈ। ਇਹ ਕਈ ਪ੍ਰਕਾਰ ਦਾ ਹੋ ਸਕਦਾ ਹੈ। ਵਰਨਣਾਤਮਿਕ, ਕਥਾਤਮਿਕ, ਭਾਵਾਤਮਿਕ ਤੇ ਵਿਚਾਰਾਤਮਿਕ ਜਾਂ ਆਲੋਚਨਾਤਮਿਕ। ਇਸ ਤੋਂ ਇਲਾਵਾ ਜੀਵਨੀ, ਸਫ਼ਰਨਾਮਾ, ਰੇਖਾ-ਚਿੱਤਰ, ਡਾਇਰੀ, ਰਿਪੋਰਤਾਜ ਆਦਿ ਨੂੰ ਵੀ ਵਾਰਤਕ ਰਚਨਾਵਾਂ ਮੰਨਿਆ ਗਿਆ ਹੈ। ਹਥਲੇ ਸੰਗ੍ਰਹਿ ਵਿੱਚ ਵਾਰਤਕ ਦੀਆਂ ਇਹਨਾਂ ਵੰਨਗੀਆਂ 'ਤੇ ਆਧਾਰਿਤ ਨਿਬੰਧ ਸੰਕਲਿਤ ਕੀਤੇ ਗਏ ਹਨ।

## ਪੰਜਾਬੀ ਵਿੱਚ ਵਾਰਤਕ

ਪੰਜਾਬੀ ਕਵਿਤਾ ਵਾਂਗ ਪੰਜਾਬੀ ਵਾਰਤਕ ਦਾ ਇਤਿਹਾਸ ਵੀ ਬੜਾ ਪੁਰਾਣਾ ਹੈ। ਲਿਖਤੀ ਰੂਪ ਵਿੱਚ ਵਾਰਤਕ ਗੁਰੂ-ਕਾਲ ਵਿੱਚ ਹੀ ਲਿਖੀ ਜਾਣੀ ਸ਼ੁਰੂ ਹੋ ਗਈ ਸੀ। ਸੋਲ੍ਹਵੀਂ ਸਦੀ ਦੇ ਪਹਿਲੇ ਅੱਧ ਤੋਂ ਲੈ ਕੇ ਉੱਨ੍ਹੀਵੀਂ ਸਦੀ ਦੇ ਅੱਧ ਤੱਕ ਦੇ ਸਮੇਂ ਵਿੱਚ ਜਿਹੜੀ ਵਾਰਤਕ ਸਾਨੂੰ ਮਿਲ਼ਦੀ ਹੈ ਉਹ ਮੁੱਖ ਤੌਰ 'ਤੇ ਸਾਖੀਆਂ ਦੇ ਰੂਪ ਵਿੱਚ ਹੈ। ਅਜਿਹੀ ਪਹਿਲੀ ਵਾਰਤਕ ਰਚਨਾ 'ਪੁਰਾਤਨ ਜਨਮ ਸਾਖੀ' ਹੈ ਜੋ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਹੈ। ਇਸ ਪੁਸਤਕ ਵਿੱਚ ਸੰਸਕ੍ਰਿਤ ਤੇ ਫ਼ਾਰਸੀ ਦੀ ਪੁਰਾਤਨ ਵਾਰਤਕ ਵਾਂਗ ਕਹਾਣੀਆਂ, ਗੋਸ਼ਟਾਂ, ਵਿਆਖਿਆਵਾਂ ਤੇ ਕਲਪਿਤ ਦ੍ਰਿਸ਼ਾਂ ਦੇ ਵਰਨਣ ਦੇ ਸਭ ਰੰਗ ਮਿਲ਼ਦੇ ਹਨ। ਮੋਟੇ ਤੌਰ 'ਤੇ ਇਸ ਕਾਲ ਦੀ ਵਾਰਤਕ ਵਿੱਚ ਜਨਮ-ਸਾਖੀਆਂ, ਬਚਨ, ਪਰਚੀਆਂ ਆਦਿ ਵਾਰਤਕ-ਰੂਪ ਮਿਲ਼ਦੇ ਹਨ। ਉੱਨ੍ਹੀਵੀਂ ਸਦੀ ਦੇ ਪਹਿਲੇ ਅੱਧ ਵਿੱਚ ਜਦੋਂਕਿ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ, ਗੁਰਬਾਣੀ ਦੇ ਕੁਝ ਭਾਗਾਂ ਦੇ ਟੀਕੇ ਵੀ ਵਾਰਤਕ ਵਿੱਚ ਕੀਤੇ ਗਏ ਤੇ ਫ਼ਾਰਸੀ ਤੇ ਅੰਗਰੇਜ਼ੀ ਵਿੱਚੋਂ ਕੁਝ ਰਚਨਾਵਾਂ ਦੇ ਅਨੁਵਾਦ ਵੀ ਪੰਜਾਬੀ ਵਾਰਤਕ ਵਿੱਚ ਕੀਤੇ ਗਏ। ਮਿਸਾਲ ਵਜੋਂ ਅੰਜੀਲ ਦੇ ਇੱਕ ਭਾਗ ਦਾ ਅਨੁਵਾਦ 1815 ਵਿੱਚ ਹੋ ਚੁੱਕਾ ਸੀ ਤੇ ਇਸੇ ਤਰ੍ਹਾਂ 'ਅਦਲੇ ਅਕਬਰੀ' ਤੇ 'ਅਕਬਰਨਾਮਾ' ਆਦਿ ਫ਼ਾਰਸੀ ਪੁਸਤਕਾਂ ਦੇ ਕੁਝ ਭਾਗਾਂ ਦਾ ਅਨੁਵਾਦ ਵੀ ਇਸ ਸਮੇਂ ਹੋ ਗਿਆ ਸੀ।

ਉੱਨ੍ਹੀਵੀਂ ਸਦੀ ਦੇ ਦੂਜੇ ਅੱਧ ਤੋਂ ਵੀਹਵੀਂ ਸਦੀ ਦੇ ਪਹਿਲੇ ਦੋ-ਤਿੰਨ ਦਹਾਕਿਆਂ ਵਿੱਚ ਢੇਰ ਸਾਰੀ ਵਾਰਤਕ-ਰਚਨਾ ਹੋਈ। ਇਸ ਕਾਲ ਦੀ ਵਾਰਤਕ ਵਿੱਚ ਗੁਰਬਾਣੀ ਦੇ ਟੀਕਿਆਂ ਜਾਂ ਸਿੱਖ ਧਰਮ ਨਾਲ਼ ਸੰਬੰਧਿਤ ਰਚਨਾਵਾਂ ਦੀ ਪ੍ਰਧਾਨਤਾ ਹੈ। ਗਿਆਨੀ ਗਿਆਨ ਸਿੰਘ, ਭਾਈ ਦਿੱਤ ਸਿੰਘ ਆਦਿ ਨੇ ਸਿੱਖੀ ਅਸੂਲਾਂ ਦਾ ਪ੍ਰਸਾਰ ਤੇ ਵਿਆਖਿਆ ਕਰਨ ਦੇ ਨਾਲ਼-ਨਾਲ਼ ਸਿੱਖ-ਧਰਮ ਤੇ ਖ਼ਾਸ ਕਰਕੇ ਖ਼ਾਲਸਾ-ਪੰਥ ਦਾ ਇਤਿਹਾਸ ਲਿਖਿਆ। ਇਹਨਾਂ ਦੀ ਬੋਲੀ ਉੱਤੇ ਪੁਰਾਤਨ ਪੰਜਾਬੀ ਤੇ ਬ੍ਰਜ-ਭਾਸ਼ਾ ਦਾ ਖ਼ਾਸ ਅਸਰ ਹੈ। ਇਸ ਵੇਲ਼ੇ ਤੱਕ (ਭਾਵ 1849 ਈਸਵੀ ਤੱਕ) ਅੰਗਰੇਜ਼ ਪੰਜਾਬ ਉੱਤੇ ਆਪਣਾ ਰਾਜ ਪੂਰੀ ਤਰ੍ਹਾਂ ਕਾਇਮ ਕਰ ਚੁੱਕੇ ਸਨ ਤੇ ਉਹਨਾਂ ਨੇ ਪੰਜਾਬ ਵਿੱਚ ਆਪਣੀਆਂ ਜੜ੍ਹਾਂ ਪੱਕੀਆਂ ਕਰਨ ਲਈ ਪੰਜਾਬੀ, ਸੰਸਕ੍ਰਿਤ ਵਿੱਚ ਘੁਸ-ਪੈਠ ਕਰਨੀ ਅਰੰਭ ਕਰ ਦਿੱਤੀ ਸੀ। ਸਿੱਟੇ ਵਜੋਂ ਉਹਨਾਂ ਨੇ ਆਪਣੇ ਮਜ਼੍ਹਬ ਤੇ ਤਾਲੀਮ ਦਾ ਜ਼ੋਰ ਨਾਲ਼ ਪ੍ਰਚਾਰ ਸ਼ੁਰੂ ਕਰ ਦਿੱਤਾ ਸੀ। ਉਹਨਾਂ ਨੇ ਅੰਗਰੇਜ਼ੀ ਦੀ ਤਾਲੀਮ ਦੇਣ ਵਾਸਤੇ ਕਈ ਸਕੂਲ ਖੋਲ੍ਹੇ ਤੇ ਈਸਾਈ ਮਿਸ਼ਨ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਬਾਈਬਲ ਦਾ ਅਨੁਵਾਦ ਪੰਜਾਬੀ ਵਿੱਚ ਕਰਵਾਇਆ। ਈਸਾਈ ਮਿਸ਼ਨ ਦੇ ਪ੍ਰਭਾਵ ਨੂੰ ਰੋਕਣ ਲਈ ਪੰਜਾਬੀਆਂ ਨੇ

ਜਿੱਥੇ ਰਾਜਨੀਤਿਕ ਪੱਧਰ ਉੱਤੇ ਮਾੜੇ-ਮੋਟੇ ਉੱਦਮ ਕਰਨ ਦੇ ਜਤਨ ਅਰੰਭੇ, ਉੱਥੇ ਆਪਣੇ ਵਿਰਸੇ ਨੂੰ ਫਰੋਲ਼ਿਆ ਤੇ ਸਿੱਟੇ ਵਜੋਂ ਸਿੱਖੀ ਅਸੂਲਾਂ ਅਤੇ ਗੁਰਬਾਣੀ ਨਾਲ਼ ਸੰਬੰਧਿਤ ਬਹੁਤ ਸਾਰਾ ਸਾਹਿਤ ਰਚਿਆ। ਇਹ ਜਤਨ ਭਾਈ ਵੀਰ ਸਿੰਘ ਤੱਕ ਜਾਰੀ ਰਿਹਾ। ਇਸ ਦੇ ਨਾਲ਼ ਹੀ ਅੰਗਰੇਜ਼ੀ ਵਿੱਚ ਵਿਕਾਸ ਕਰ ਚੁੱਕੀ ਵਾਰਤਕ ਦੇ ਸੁਤੰਤਰ ਅਨੁਵਾਦ ਵੀ ਕੀਤੇ ਗਏ ਜਿਨ੍ਹਾਂ ਵਿੱਚੋਂ ਭਾਈ ਮੋਹਨ ਸਿੰਘ ਵੈਦ ਦੁਆਰਾ ਕੀਤਾ 'ਬੇਕਨ' ਦੇ ਨਿਬੰਧਾਂ ਦਾ ਅਨੁਵਾਦ ਵਰਨਣਯੋਗ ਹੈ। ਇਸ ਸਮੇਂ 'ਐਮਰਸਨ' ਦੇ ਨਿਬੰਧਾਂ ਦਾ ਅਨੁਵਾਦ ਵੀ ਹੋਇਆ ਤੇ ਕੁਝ ਅਨੁਵਾਦ ਉਰਦੂ ਨਿਬੰਧਾਂ ਦੇ ਵੀ ਕੀਤੇ ਗਏ।

ਇਸ ਕਾਲ ਵਿੱਚ ਭਾਈ ਮੋਹਨ ਸਿੰਘ ਵੈਦ ਤੋਂ ਇਲਾਵਾ ਜੋਗੀ ਸ਼ਿਵ ਨਾਥ, ਭਾਈ ਬਿਸ਼ਨ ਦਾਸ ਪੁਰੀ ਤੇ ਜੀ. ਬੀ. ਸਿੰਘ ਦੇ ਨਾਂ ਵਿਸ਼ੇਸ਼ ਤੌਰ 'ਤੇ ਲਏ ਜਾ ਸਕਦੇ ਹਨ।

ਇੰਞ ਵੀਹਵੀਂ ਸਦੀ ਦੇ ਪਹਿਲੇ ਦਹਾਕਿਆਂ ਵਿੱਚ ਵੀ ਅੰਗਰੇਜ਼ੀ ਵਾਰਤਕ ਦਾ ਵਿਕਾਸ ਕਰ ਚੁੱਕਾ ਨਿਬੰਧ-ਰੂਪ ਪੰਜਾਬੀ ਵਿੱਚ ਵੀ ਅਪਣਾ ਲਿਆ ਗਿਆ।

ਮੁੱਢ ਵਿੱਚ ਪੰਡਤ ਸ਼ਰਧਾ ਰਾਮ ਫਿਲੌਰੀ, ਭਾਈ ਵੀਰ ਸਿੰਘ, ਡਾ. ਬਲਬੀਰ ਸਿੰਘ, ਡਾ. ਸ਼ੇਰ ਸਿੰਘ ਤੇ ਸਰਦੂਲ ਸਿੰਘ ਕਵੀਸ਼ਰ ਆਦਿ ਨੇ ਪੰਜਾਬੀ ਵਾਰਤਕ ਨੂੰ ਵਿਕਾਸ ਦੀਆਂ ਲੀਹਾਂ ਉੱਤੇ ਪਾਇਆ।

ਇਸ ਪਿੱਛੋਂ ਪੰਜਾਬੀ ਵਾਰਤਕ ਦੇ ਖੇਤਰ ਵਿੱਚ ਉਹ ਲੇਖਕ ਆਏ ਜੋ ਕਾਫ਼ੀ ਪੜ੍ਹੇ-ਲਿਖੇ ਸਨ ਤੇ ਜਿਨ੍ਹਾਂ ਨੇ ਅੰਗਰੇਜ਼ੀ ਤੋਂ ਇਲਾਵਾ ਹੋਰਨਾਂ ਜ਼ਬਾਨਾਂ ਦਾ ਵੀ ਕਾਫ਼ੀ ਸਾਹਿਤ ਪੜ੍ਹਿਆ ਹੋਇਆ ਸੀ। ਅਜਿਹੇ ਲੇਖਕਾਂ ਵਿੱਚ ਪ੍ਰੋ. ਪੂਰਨ ਸਿੰਘ, ਗੁਰਬਖ਼ਸ਼ ਸਿੰਘ (ਪ੍ਰੀਤਲੜੀ), ਲਾਲ ਸਿੰਘ ਕਮਲਾ ਅਕਾਲੀ, ਪ੍ਰਿੰਸੀਪਲ ਤੇਜਾ ਸਿੰਘ, ਪ੍ਰੋ. ਸਾਹਿਬ ਸਿੰਘ, ਡਾ. ਮੋਹਨ ਸਿੰਘ, ਸ. ਕਪੂਰ ਸਿੰਘ, ਡਾ. ਮਹਿੰਦਰ ਸਿੰਘ ਰੰਧਾਵਾ, ਸ. ਸੂਬਾ ਸਿੰਘ ਤੇ ਹੋਰ ਬਹੁਤ ਸਾਰੇ ਲੇਖਕ ਆ ਜਾਂਦੇ ਹਨ। ਇਹਨਾਂ ਵਿੱਚੋਂ ਬਹੁਤੇ ਲੇਖਕਾਂ ਨੇ ਨਾ ਕੇਵਲ ਬਾਹਰਲੇ ਦੇਸਾਂ ਦਾ ਸਾਹਿਤ ਹੀ ਪੜ੍ਹਿਆ ਸੀ ਸਗੋਂ ਇਹ ਖ਼ੁਦ ਵੀ ਬਾਹਰਲੇ ਦੇਸਾਂ ਵਿੱਚ ਘੁੰਮੇ-ਫਿਰੇ ਸਨ। ਇਹੋ ਕਾਰਨ ਹੈ ਕਿ ਇਹਨਾਂ ਦੀ ਵਾਰਤਕ ਅਨੁਭਵ ਤੇ ਸ਼ੈਲੀ ਦੇ ਪੱਖੋਂ ਬਹੁਤ ਅਮੀਰ ਹੈ।

ਜਿਸ ਵਾਰਤਕ-ਰੂਪ ਨੂੰ ਅਸੀਂ ਹੁਣ ਸਾਹਿਤਿਕ ਹੋਂਦ ਵਜੋਂ ਸਵੀਕਾਰਦੇ ਹਾਂ ਉਸ ਨੂੰ ਇਹ ਹਸਤੀ ਦਿਵਾਉਣ ਵਿੱਚ ਉਪਰੋਕਤ ਸਾਹਿਤਕਾਰਾਂ ਦਾ ਹੀ ਹਿੱਸਾ ਹੈ ਤੇ ਇਸ ਦਾ ਸੁਤੰਤਰ ਮੂੰਹ-ਮੁਹਾਂਦਰਾ ਵੀਹਵੀਂ ਸਦੀ ਵਿੱਚ ਹੀ ਬਣਿਆ ਹੈ।

ਇਸ ਵੇਲ਼ੇ ਤੱਕ ਪੰਜਾਬੀ ਵਾਰਤਕ ਦੇ ਵਿਭਿੰਨ ਰੂਪ ਪੂਰੀ ਤਰ੍ਹਾਂ ਵਿਕਸਿਤ ਹੋ ਚੁੱਕੇ ਸਨ। ਨਾਵਲ, ਨਾਟਕ, ਕਹਾਣੀ ਤੋਂ ਇਲਾਵਾ ਨਿਰੋਲ ਵਾਰਤਕ ਦੀਆਂ ਹੀ ਵਿਭਿੰਨ ਵੰਨਗੀਆਂ ਆਪਣੀ ਨਵੇਕਲ਼ੀ ਹਸਤੀ ਬਣਾ ਚੁੱਕੀਆਂ ਹਨ। ਵਿਚਾਰਤਮਿਕ, ਆਲੋਚਨਾਤਮਿਕ ਤੇ ਦਾਰਸ਼ਨਿਕ ਨਿਬੰਧ, ਪ੍ਰਬੰਧ, ਗੰਭੀਰ ਤੇ ਹਲਕੇ-ਫੁਲਕੇ ਲੇਖ, ਜੀਵਨੀਆਂ, ਸਫ਼ਰਨਾਮੇ, ਯਾਦਾਂ, ਰਿਪੋਰਤਾਜ, ਡਾਇਰੀਆਂ, ਰੇਖਾ-ਚਿੱਤਰ ਤੇ ਹੋਰ ਕਿੰਨੇ ਹੀ ਵਾਰਤਕ-ਰੂਪ ਪੰਜਾਬੀ ਵਿੱਚ ਆਪਣੀ ਪਰੰਪਰਾ ਕਾਇਮ ਕਰ ਚੁੱਕੇ ਹਨ।

ਹਥਲੇ ਸੰਗ੍ਰਹਿ ਵਿੱਚ ਪੰਜਾਬੀ ਦੀ ਚੋਣਵੀਂ ਵਾਰਤਕ ਵਿੱਚੋਂ ਕੁਝ ਨਮੂਨਿਆਂ ਨੂੰ ਸੰਕਲਿਤ ਕੀਤਾ ਗਿਆ ਹੈ। ਖ਼ਿਆਲ ਰੱਖਿਆ ਗਿਆ ਹੈ ਕਿ ਵਿਦਿਆਰਥੀਆਂ ਨੂੰ ਸਭ ਤਰ੍ਹਾਂ ਦੀਆਂ ਵਾਰਤਕ-ਵੰਨਗੀਆਂ, ਸ਼ੈਲੀਆਂ ਆਦਿ ਦਾ ਗਿਆਨ ਕਰਵਾਇਆ ਜਾਵੇ ਤੇ ਉਹਨਾਂ ਵਿੱਚ ਜੀਵਨ ਦੀਆਂ ਉਸਾਰੂ ਕਦਰਾਂ-ਕੀਮਤਾਂ ਦਾ ਬੀਜ ਬੀਜਿਆ ਜਾਵੇ। ਇਸ ਸੰਗ੍ਰਹਿ ਵਿੱਚ ਪੰਜਾਬੀ ਦੇ ਪ੍ਰਮੁੱਖ ਵਾਰਤਕਕਾਰਾਂ ਤੋਂ ਪਹਿਲਾਂ 'ਪੁਰਾਤਨ ਜਨਮ ਸਾਖੀ' 'ਚੋਂ ਵਾਰਤਕ ਦਾ ਨਮੂਨਾ ਸ਼ਾਮਲ ਕੀਤਾ ਗਿਆ ਹੈ ਤਾਂਜੋ ਵਿਦਿਆਰਥੀਆਂ ਨੂੰ ਆਪਣੀ ਵਿਰਾਸਤੀ ਸ਼ੈਲੀ ਦੀ ਜਾਣਕਾਰੀ ਹੋ ਸਕੇ। ਪੰਡਤ ਸ਼ਰਧਾ ਰਾਮ ਫਿਲੌਰੀ, ਬਿਹਾਰੀ ਲਾਲ ਪੁਰੀ, ਲਾਲ ਸਿੰਘ ਕਮਲਾ ਅਕਾਲੀ, ਸੂਬਾ ਸਿੰਘ, ਬਲਰਾਜ ਸਾਹਨੀ, ਡਾ. ਟੀ. ਆਰ. ਸ਼ਰਮਾ ਤੇ ਡਾ. ਹਰਪਾਲ ਸਿੰਘ ਪੰਨੂ ਦੀਆਂ ਰਚਨਾਵਾਂ ਰਾਹੀਂ ਅਸੀਂ ਪੁਰਾਤਨ ਤੋਂ ਅਜੋਕੀ ਵਾਰਤਕ ਤੱਕ ਦੇ ਲੇਖਕਾਂ ਦੀਆਂ ਰਚਨਾਵਾਂ ਨੂੰ ਸ਼ਾਮਲ ਕਰਨ ਦੀ ਕੋਸ਼ਸ਼ ਕੀਤੀ ਹੈ।

# ਪੁਰਾਤਨ ਜਨਮ ਸਾਖੀ

ਪੰਜਾਬੀ ਬੋਲੀ ਵਿੱਚ ਲਿਖੀ ਵਾਰਤਕ ਦੀਆਂ ਹੁਣ ਤੱਕ ਮਿਲ਼ੀਆਂ ਸਭ ਤੋਂ ਪਹਿਲੀਆਂ ਪੋਥੀਆਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਚਾਨਣਾ ਪਾਉਂਦੀਆਂ ਹਨ। ਇਹਨਾਂ ਦਾ ਨਾਂ 'ਜਨਮ ਸਾਖੀਆਂ' ਹੈ। ਕੁਝ ਵਿਦਵਾਨ 'ਭਾਈ ਬਾਲੇ ਵਾਲ਼ੀ ਜਨਮ ਸਾਖੀ' ਨੂੰ ਸਭ ਤੋਂ ਪੁਰਾਣੀ ਪੋਥੀ ਮੰਨਦੇ ਹਨ ਪਰ ਭਾਈ ਵੀਰ ਸਿੰਘ ਨੇ 'ਪੁਰਾਤਨ ਜਨਮ ਸਾਖੀ' ਨੂੰ ਪ੍ਰਾਪਤ ਜਨਮ-ਸਾਖੀਆਂ ਵਿੱਚੋਂ ਪਹਿਲੀ ਮੰਨਿਆ ਹੈ।

'ਪੁਰਾਤਨ ਜਨਮ ਸਾਖੀ' ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਸਭ ਤੋਂ ਪਹਿਲਾ ਬਿਰਤਾਂਤ ਹੈ। ਇਸ ਵਿੱਚ ਦੱਸਿਆ ਗਿਆ ਹੈ ਕਿ ਗੁਰੂ ਸਾਹਿਬ ਕਿੱਥੇ-ਕਿੱਥੇ ਗਏ ਤੇ ਕਿਸ-ਕਿਸ ਨਾਲ਼ ਮਿਲ਼ ਕੇ ਉਸ ਦੇ ਨਾਲ਼ ਸੰਵਾਦ ਰਚਾਇਆ। ਇਸ ਵਿੱਚ ਹਿੰਦੂ ਸਾਧੂ-ਸੰਤ ਵੀ ਸ਼ਾਮਲ ਹਨ ਤੇ ਮੁਸਲਮਾਨ ਸੂਫ਼ੀ ਫ਼ਕੀਰ, ਦਰਵੇਸ਼ ਵੀ। ਗੁਰੂ ਸਾਹਿਬ ਨੇ ਹਰ ਥਾਂ ਰੱਬੀ ਪ੍ਰੇਮ ਤੇ ਮਨੁੱਖੀ ਪਿਆਰ-ਸਤਿਕਾਰ ਦਾ ਸਬਕ ਦਿੱਤਾ ਹੈ। ਇਸੇ ਗੱਲ ਨੂੰ 'ਪੁਰਾਤਨ ਜਨਮ ਸਾਖੀ' ਦੀਆਂ ਸਾਖੀਆਂ ਵਿੱਚ ਵਾਰ-ਵਾਰ ਦ੍ਰਿੜ੍ਹਾਇਆ ਗਿਆ ਹੈ।

## ਸੁਲਤਾਨਪੁਰ ਨੂੰ ਤਿਆਰੀ

ਤਬ ਆਗਿਆ ਪਰਮੇਸਰ ਕੀ ਹੋਈ ਜੋ ਗੁਰੂ ਨਾਨਕ ਬਾਹਰਿ ਆਇਆ ਤਾਂ ਬਾਬੇ ਨਾਨਕ ਦਾ ਬਹਣੋਯਾ ਜੈਰਾਮੁ ਥਾ, ਸੋ ਨਵਾਬ ਦਉਲਤ ਖਾਨ ਦਾ ਮੋਦੀ ਸਾ, ਜੈਰਾਮੁ ਸੁਣਿਆਂ, ਜੋ ਨਾਨਕੁ ਹੈਰਾਨ ਰਹਦਾ ਹੈ, ਕੰਮੁ ਕਾਜ ਕਿਛੁ ਨਹੀਂ ਕਰਦਾ, ਤਬਿ ਓਨਿ ਕਿਤਾਬਤ ਲਿਖੀ, ਜੋ ਨਾਨਕ ਤੂੰ ਅਸਾਂ ਜੋਗੁ ਮਿਲੁ। ਤਬਿ ਇਹ ਕਿਤਾਬਤ ਗੁਰੂ ਨਾਨਕ ਪੜੀ ਤਾਂ ਆਖਿਓਸੁ, 'ਹੋਂਵੈ ਤਾਂ ਜੈਰਾਮ ਜੋਗ ਮਿਲਹਾਂ'। ਤਬਿ ਘਰਿ ਦਿਆਂ ਆਦਮੀਆਂ ਆਖਿਆ, 'ਜੋ ਇਹੁ ਜਾਵੈ ਤਾਂ ਭਲਾ ਹੋਵੈ, ਮਤੁ ਇਸਦਾ ਮਨੁ ਊਹਾ ਟਿਕੈ' ਤਬਿ ਗੁਰੂ ਨਾਨਕ ਸੁਲਤਾਨਪੁਰ ਕਉ ਲਗਾ ਪਹੁੰਚਣ। ਤਬਿ ਬਾਬਾ ਜੀ ਉਠਿ ਚਲਿਆ, ਤਬਿ ਬਾਬੇ ਦੀ ਇਸਤਰੀ ਲਗੀ ਬੈਰਾਗੁ ਕਰਣੈ। ਆਖਿਓਸੁਃ ਜੀ ਤੂੰ ਅਸਾਂ ਜੋਗੁ ਅਗੈ ਨਾਹਿ ਸੀ ਮੁਹਿ ਲਾਇਦਾ, ਪਰਦੇਸਿ ਗਇਆ ਕਿਉਂ ਕਰਿ ਆਵਹਿਗਾ'।, ਤਬ ਬਾਬੇ ਆਖਿਆ, 'ਭੋਲੀਏ ਅਸੀਂ ਇੱਥੇ ਕਿਆ ਕਰਦੇ ਆਹੇ? ਅਰੁ ਓਥੈ ਕਿਆ ਕਰਹਗੇ? ਅਸੀਂ ਤੁਸਾਡੇ ਕਿਤੈ ਕੰਮਿ ਨਾਹੀ। ਤਬਿ ਓਨਿ ਫਿਰਿ ਬੇਨਤੀ ਕੀਤੀਆਸੁ, 'ਜੋ ਜੀ ਤੁਸੀਂ ਘਰਿ ਬੈਠੇ ਹੋਂਦੇ ਆਹੇ, ਤਾਂ ਮੇਰੇ ਭਾਣੇ ਸਾਰੇ ਜਹਾਨ ਦੀ ਪਾਤਸ਼ਾਹੀ ਹੋਂਦੀ ਆਹੀ, ਜੀ ਏਹੁ ਸੰਸਾਰ ਮੇਰੇ ਕਿਤੇ ਕਾਮਿ ਨਾਹੀ। ਤਬਿ ਗੁਰੂ ਮਿਹਰਵਾਨੁ ਹੋਆ। ਆਖਿਓਸੁ, 'ਤੂੰ ਚਿੰਤਾ ਕਿਛੁ ਨਾ ਕਰ; ਦਿਨੁ ਦਿਨੁ ਤੇਰੀ ਪਾਤਿਸਾਹੀ ਹੋਵੈਗੀ' ਤਬਿ ਓਨਿ ਕਹਿਆ, 'ਜੀ ਮੈਂ ਪਿਛੈ ਰਹਦੀ ਨਾਹੀ, ਮੈਨੂੰ ਨਾਲੇ ਲੈ ਚਲੁ'। ਤਬਿ ਬਾਬੇ ਆਖਿਆ, 'ਪਰਮੇਸਰ ਕੀਏ! ਹੁਣ ਤਾਂ ਮੈਂ ਜਾਂਦਾ ਹਾਂ, ਜੇ ਮੇਰੇ ਰੁਜਗਾਰ ਦੀ ਕਾਈ ਬਣਸੀ ਤਾਂ ਮੈਂ ਸਦਾਇ ਲੈਸਾਂ। ਤੂੰ ਆਗਿਆ ਮੰਨਿ ਲੈ'। ਤਬਿ ਓਹੁ ਚੁਪ ਕਰਿ ਰਹੀ। ਤਬਿ ਗੁਰੂ ਨਾਨਕ ਭਾਈਆਂ ਬੰਧਾਂ ਪਾਸੂ ਬਿਦਾ ਕੀਤਾ, ਸੁਲਤਾਨ ਪੁਰ ਕਉ ਚਲਿਆ। ਬੋਲਹੁ ਵਾਹਿਗੁਰੂ।

# ਮੋਦੀਖ਼ਾਨਾ ਸੰਭਾਲ਼ਿਆ

ਜਾ ਭਾਣਾ ਤਾਂ ਸੁਲਤਾਨ ਪੁਰ ਕਉ ਗਇਆ। ਤਬ ਜੈਰਾਮ ਨੂੰ ਮਿਲਿਆ, ਜੈਰਾਮ ਬਹੁਤ ਖੁਸੀ ਹੋਆ। ਆਖਿਓਸੁ, 'ਭਾਈ ਵੇ! ਨਾਨਕ ਚੰਗਾ ਭਲਾ ਹੈ। ਤਬਿ ਜੈਰਾਮ ਦਰਬਾਰਿ ਗਇਆ, ਜਾਇ ਦਉਲਤਖਾਨ ਜੋਗ ਅਰਜੁ ਕੀਤੋਸੁ, ਆਖਿਓਸੁ, 'ਨਬਾਬੁ ਸਲਾਮਤ! ਮੇਰਾ ਇਕੁ ਸਾਲਾ ਪਿੱਛੋਂ ਆਇਆ ਹੈ, ਨਬਾਬ ਜੋਗੁ ਮਿਲਿਆ ਚਾਂਹਦਾ ਹੈ' ਤਬਿ ਦਉਲਤਖਾਨ ਕਹਿਆ, 'ਜਾਇ ਘਿੰਨਿ ਆਣੁ'। ਤਬਿ ਜੈਰਾਮ ਆਇ ਕਰਿ ਗੁਰੂ ਨਾਨਕ ਜੋਗ ਘਿੰਨਿ ਲੈ ਗਇਆ। ਕਿਛੁ ਪੇਸਕਸੀ ਆਗੈ ਰਖਿ ਕਰਿ ਮਿਲਿਆ। ਖਾਨ ਬਹੁਤੁ ਖੁਸੀ ਹੋਇਆ, ਖਾਨ ਕਹਿਆ, 'ਇਸ ਕਾ ਨਾਉ ਕਿਆ ਹੈ?' ਤਬਿ ਜੈਰਾਮ ਅਰਜ ਕੀਤੀ, 'ਜੀ ਇਸ ਕਾ ਨਾਉ ਨਾਨਕ ਹੈ'। ਤਬਿ ਖਾਨ ਕਹਿਆ, 'ਏਹ ਭਲਾ ਦਿਆਨਤਦਾਰੁ ਨਦਰਿ ਆਵਦਾ ਹੈ, ਮੇਰਾ ਕੰਮੁ ਇਸਕੈ ਹਵਾਲੇ ਕਰਹੁ'। ਤਬਿ ਗੁਰੂ ਨਾਨਕ ਖੁਸੀ ਹੋਇ ਕਰ ਮੁਸਕਰਾਇਆ, ਖਾਨਿ ਸਿਰੋਪਾਉ ਦਿੱਤਾ। ਤਬਿ ਗੁਰੂ ਨਾਨਕ ਤੈ ਜੈਰਾਮ ਘਰਿ ਆਏ, ਲਗੇ ਕੰਮੁ ਕਰਣਿ। ਐਸਾ ਕੰਮੁ ਕਰਨਿ, ਜੋ ਸਭੁ ਕੋਈ ਖੁਸੀ ਹੋਵੈ, ਸਭੁ ਲੋਕ ਅਖਨਿ ਜੋ, 'ਵਾਹੁ ਵਾਹੁ ਕੋਈ ਭਲਾ ਹੈ'। ਸਭ ਕੋ ਖਾਨੁ ਆਗੈ ਸੁਪਾਰਸ ਕਰੇ। ਖਾਨ ਬਹੁਤੁ ਖੁਸੀ ਹੋਆ। ਅਰੁ ਜੋ ਕਿਛੁ ਅਲੂਫਾ ਗੁਰੂ ਨਾਨਕ ਜੋਗੁ ਮਿਲੇ, ਖਾਵੈ ਸੋ ਖਾਵੇ, ਹੋਰ ਪਰਮੇਸਰ ਕੇ ਅਰਥਿ ਦੇਵੈ। ਅਤੇ ਨਿਤਾਪ੍ਰਤਿ ਰਾਤਿ ਕਉ ਕੀਰਤਨੁ ਹੋਵੈ। ਪਿਛੋਂ ਮਰਦਾਨਾ ਡੂਮੁ ਆਇਆ। ਤਲਵੰਡੀਓਂ ਆਇ ਬਾਬੇ ਨਾਲਿ ਟਿਕਿਆ। ਅਰੁ ਜੋ ਹੋਰੁ ਪਿਛੋਂ ਆਵਨਿ, ਤਿਨਾਂ ਜੋਗੁ ਖਾਨ ਤਾਈ ਮਿਲਾਇ ਕਰ ਅਲੂਫਾ ਕਰਾਇ ਦੇਵੈ, ਸਭਿ ਰੋਟੀਆਂ ਖਾਵਨਿ। ਗੁਰੂ ਨਾਨਕ ਕੈ ਪ੍ਰਸਾਦਿ ਸਭਿ ਖੁਸੀ ਹੋਏ। ਅਰੁ ਜਾਂ ਬਾਬੈ ਦੀ ਰਸੋਈ ਹੋਵੈ, ਤਾਂ ਸਭ ਆਇ ਬਹਿਨਿ ਅਤੇ ਰਾਤਿ ਨੂੰ ਨਿਤਾਪ੍ਰਤਿ ਕੀਰਤਨ ਹੋਵੇ। ਅਰੁ ਜਿਥੇ ਪਹਰੁ ਰਾਤਿ ਰਹੈ ਤਿਥੈ ਬਾਬਾ ਦਰੀਆਇ ਜਾਵੇ ਇਸਨਾਨੁ ਕਰਣਿ। ਘਰ ਜਾਂ ਪ੍ਰਭਾਤਿ ਹੋਵੈ, ਤਾਂ ਕਪੜੇ ਲਾਇਕੈ ਤਿਲਕੁ ਚੜਾਇ ਕਰਿ ਦਰਬਾਰਿ ਦਫਤਰ ਮਨਾ ਘਿੰਨਿ ਲਿਖਣ ਬਹੈ।

## ਅਰਥਾਵਲੀ :

**ਕਿਤਾਬਤ** - ਚਿੱਠੀ-ਪੱਤਰ। **ਊਹਾ** - ਉੱਥੇ। **ਮੁਹਿ** - ਮੂੰਹ। **ਕੀਤੀਅਸੁ** - ਕੀਤੀ। **ਮਿਹਰਵਾਨੁ** - ਕਿਰਪਾਲੂ। **ਆਖਿਓਸੁ** - ਉਸ ਨੂੰ ਆਖਿਆ। **ਸਦਾਇ ਲੈਸਾਂ** - ਸੱਦ ਲਵਾਂਗਾ। **ਪਾਸੂ** - ਪਾਸੋਂ, ਕੋਲ਼ੋਂ। **ਜੋਗੁ** - ਨੂੰ। **ਅਰਜੁ** - ਬੇਨਤੀ। **ਘਿੰਨਿ ਆਣ** - ਲੈ ਆਉਣਾ। **ਪੇਸਕਸੀ** - ਸੁਗਾਤ। **ਸਿਰੋਪਾਉ** - ਸਰੋਪਾ, ਸਨਮਾਨ ਵਜੋਂ ਦਿੱਤਾ ਗਿਆ ਬਸਤਰ। **ਦਿਆਨਤਦਾਰ** - ਇਮਾਨਦਾਰ। **ਨਦਰਿ** - ਨਜ਼ਰ। **ਅਲੂਫਾ** - ਤਨਖ਼ਾਹ ਤੋਂ ਵੱਖਰੀ, ਜੋ ਰਸਦ ਖਾਣੇ ਲਈ ਮਿਲ਼ੇ। **ਨਿਤਾਪ੍ਰਤਿ** - ਰੋਜ਼ਾਨਾ। **ਮਨਾ** - ਹੇ ਮਨ !

## ਪਾਠ - ਅਭਿਆਸ

1. 'ਸੁਲਤਾਨਪੁਰ ਨੂੰ ਤਿਆਰੀ' ਨਾਂ ਦੇ ਪਾਠ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।
2. ਗੁਰੂ ਨਾਨਕ ਦੇਵ ਜੀ ਦਾ ਭਣੋਈਆ ਕੌਣ ਸੀ? ਉਹ ਕੀ ਕੰਮ ਕਰਦਾ ਸੀ?
3. ਜੈਰਾਮ ਨੇ ਗੁਰੂ ਨਾਨਕ ਦੇਵ ਜੀ ਲਈ ਕੀ ਕੁਝ ਕੀਤਾ?
4. ਗੁਰੂ ਨਾਨਕ ਦੇਵ ਜੀ ਦੇ ਸੁਲਤਾਨਪੁਰ ਜਾਣ ਤੋਂ ਪਹਿਲਾਂ ਪਤਨੀ ਨਾਲ਼ ਹੋਈ ਵਾਰਤਾਲਾਪ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।
5. 'ਮੋਦੀਖ਼ਾਨਾ ਸੰਭਾਲ਼ਿਆ' ਦੀ ਵਾਰਤਾ ਆਪਣੇ ਸ਼ਬਦਾਂ ਵਿੱਚ ਲਿਖੋ।

6. ਗੁਰੂ ਨਾਨਕ ਦੇਵ ਜੀ, ਜੈਰਾਮ ਅਤੇ ਨਵਾਬ ਦਉਲਤਖਾਨ ਦੀ ਵਾਰਤਾਲਾਪ ਆਪਣੇ ਸ਼ਬਦਾਂ ਵਿੱਚ ਲਿਖੋ।
7. ਸੁਲਤਾਨਪੁਰ ਰਹਿੰਦਿਆਂ ਗੁਰੂ ਨਾਨਕ ਦੇਵ ਜੀ ਦਾ ਨਿੱਤ-ਕਰਮ ਕੀ ਸੀ? ਸੰਖੇਪ ਵਿੱਚ ਬਿਆਨ ਕਰੋ।
8. ਹੇਠ ਲਿਖੀਆਂ ਸਤਰਾਂ ਨੂੰ ਸਰਲ ਪੰਜਾਬੀ ਵਿੱਚ ਲਿਖੋ :

(ੳ) ਤਬਿ ਓਨਿ ਫਿਰਿ ਬੇਨਤੀ ਕੀਤੀਆਸੁ, 'ਜੋ ਜੀ ਤੁਸੀਂ ਘਰਿ ਬੈਠੇ ਹੋਏ ਆਹੇ ਤਾਂ ਮੇਰੇ ਭਾਣੇ ਸਾਰੇ ਜਹਾਨ ਦੀ ਪਤਿਸਾਹੀ ਹੋਂਦੀ ਆਹੀ, ਜੀ ਏਹੁ ਸੰਸਾਰੁ ਮੇਰੇ ਕਿਤੇ ਕਾਮਿ ਨਾਹੀ।'

(ਅ) ਤਬਿ ਜੈ ਰਾਮ ਆਇ ਕਰਿ ਗੁਰੂ ਨਾਨਕ ਜੋਗੁ ਘਿੰਨਿ ਲੈ ਗਇਆ। ਕਿਛੁ ਪੇਸਕਸੀ ਆਗੈ ਰਖਿ ਕਰਿ ਮਿਲਿਆ। ਖਾਨੁ ਬਹੁਤੁ ਖੁਸੀ ਹੋਇਆ।

(ੲ) ਤਬਿ ਖਾਨਿ ਕਹਿਆ, 'ਏਹ ਭਲਾ ਦਿਆਨਤਦਾਰੁ ਨਦਰਿ ਆਵਦਾ ਹੈ, ਮੇਰਾ ਕੰਮ ਇਸਕੈ ਹਵਾਲੇ ਕਰਹੁ।'

*ਆਪਣੇ ਮਾਤਾ / ਪਿਤਾ ਤੋਂ ਗੁਰੂ ਨਾਨਕ ਦੇਵ ਜੀ ਨਾਲ਼ ਸੰਬੰਧਿਤ ਕੋਈ ਹੋਰ ਸਾਖੀ ਸੁਣ ਕੇ ਆਪਣੀ ਕਾਪੀ ਵਿੱਚ ਲਿਖੋ ਤੇ ਆਪਣੇ ਅਧਿਆਪਕ ਜੀ ਨੂੰ ਦਿਖਾਓ।*

# ਪੰਡਤ ਸ਼ਰਧਾ ਰਾਮ ਫਿਲੌਰੀ

(1807-1881)

ਪੰਡਤ ਸ਼ਰਧਾ ਰਾਮ ਫਿਲੌਰੀ ਦਾ ਜਨਮ ਫਿਲੌਰ ਵਿਖੇ ਪੰਡਤ ਜੈ ਦਿਆਲ ਜੋਸ਼ੀ ਦੇ ਘਰ 1807 ਈ: ਨੂੰ ਹੋਇਆ। ਬਚਪਨ ਵਿੱਚ ਪੰਡਤ ਰਾਮ ਚੰਦਰ ਤੋਂ ਸੰਸਕ੍ਰਿਤ ਤੇ ਸੱਯਦ ਅਬਦੁੱਲੇ ਸ਼ਾਹ ਤੋਂ ਫ਼ਾਰਸੀ ਪੜ੍ਹੀ। ਪਿਤਾ ਜੀ ਦੇ ਪ੍ਰਭਾਵ ਕਾਰਨ ਸੰਗੀਤ ਦਾ ਅਭਿਆਸ ਕੀਤਾ। ਨੱਚਣ, ਗਾਉਣ, ਸਾਂਗ ਰਚਾਉਣ ਤੇ ਤਰਨ ਦਾ ਡਾਢਾ ਸ਼ੌਕ ਸੀ। ਵਿਦਵਾਨ ਪਾਦਰੀ ਨਿਊਟਨ ਦੀ ਸੰਗਤ ਸਦਕਾ ਸ਼ਰਧਾ ਰਾਮ ਫਿਲੌਰੀ ਨੂੰ ਲਿਖਾਰੀ ਬਣਨ ਦੀ ਜਾਗ ਲੱਗੀ। ਆਪ ਆਧੁਨਿਕ ਪੰਜਾਬੀ ਵਾਰਤਕ ਦੇ ਮੋਢੀ ਲਿਖਾਰੀਆਂ ਵਿੱਚੋਂ ਸਨ।

ਪੰਡਤ ਸ਼ਰਧਾ ਰਾਮ ਫਿਲੌਰੀ ਨੇ ਹਿੰਦੀ, ਉਰਦੂ ਅਤੇ ਪੰਜਾਬੀ ਤਿੰਨਾਂ ਜ਼ੁਬਾਨਾਂ ਵਿੱਚ ਸਾਹਿਤਿਕ ਰਚਨਾ ਕੀਤੀ ਹੈ। ਪੰਜਾਬੀ ਵਿੱਚ ਪੰਡਤ ਜੀ ਦੀਆਂ ਦੋ ਪ੍ਰਸਿੱਧ ਪੁਸਤਕਾਂ: 'ਸਿੱਖਾਂ ਦੇ ਰਾਜ ਦੀ ਵਿਥਿਆ' ਅਤੇ 'ਪੰਜਾਬੀ ਬਾਤ-ਚੀਤ' ਹਨ।

ਇਹ ਦੋਵੇਂ ਪੁਸਤਕਾਂ ਉਹਨਾਂ ਨੇ ਅੰਗਰੇਜ਼ ਹਾਕਮਾਂ ਦੇ ਕਹਿਣ 'ਤੇ ਲਿਖੀਆਂ। ਇਹਨਾਂ ਪੁਸਤਕਾਂ ਦਾ ਮਨੋਰਥ ਅੰਗਰੇਜ਼ ਅਫ਼ਸਰਾਂ ਜਾਂ ਪਾਦਰੀਆਂ ਨੂੰ ਪੰਜਾਬੀ ਸਿਖਾਉਣਾ ਸੀ। 'ਪੰਜਾਬੀ ਬਾਤ-ਚੀਤ' 1875 ਈਸਵੀ ਵਿੱਚ ਲਿਖੀ ਗਈ। ਇਹ ਪੁਸਤਕ ਪੰਜਾਬੀ ਸੱਭਿਆਚਾਰ ਦੀ ਤਸਵੀਰ ਪੇਸ਼ ਕਰਦੀ ਹੈ। ਇਸ ਕੰਮ ਲਈ ਆਪ ਵਰ੍ਹਿਆਂਬੱਧੀ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿੱਚ ਜਾ ਕੇ ਉੱਥੋਂ ਦੇ ਲੋਕਾਂ ਦੀ ਗੱਲ-ਬਾਤ, ਮੁਹਾਵਰੇ ਤੇ ਰਹਿਣ-ਸਹਿਣ ਦੇ ਢੰਗਾਂ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਰਹੇ। ਅੰਗਰੇਜ਼ਾਂ ਨੂੰ ਇਹ ਗਿਆਨ ਪਹੁੰਚਾਉਣ ਲਈ ਆਪ ਨੇ ਇੱਕ ਲੜੀਵਾਰ ਕਹਾਣੀ ਚਲਾਉਣ ਦਾ ਜਤਨ ਕੀਤਾ। ਕੋਈ ਖ਼ਾਸ ਦ੍ਰਿਸ਼ ਚੁਣ ਕੇ ਅਤੇ ਕੁਝ ਪਾਤਰ ਉਸਾਰ ਕੇ ਉਹਨਾਂ ਦੀ ਸੁਭਾਵਿਕ ਗੱਲ-ਬਾਤ ਰਾਹੀਂ ਆਪ ਸਥਾਨਿਕ ਰੰਗ ਉਘਾੜਨ ਵਿੱਚ ਬਹੁਤ ਸਫਲ ਹੋਏ ਹਨ। 25 ਜੂਨ, 1881 ਈ: ਨੂੰ ਆਪ ਦਾ ਦਿਹਾਂਤ ਹੋਇਆ।

## ਗਲ਼ੀ ਵਿੱਚ

ਅਹਿ ਸੁਣ ਕੇ ਪੰਜ ਸਤ ਕੁੜੀਆਂ, ਤ੍ਰੀਮਤਾਂ ਉਸ ਗਲੀ ਵਿੱਚੋਂ ਨਿਕਲ ਕੇ ਉਸ ਦੀ ਛਾਬੜੀ ਆਣ ਘੇਰੀ। ਕਿਸੇ ਆਖਿਆ ਭਾਈ ਮੈਨੂੰ ਛੁਕੜ ਦੇ, ਸਲੂਣੇ ਦੇਹ, ਤੇ ਕੋਈ ਬੋਲੀ ਮੇਰੇ ਲਈ ਦਮੜੀ ਦੀਆਂ ਸੇਮੀਆਂ ਚਾ ਤੋਲ, ਕਿਸੇ ਚਹੁੰ ਕੌਡਾਂ ਦਾ ਪਾਪੜ ਚਾ ਲੀਤਾ, ਤੇ ਕਿਸੇ ਅੱਧੀ ਦੀ ਦਾਲ ਪੱਤਰ ਪੁਰ ਚਾ ਪਵਾਈ। ਫੇਰ ਆਪੋ ਆਪਣੀਆਂ ਸਹੇਲੀਆਂ ਨੂੰ ਵਾਜਾਂ ਮਾਰਕੇ ਬੋਲੀਆਂ, ਨੀ ਬਸੰਤੇ ਦੀ ਮਾਂ, ਆ ਸਲੂਣੇ ਲੈ ਲੈ। ਕਿਸੇ ਆਖਿਆ, ਨੀ ਬੇਬੇ ! ਮਣਸਾ ਦੇਈ ਆ ਪਾਪੜ ਵਿਕਦੇ ਹੈਨੇ। ਏਹਿ ਸੁਣਕੇ ਕੋਈ ਅੱਧੜਵੰਜੇ ਤੇ ਕੋਈ ਘੱਗਰੀ ਸੁੱਥਣ ਪਹਿਨਕੇ ਆਣ 'ਕਠੀਆਂ ਹੋਈਆਂ। ਜਾ ਛਾਬੜੀ ਵਾਲੇ ਵੇਖਿਆ ਕਿ ਕਿਧਰੇ ਮੂਲੋ ਮਣਸੀ ਅਤੇ ਉੱਡੀ ਵਹੁਕੜ ਬੈਠੀਆਂ ਹੈਨ ਅਤੇ ਕਿਧਰੇ ਗੁਜਰੀ ਮਾਲਣ ਤੇ ਨੰਦੋ ਰੂੜੀ ਖਲੋਤੀਆਂ ਹੈਨ ਤਾਂ ਆਖਿਆ ਹੁਣ ਤਾਂ ਮੇਰੀ ਛਾਬੜੀ ਵਿੱਚ ਥੁਹੜਾ ਹੀ ਸੌਦਾ ਰਹਿ ਗਿਆ ਏ ਏਹ ਬੀ ਤੁਸਾਂ ਨੂੰ ਖਰੀਦ ਲੈਣਾ ਚਾਹੀਯੇ। ਤੁਹਾਡੇ ਭਾਗਵਾਨਾਂ ਵਿਚੋਂ ਚੁੱਕਕੇ ਹੁਣ ਹੋਰ ਗਲੀ ਜਾਣਾ ਹੱਛਾ ਨਹੀਂ। ਸੋ ਕਿਸੇ ਹੋਰ ਗੁਆਂਢਣ ਨੂੰ ਵਾਜ ਮਾਰੋ ਖਾਂ ਜੋ ਏਹਿ ਸੌਦਾ ਬੀ ਇੱਥੇ ਹੀ ਵੇਚ ਜਾਵਾਂ ਤਾਂ ਆਪਸ ਵਿਚੀ ਆਖਣ ਲੱਗੀਆਂ ਭੈਣੋ ਸੱਚ ਆਖਦਾ ਜੇ ਦਮੜੀ ਦਮੜੀ ਹੋਰ ਖਰਚੋ। ਇੱਕ ਬੋਲੀ ਖਲੋ ਬੇ ਭਾਈ ਮੈਂ ਉਧਰ ਜਾ ਕੇ ਹੋਰਨਾਂ ਤ੍ਰੀਮਤਾਂ ਨੂੰ ਬੀ ਖਬਰ ਕਰਨੀ ਹਾਂ। ਜਾਂ ਉਸ ਉੱਪਰ ਜਾ ਕੇ ਛਾਬੜੀ ਵਾਲੇ ਦੀ ਗੱਲ ਕੀਤੀ ਤਾਂ ਕਈਆਂ ਵਹੁਟੀਆਂ ਬੀ ਕੁਝ ਖਰੀਦਣਾ ਚਾਹਿਆ। ਕਿਸੇ ਤਾਂ ਛਿੱਕੂ ਵਿਚ ਪੈਸਾ ਪਾ ਕੇ ਹੇਠਾਂ ਛਾਬੜੀ

ਵਾਲੇ ਵਲ ਲਮਕਾ ਦਿੱਤਾ ਅਤੇ ਕਿਸੇ ਅਧੇਲੇ ਦਮੜੀ ਦੀਆਂ ਕੌਡੀਆਂ ਪਾ ਕੇ ਛਿੱਕੂ ਲਮਕਾਇਆ। ਛਾਬੜੀ ਵਾਲੇ ਪੈਸਾ ਕੌਡਾਂ ਕੱਢਕੇ ਜਾਂ ਛਿੱਕੂ ਵਿੱਚ ਸਲੂਣੇ ਪਕੌੜੇ ਚਾ ਪਾਏ ਤਾਂ ਉਨ੍ਹੀਂ ਮੋਘੇ ਵਿਚਦੋ ਉੱਤੇ ਖਿਚ ਲਿਆ ਅਤੇ ਆਖਿਆ ਭਾਈ ਭਲਕੇ ਘੁੰਙਣੀਆਂ ਲੈ ਕੇ ਅਸਾਡੀ ਗਲੀ ਜਰੂਰ ਆਮੀ।

ਵਡੇ ਵੇਲੇ ਮੂਲੋ ਅਤੇ ਪੰਜ ਸੱਤ ਹੋਰ ਕੁੜੀਆਂ ਅਤੇ ਤ੍ਰੀਮਤਾਂ ਜਾਂ ਘਰੋਂ ਨਿਕਲਕੇ ਦਰਬਾਰ ਸਾਹਬ ਵਲ ਟੁਰੀਆਂ ਤਾਂ ਅਗੋਂ ਹਿੱਕ ਖੋਤਾ ਹਿਣਕਿਆ ਉਸ ਦੀ ਵਾਜ ਸੁਣਕੇ ਸਭਨਾਂ ਤ੍ਰੀਮਤਾਂ ਥੁਕਿਆ ਅਤੇ ਆਖਿਆ ਮਰ ਔਤਿੜਿਆਂ ਦਾ ਸਵੇਰੇ ਪਰਮੇਸੁਰ ਦੇ ਵੇਲੇ ਕਿੱਥੋਂ ਆਣ ਮਰਿਆ ਏ।

ਜਾਂ ਦਰਬਾਰ ਸਾਹਿਬ ਦੇ ਪੋਣੇ ਇਸ਼ਨਾਨ ਕਰ ਚੁਕੀਆਂ ਤਾਂ ਬੋਲੀਆਂ ਭੈਣੇ ਦਿਨ ਵੱਡਾ ਆ ਗਿਆ ਈ ਤੇ ਅਸਾਂ ਅਜੇ ਅੱਜ ਐਤਵਾਰ ਦੀ ਕਥਾ ਬੀ ਨਹੀਂ ਸੁਣੀ ਕਦ ਬੇਹਲੀਆਂ ਹੋਮਾਂਗੀਆਂ ਤੇ ਕਦ ਚਲ ਕੇ ਰੋਟੀ ਚੜ੍ਹਾਵਾਂਗੀਆਂ? ਵਿਚੋਂ ਹੀ ਇੱਕ ਮਿਸਰਾਣੀ ਕਥਾ ਸੁਣਾਉਣ ਲਗੀ ਤੇ ਥੁਹੜੇ ਚਿਰ ਪਿੱਛੋਂ ਇੱਕ ਤ੍ਰੀਮਤ ਬੋਲੀ ਮਿਸਰਾਣੀ ਅਸਾਂ ਪਿਛਲੇ ਐਤਵਾਰ ਆਪਣੀ ਪੁਰਤਾਣੀ ਤੇ ਕਥਾ ਸੁਣੀ ਸਾਈ ਉਸ ਤੇ ਛੇਤੀ ਹੀ ਨਿਵੇਰ ਦਿੱਤੀ ਸੀ ਤੂੰ ਵਡੀ ਜਿਲਮਿਲ ਕਰਨੀ ਏਂ। ਬੇਬੇ ਸੁਖਾਲੀ ਏ ਨਾ ਜਜਮਾਨਾ ਦੇ ਘਰ ਰਾਮ ਰੱਖੇ ਬਥੇਰੇ ਹੈਨ ਹੰਤਕਾਰੀ ਆ ਜਾਣਗੀਆਂ ਜਾਂਦੀ ਹੀ ਖਾ ਲਮੇਂਗੀ ਔਖੀ ਤੇ ਅਸਾਂ ਨੂੰ ਬਣੇਗੀ ਨਾ ਕਿ ਜਿਨਾਂ ਆਪਣੇ ਹੱਥੀਂ ਜਾ ਕੇ ਪਕਾਉਣੀਆਂ ਹੈਨ।

ਜਾਂ ਮਿਸਰਾਣੀ ਛੇਤੀ ਛੇਤੀ ਦੋ ਤ੍ਰੈ, ਟੱਪੇ ਸੁਣਾ ਦਿੱਤੇ ਤਾਂ ਸਭੇ ਘਰ ਆਈਆਂ ਰਸੋਈ ਕਰ ਖਾ ਕੇ ਵੇਹਲੀਆ ਹੋਈਆਂ ਤੇ ਹਿੱਕ ਵਣਜਾਰਾ ਗਲੀ ਵਿੱਚ ਆਣ ਬੈਠਾ। ਕਿਸੇ ਪੁੱਛਿਆ ਭਾਈ ਤੇਰੇ ਕੋਲ ਦਦਾਸਾ ਹਈ ਵਿਖਾ ਖਾਂ ਕੇਹਾ ਕੂ ਰੰਗਲਾ ਜੇ। ਕਿਸੇ ਆਖਿਆ ਭਾਈ ਮੁਲੰਮੇ ਦੇ ਵਾਲਿਆਂ ਦਾ ਕੀ ਮੁੱਲ ਜੇ। ਕੋਈ ਬੋਲੀ ਵਿਖਾ ਖਾਂ ਤੇਰੇ ਪਾਸ ਬਿੰਦੀਆਂ ਕੇਹੀਆਂ ਕੁ ਹੁੰਦੀਆਂ ਨੇ। ਕਿਸੇ ਛੱਲੇ ਤੇ ਕਿਸੇ ਛਾਪਾਂ ਦਾ ਭਾਉ ਪੁੱਛਿਆ। ਜਾਂ ਵਣਜਾਰਾ ਕਿਸੇ ਵਲ ਵੇਖ ਕੇ ਹੱਸ ਪੈਂਦਾ ਅਤੇ ਕਿਸੇ ਵਲ ਅੱਖਾਂ ਮਟਕਾਉਂਦਾ ਜਾਪਿਆ ਤਾਂ ਹਿੱਕ ਬੋਲੀ ਵੇਖ ਕੁੜੇ ਗੰਗੀ ਮੋਇਆ ਵਣਜਾਰਾ ਕੇਹਾ ਖਚਰਾ ਹਈ। ਔਤੜਿਆਂ ਦਾ ਕੁੜੀਆਂ ਵੱਲ ਅੱਖ ਮਟੱਕੇ ਮਾਰਦਾ ਜੇ।

ਗੰਗੀ ਆਖਿਆ ਹਊਂ ਭੈਣ ਬੁਰਿਆਂ ਨੂੰ ਡਰ ਅਸਾਂ ਨੂੰ ਕੀ ਵਿਖਾਲਨੀ ਏਂ ਆਪਣਾ ਮਨ ਚੰਗਾ ਹੋਊ ਤੇ ਕੋਈ ਕਿਸੇ ਨੂੰ ਮੂੰਹ ਨਹੀਂ ਪਾਉਂਦਾ। ਮਨ ਚੰਗਾ ਤੇ ਕਠੋਤੀ ਗੰਗਾ।

ਫੇਰ ਹਿੱਕ ਬੁੱਢੀ ਆ ਕੇ ਆਖਿਆ ਭਾਈ ਵਣਜਾਰਿਆ ਅਹਿ ਕੇਹਾ ਚੁਟਾਹਲਾ ਪਾ ਛੱਡਿਆ ਈ ਚੱਕ ਕਿਸੀ ਹੋਰਸੀ ਗਲੀ ਹੁਣ ਸੌਦਾ ਜਾ ਵੇਚ ਅਜਿਹਾ ਤਾਂ ਕਦੀ ਕੋਈ ਨਹੀਂ ਵੇਖਿਆ ਕਿ ਜੋ ਸਾਰਾ ਦਿਨ ਤ੍ਰੀਮਤਾਂ ਕੋਲ ਬੈਠਾ ਰਹੇ। ਅਰ ਜਿਹੀਆਂ ਹੀ ਏਹ ਮੋਈਆਂ ਹੈਨ ਕਿ ਆਪਣਾ ਬਿਗਾਨਾ ਕੁਝ ਨਹੀਂ ਵੇਖਦੀਆਂ ਦੁੰਹ ਪਹਿਰਾਂ ਤੇ ਤੇਰੇ ਅੱਗੇ ਪਿੱਛੇ ਖਲੋਤੀਆਂ ਗੁਆਰਾਂ ਵਾਂਙੂ ਖਿੜ ਖਿੜ ਲਾ ਛੱਡੀ ਨੇ।

ਵਣਜਾਰੇ ਆਖਿਆ ਭਲਾ ਮਾਈ ਚਲੇ ਜਾਨੇ ਹਾਂ ਹੱਥ ਧੋ ਕੇ ਮਗਰ ਕਿਉਂ ਪੈ ਗਈ ਏ ਅਸਾਂ ਕਿਸੇ ਦਾ ਕੁਝ ਚੁੱਕ ਖੜਿਆ ਜੇ? ਬੁੱਢੀ ਆਖਿਆ ਚੁਕ ਖੜਿਆ ਦਾ ਬੱਚਾ ਅਸਾਂ ਮੱਤ ਦੀ ਗੱਲ ਆਖੀ ਔਤੜਿਆਂ ਦਾ ਅਗੋਂ ਗੱਲਾਂ ਮੜਾਕਦਾ ਏ ਚਲ ਦੂਰ ਹੋ ਨਹੀਂ ਤਾਂ ਹੁਣੇ ਆਪਣੇ ਪੁੱਤਰ ਨੂੰ ਸੱਦਕੇ ਮਝੀਟੀਆਂ ਪੁਟਾ ਦੇਵਾਂਗੀ। ਫੇਰ ਬੋਲੀ ਚਲੋ ਨੀ ਕੁੜੀਓ ਬਹੁਤ ਆਪਹੁਦਰੀਆਂ ਨਾ ਬਣੋ ਇਸ ਦਾ ਕੀ ਜਾਣਾ ਏ ਪੱਤ ਤੁਹਾਡੇ ਪੇਮਾਂ ਭਿਰਾਮਾਂ ਦੀ ਵਿਗੜੇਗੀ।

ਵਣਜਾਰਾ ਤੇ ਚਲਾ ਗਿਆ ਪਰ ਹਿੱਕ ਪਾਂਡਾ ਹੱਥ ਵਿੱਚ ਪੁਰਾਣੀ ਪੱਤਰੀ ਜੇਹੀ ਫੜਕੇ ਹਿੱਕ ਦੇ ਬੂਹੇ ਆ ਖਲੋਤਾ ਅਤੇ ਬੋਲਿਆ ਏਹ ਘਰ ਤੇ ਵਡਾ ਭਾਗਵਾਨ ਜਾਪਦਾ ਈ ਅਤੇ ਏਹ ਜੋ ਪੌੜੀ ਪਰ ਬੈਠਾ ਚੜਦੀ ਵਖਾਂ ਮੂੰਹ ਕਰੀ ਕਾਗ ਬੋਲਦਾ ਜੇ ਇਹ ਇਸ ਘਰ ਦੀ ਸੁਖ ਮਨਾਉਂਦਾ ਰਹਿੰਦਾ ਨੇ। ਉਸ ਘਰ ਵਾਲੀ ਝੱਟ ਉੱਤਰ ਕੇ ਆਪਣਾ ਹੱਥ ਉਸ ਦੇ ਅੱਗੇ ਕੀਤਾ ਅਤੇ ਪੁਛਿਆਸੁ ਪਾਂਡਾ ਵੇਖ ਖਾਂ ਮੇਰਾ ਲੇਖ ਕੇਹਾਕੁ ਜੇ।

ਪਾਂਡੇ ਤਾਂ ਬਾਹਰਲੇ ਬੂਹੇ ਬੈਠ ਕੇ ਇਸ ਘਰ ਦੇ ਮੁੰਡੇ ਕੁੜੀਆਂ ਅਤੇ ਉਹਨਾਂ ਦੇ ਨਾਮ ਪੁਛ ਹੀ ਲੀਤੇ ਸਾਨ। ਹੱਥ ਫੜਦਾ ਹੀ ਬੋਲਿਆ ਮੂਲੇ ਦੀ ਮਾਂ ਲੇਖ ਤੇ ਤੇਰਾ ਬਹੁਤ ਹੱਛਾ ਅਤੇ ਦਿਲ ਬੀ ਭੈੜਾ ਨਹੀਂ ਪਰ ਆਹਿ ਜੋ ਬਸੰਤੀ ਨਾਮੇਂ ਤੇਰੀ ਦਰਾਨੀ ਤੇਰੇ ਵਿੱਚ ਵਸਦੀ ਜੇ ਇਸ ਤੈਨੂੰ ਦਗਾ ਦੇਣਾਈ। ਅਰ ਹਿੱਕ ਗੁਆਂਢਣ ਤੇਰੇ ਭਲੇ ਵਿਚ ਜਾਪਦੀ ਏ ਹੁਣ ਤੇਰੇ

ਮੂਲੇ ਛੇਤੀ ਹੀ ਵਿਆਹੇ ਜਾਣਾ ਏ। ਤੁਧ ਜਿਸ ਨਾਲ ਨੇਕੀ ਕੀਤੀ ਤੈਨੂੰ ਉਸ ਥੀਂ ਕੁਝ ਨਫਾ ਨਹੀਂ ਹੋਇਆ। ਮੇਰੀ ਪੱਤਰੀ ਆਖਦੀ ਜੇ ਕਿ ਥੁਹੜਾ ਜੇਹਾ ਤੇਲ ਤੇ ਤਨ ਦਾ ਕਪੜਾ ਅਤੇ ਕੁਝ ਚਾਂਦੀ ਆਪਣੇ ਸਿਰ ਛੁਆਕੇ ਐਸ ਵੇਲੇ ਪਾਂਡੇ ਨੂੰ ਦਿਹ ਤਾਂ ਸਭੋ ਦਲਿਦਰ ਦੂਰ ਹੋ ਜਾਣਗੇ।

ਉਸ ਤ੍ਰੀਮਤ ਝੱਟ ਸਭ ਕੁਝ ਦੇ ਦਿੱਤਾ ਅਤੇ ਹੋਰਨਾਂ ਗੁਆਂਢਣਾਂ ਨੂੰ ਸੱਦ ਕੇ ਆਖਿਆ ਅੜੀਓ ਪਾਂਡਾ ਵਡਾ ਸੱਚਾ ਤੇ ਇਸ ਦੀ ਪੱਤਰੀ ਬਹੁਤ ਸੱਚੀਆਂ ਖਬਰਾਂ ਦੇਂਦੀ ਜੇ ਮੇਰੇ ਸਭ ਪਤੇ ਇਸ ਤੁਰਤ ਫੁਰਤ ਲਾ ਦਿੱਤੇ ਤੁਸਾਂ ਬੀ ਕੁਝ ਪੁੱਛ ਲਉ।

ਕਿਸੇ ਆਖਿਆ ਭਾਈ ਵੇਖ ਖਾਂ ਮੇਰੀ ਸੱਸ ਮੇਰੇ ਨਾਲ ਰਾਜੀ ਕਦੋਂ ਹੁੰਦੀ ਏ? ਕਿਸੇ ਪੁੱਛਿਆ ਮੇਰੇ ਭਿਰਾਉ ਦੀ ਕੁੜਮਾਈ ਕਦੋਂ ਹੋਵੇਗੀ? ਕਿਸੇ ਆਖਿਆ ਪਾਂਡਾ ਮੇਰੇ ਲੇਖ ਵਿਚ ਕੁਝ ਧੰਨ ਵੀ ਹੈ ਕੇ ਨਹੀਂ? ਕੋਈ ਬੋਲੀ ਭਲਾ ਵੇਖ ਖਾਂ ਮੇਰੇ ਛੱਛੂ ਦੇ ਨਾਲ ਕਦੀ ਹੋਰ ਭਿਰਾਉ ਬੀ ਰਲੂਗੂ ਕੇ ਨਹੀਂ?

ਪਾਂਡੇ ਐਧਰ ਉਧਰ ਦੀਆਂ ਗਲਾਂ ਬਣਾਕੇ ਕਿਸੇ ਦਾ ਛੱਲਾ ਅਤੇ ਕਿਸੇ ਦੀ ਛਾਪ ਅਤੇ ਕਿਸੇ ਦੇ ਕੰਨ ਦੀ ਵਾਲੀ ਤੇ ਕਿਸੇ ਦੀ ਚਾਦਰ ਉਤਾਰ ਕੇ ਆਪਣਾ ਰਸਤਾ ਫੜਿਆ।

## ਅਰਥਾਵਲੀ :

**ਸਲੂਣੇ** - ਨਮਕੀਨ। **ਅੱਧੜਵੰਜੇ** - ਅਧਨੰਗੇ। **ਵਿੱਚਦੋ** - ਵਿੱਚੋਂ। **ਘੁੰਙਣੀਆਂ** - ਬੱਕਲ਼ੀਆਂ। **ਆਮੀ** - ਆਵੀਂ। **ਔਂਤੜਿਆਂ** - ਔਂਤਰਿਆ, ਜਿਸ ਦੇ ਉਲ਼ਾਦ ਨਹੀਂ। **ਮਿਸਰਾਣੀ** - ਮਿਸਰ ਦੀ ਘਰਵਾਲ਼ੀ, ਬ੍ਰਾਹਮਣੀ, ਪੰਡਤਾਣੀ। **ਪੁਰਤਾਣੀ** - ਪੁਰੋਹਤਣੀ। **ਬਥੇਰੇ** - ਬਹੁਤੇਰੇ। **ਹੰਤਕਾਰੀ** - ਹਿਤਕਾਰੀ, ਹਿਤੈਸ਼ੀ। **ਹਿੱਕ** - ਇੱਕ। **ਵਣਜਾਰਾ** - ਵਪਾਰੀ। **ਚੁਟਾਹਲਾ** - ਭੀੜ-ਭੜੱਕੇ ਦਾ ਸ਼ੋਰ। **ਮਝੀਟੀਆਂ** - ਮੀਢੀਆਂ। **ਦਲਿਦਰ** - ਦੁੱਖ।

## ਪਾਠ - ਅਭਿਆਸ

1. 'ਗਲ਼ੀ ਵਿੱਚ' ਲੇਖ ਨੂੰ ਸੰਖੇਪ ਕਰਕੇ ਆਪਣੇ ਸ਼ਬਦਾਂ ਵਿੱਚ ਲਿਖੋ।
2. ਸ਼ਰਧਾ ਰਾਮ ਫਿਲੌਰੀ ਨੇ ਕਿਸੇ ਛਾਬੜੀ ਵਾਲ਼ੇ ਜਾਂ ਕਿਸੇ ਵਣਜਾਰੇ ਦੇ ਆਉਣ 'ਤੇ ਗਲ਼ੀ ਦਾ ਦ੍ਰਿਸ਼ ਕਿਸ ਖ਼ੂਬੀ ਨਾਲ਼ ਚਿਤਰਿਆ ਹੈ - ਬਿਆਨ ਕਰੋ।
3. ਪਾਂਡਾ ਭੋਲ਼ੀਆਂ-ਭਾਲ਼ੀਆਂ ਔਰਤਾਂ ਨੂੰ ਕਿਵੇਂ ਵਰਗਲਾ ਕੇ ਲੁੱਟਦਾ ਹੈ, ਆਪਣੇ ਸ਼ਬਦਾਂ ਵਿੱਚ ਸੰਖੇਪ ਕਰਕੇ ਲਿਖੋ।
4. 'ਮਨ ਚੰਗਾ ਤੇ ਕਠੋਤੀ ਵਿੱਚ ਗੰਗਾ' ਇਸ ਅਖਾਣ ਦਾ ਕੀ ਭਾਵ ਹੈ?
5. ਹੇਠ ਲਿਖੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤ ਕੇ ਅਰਥ ਸਪਸ਼ਟ ਕਰੋ:
   ਔਖੀ ਬਣਨੀ, ਅੱਖਾਂ ਮਟਕਾਉਣਾ, ਮਨ ਚੰਗਾ ਤੇ ਕਠੋਤੀ ਗੰਗਾ, ਹੱਥ ਧੋ ਕੇ ਮਗਰ ਪੈਣਾ, ਸੁੱਖ ਮਨਾਉਣਾ, ਦਗ਼ਾ ਦੇਣਾ, ਨੇਕੀ ਕਰਨਾ, ਤੁਰਤ-ਫੁਰਤ, ਆਪਣਾ ਰਸਤਾ ਫੜਨਾ।
6.. ਹੇਠ ਲਿਖੇ ਸ਼ਬਦਾਂ ਦੇ ਉਲਟ ਅਰਥ ਰੱਖਣ ਵਾਲ਼ੇ ਸ਼ਬਦ ਲਿਖੋ -
   ਸਲੂਣਾ, ਖ਼ਰੀਦਣਾ, ਔਰਤਾਂ, ਛੇਤੀ, ਵਿਗੜਨਾ, ਮੋਈਆਂ, ਲੰਮੀ, ਤਾਜ਼ੇ
7. ਆਪਣੇ ਅੱਖੀਂ ਦੇਖੇ ਕਿਸੇ ਖ਼ੁਸ਼ੀ ਦੇ ਮੌਕੇ ਉੱਤੇ ਇਕੱਠੀਆਂ ਹੋਈਆਂ ਤ੍ਰੀਮਤਾਂ ਦੀ ਗੱਲ-ਬਾਤ ਨੂੰ ਨਾਟਕੀ ਢੰਗ ਨਾਲ਼ ਲਿਖੋ।

ਆਪਣੀ ਗਲ਼ੀ ਜਾਂ ਮੁਹੱਲੇ ਵਿੱਚ ਕਿਸੇ ਫਲ਼ ਜਾਂ ਸਬਜ਼ੀ ਵੇਚਣ ਵਾਲ਼ੇ ਨਾਲ਼ ਹੋਈ ਵਾਰਤਾਲਾਪ ਨੂੰ ਆਪਣੀਆਂ ਕਾਪੀਆਂ ਵਿੱਚ ਲਿਖੋ।

# ਲਾਲਾ ਬਿਹਾਰੀ ਲਾਲ ਪੁਰੀ

(1830-1885)

ਗੁਰਦਾਸਪੁਰੋਂ ਸੱਤ ਮੀਲ ਬਹਿਰਾਮਪੁਰ ਪਿੰਡ ਵਿੱਚ ਇੱਕ ਮਹਾਤਮਾ ਬਾਬਾ ਜਗਦੀਸ਼ ਰਾਏ ਹੋਏ ਹਨ। ਇਹਨਾਂ ਦੀਆਂ ਛੇ ਉਂਗਲ਼ਾਂ ਹੋਣ ਕਰਕੇ ਬਾਬਾ ਛਾਂਗਾ ਜੀ ਕਹਿੰਦੇ ਸਨ। ਬਾਬਾ ਛਾਂਗਾ ਜੀ ਦੇ ਬੰਸ ਵਿੱਚੋਂ ਹੀ ਲਾਲਾ ਬਿਹਾਰੀ ਲਾਲ ਜੀ ਨੇ 1830 ਈ. ਵਿੱਚ ਜਨਮ ਲਿਆ।

ਆਪ ਲੁਧਿਆਣੇ ਵਿੱਚ (ਜਿੱਥੇ ਇਹਨਾਂ ਦਾ ਚਾਚਾ ਕੋਤਵਾਲ ਸੀ) ਮਿਡਲ ਸਕੂਲ ਵਿੱਚ ਪੜ੍ਹੇ। ਫਿਰ ਬਾਰਕਮਾਸਟਰੀ ਦੇ ਮਹਿਕਮੇ ਵਿੱਚ ਨਕਸ਼ਾ-ਨਵੀਸ ਲੱਗੇ। ਮਾਧੋਪੁਰ ਅਤੇ ਲਾਹੌਰ ਵਿੱਚ ਸਕੂਲ ਖੋਲ੍ਹੇ ਜਿਨ੍ਹਾਂ ਵਿੱਚ ਫ਼ੀਸ ਨਹੀਂ ਲਈ ਜਾਂਦੀ ਸੀ। ਲਾਹੌਰ ਵਿਖੇ ਸੱਤ ਸਭਾ ਸਕੂਲ ਵਿੱਚ ਗੁਰਮੁਖੀ ਪੜ੍ਹਨੀ ਜ਼ਰੂਰੀ ਸੀ। ਉੱਥੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਹੁੰਦਾ ਸੀ ਤੇ ਆਸਾ ਦੀ ਵਾਰ ਲੱਗਦੀ ਸੀ। ਬਿਹਾਰੀ ਲਾਲ ਪੁਰੀ ਇੱਥੇ ਸਕੱਤਰ ਸਨ।

ਪੰਜਾਬੀ ਦੀ ਨੀਂਹ ਰੱਖਣ ਵਾਲ਼ਿਆਂ ਵਿੱਚੋਂ ਬਿਹਾਰੀ ਲਾਲ ਪੁਰੀ ਦਾ ਨਾਂ ਸਭ ਤੋਂ ਮੂਹਰੇ ਹੈ। ਆਪ ਕਈ ਬੋਲੀਆਂ ਦੇ ਵਿਦਵਾਨ ਸਨ। ਉਹਨਾਂ ਨੇ ਹਿੰਦੀ ਤੇ ਪੰਜਾਬੀ ਵਿੱਚ ਢੇਰ ਰਚਨਾ ਕੀਤੀ। 'ਚਰਿਤਾਵਲੀ', 'ਵਿਦਿਆ ਰਤਨਾਕਰ', 'ਪੰਜਾਬੀ ਵਿਆਕਰਣ', 'ਪਿੰਗਲ ਮੰਜਰੀ' ਤੇ 'ਅਨੇਕ ਦਰਸ਼ਨ' ਇਹਨਾਂ ਦੀਆਂ ਪ੍ਰਸਿੱਧ ਤੇ ਹਰਮਨ-ਪਿਆਰੀਆਂ ਰਚਨਾਵਾਂ ਹਨ।

## ਸਮਯ ਦਾ ਅਰਘ

ਇੱਕ ਕੋਈ ਸਾਧੂ ਜਨ ਕਿਸੇ ਦੇਸ ਨੂੰ ਜੋ ਗਇਆ, ਉੱਥੇ ਇੱਕ ਨਗਰ ਦੇ ਬਾਹਰ ਕੀ ਦੇਖਦਾ ਹੈ ਕਿ ਇੱਕ ਵਲਗਣ ਦੇ ਅੰਦਰ ਢੇਰ ਸਾਰੀਆਂ ਮੜ੍ਹੀਆਂ ਬਣੀਆਂ ਹਨ। ਸਿੱਧਾਂ ਦੀਆਂ ਸਮਾਧਾਂ ਜਾਣ, ਉਸ ਸਾਧੂ ਪੁਰਖ ਦੇ ਮਨ ਵਿੱਚ ਆਈ ਕਿ ਚਲਕੇ ਮਹਾਤਮਾ ਸਵਰਗ ਵਾਸੀਆਂ ਲੋਕਾਂ ਦੀਆਂ ਸਮਾਧਾਂ ਨੂੰ ਮੱਥਾ ਟੇਕ ਆਈਏ। ਜਾਂ ਉੱਥੇ ਗਿਆ ਤਾਂ ਕੀ ਦੇਖਦਾ ਹੈ ਕਿ ਕਿਸੇ ਸਮਾਧ ਪੁਰ ਪ੍ਰਾਣੀ ਦੀ ਦੋ ਬਰਸਾਂ ਦੀ ਅਵਸਥਾ ਲਿਖੀ ਹੈ, ਕਿਸੇ ਪੁਰ ਢਾਈਆਂ ਦੀ, ਕਿਸੇ ਪੁਰ ਤਿਹੁੰ ਦੀ, ਕਿਸੇ ਪੁਰ ਚਹੁੰ ਦੀ ਅਤੇ ਕਿਸੇ ਪੁਰ ਪੰਜਾਂ ਬਰਸਾਂ ਦੀ। ਇਸ ਪ੍ਰਕਾਰ ਸੈਂਕੜੇ ਹੀ ਸਮਾਧਾਂ ਵੇਖੀਆਂ ਪਰ ਪੰਜਾਂ ਬਰਸਾਂ ਦੀ ਅਸਵਥਾ ਵਾਲ਼ੇ ਤੇ ਵਧੀਕ ਆਯੂ ਵਾਲ਼ੇ ਦੀ ਉੱਥੇ ਕੋਈ ਸਮਾਧ ਨਾ ਦੇਖੀ, ਚਿੰਤਾਵਾਨ ਹੋਇਆ ਅਤੇ ਬੋਲਿਆ -

### ।। ਕੁੰਡਲੀਆ ।।

ਕੀ ਵਸੋਂ ਇਸ ਨਗਰ ਦੀ, ਜੀਵੇ ਦੋ ਤ੍ਰੈ ਸਾਲ।
ਪੰਜਾਂ ਤੇ ਉੱਪਰ ਨਹੀਂ, ਮਰਦੇ ਸਭ ਹੀ ਬਾਲ।
ਮਰਦੇ ਸਭ ਹੀ ਬਾਲ, ਚਲੇ ਬਯੋਹਾਰ ਇਹਨਾਂ ਦਾ।
ਕਿਸ ਬਿਧ ਜਾਣਾਂ ਨਹੀਂ, ਹੋਇ ਸੰਤਾਨੋਂ ਵਾਧਾ।
ਅਤਿ ਅਦਭੁਤ ਹੈ ਚਰਿਤ, ਪੁੱਛੀਏ ਕਿਸਤੇ ਸਾਖੀ ।
ਦੂਰ ਕਰੇ ਸੰਦੇਹ, ਵਡਾ ਅਚਰਜ ਇਹ ਹੈ ਕੀ।

ਇਸ ਗੱਲ ਨੂੰ ਸੋਚਦਾ-ਸੋਚਦਾ ਉਹ ਸਾਧੂ ਨਗਰ ਦੇ ਅੰਦਰ ਗਇਆ। ਉੱਥੇ ਕੀ ਦੇਖਦਾ ਹੈ ਕਿ ਸੌ-ਸੌ, ਸਵਾ-ਸਵਾ ਸੌ ਬਰਸਾਂ ਦੇ ਬੁੱਢੇ ਅਰ ਨੱਢੇ ਸਾਰੀਆਂ ਅਵਸਥਾਂ ਦੇ ਲੋਕ ਉਸ ਨਗਰ ਵਿਖੇ ਕੋਈ ਹੱਟ, ਕੋਈ ਪੱਟ, ਕੋਈ ਕਾਰ, ਕੋਈ ਬਹਾਰ ਆਪੋ ਆਪਣੇ ਠਿਕਾਣੇ ਸਿਰ ਪਏ ਕਰਦੇ ਹਨ। ਇਸ ਨੇ ਕਿਸੇ ਕੋਲੋਂ ਪੁੱਛਿਆ, ਕਿ ਨੱਗਰੋਂ ਬਾਹਰ ਬਾਲਾਂ ਦੇ ਦੱਬਣ ਫੂਕਣ ਲਈ ਵੱਖਰੇ ਸਿਵੇ ਬਣਾ ਛੱਡੇ ਹਨ, ਕੀ ਵੱਡਿਆਂ ਲਈ ਕੋਈ ਹੋਰ ਥਾਂ ਥਾਪ ਰਖੀ ਹੈ ? ਉੱਤਰ ਦਿਤੋ ਨੇ ਕੀ ਬੁੱਢਾ, ਕੀ ਨਢੜਾ, ਕੀ ਬਾਲ, ਕੀ ਬ੍ਰਿਧ ਸੱਭੇ ਉੱਥੇ ਇੱਕੋ ਸਥਾਨ ਵਿਖੇ ਟਿਕਾਏ ਜਾਂਦੇ ਹਨ। ਫੇਰ ਉਸ ਨੇ ਖੋਲ੍ਹ ਕੇ ਪੁੱਛਿਆ, ਕਿ ਤੁਹਾਡੇ ਨਗਰ ਵਿਖੇ ਜੇ ਕੋਈ ਪੰਜਾਂ ਬਰਸਾਂ ਤੇ ਉੱਪਰ ਟੱਪਦਾ ਹੈ, ਕੀ ਉਹ ਫੇਰ ਨਹੀਂ ਮਰਦਾ? ਅੱਗੋਂ ਉਹ ਬੋਲਿਆ ਕਿ ਮਰਦਾ ਤਾਂ ਹੈ, ਪਰ ਸਾਡੇ ਦੇਸ ਦੀ ਚਾਲ ਹੈ, ਕਿ ਪ੍ਰਾਣੀ ਜਿਤਨਾ ਸਮਯ ਹਰਿ ਭਜਨ ਵਿਖੇ ਯਾ ਪਰਉਪਕਾਰ ਵਿਖੇ ਲਾਉਂਦਾ ਹੈ, ਉੱਨੀ ਹੀ ਉਸਦੀ ਅਵਸਥਾ ਸਮਝੀ ਜਾਂਦੀ ਹੈ ਹਰ ਕਿਸੇ ਨੇ ਆਪੋ ਆਪਣਾ ਖਾਤਾ ਰੱਖਿਆ ਹੋਇਆ ਹੈ, ਉਸੇ ਵਿੱਚ ਉਹ ਆਪਣੀ ਹੱਥੀਂ ਆਪਣੇ ਸ਼ੁਭ ਕਰਮਾਂ ਦਾ ਸਮਯ ਲਿਖਦਾ ਜਾਂਦਾ ਹੈ, ਉਸ ਦੇ ਮਰਣ ਤੇ ਮਗਰੋਂ ਉਹੀ ਖਾਤਾ ਦੇਖਕੇ ਉਸ ਦੀ ਸਮਾਧ ਪੁਰ ਤਿਸਦੀ ਅਵਸਥਾ ਲਿਖੀ ਜਾਂਦੀ ਹੈ ਜਿਸ ਸਮਯ ਨੂੰ ਉਸਨੇ ਸ਼ੁਭ ਮਾਰਗ ਵਿਖੇ ਨਹੀਂ ਲਾਇਆ, ਸੋ ਕਾਲ ਹੈ ਉਸਨੇ ਗਵਾਇਆ ਇਸ ਲੇਖੇ ਇਸ ਨਗਰ ਦੇ ਵਾਸੀ ਆਪਣੀ ਛੋਟੀ ਹੀ ਅਵਸਥਾ ਵਿਖੇ ਤੁਰ ਜਾਂਦੇ ਹਨ

ਧੰਨਯ ਤੁਹਾਡੀ ਸਮਝ ਹੈ, ਧੰਨਯ ਤੁਹਾਡੀ ਚਾਲ।
ਇੱਕ ਇੱਕ ਪਲ ਨਿਹੁੰ ਲਾਇਆ, ਈਸ਼ਵਰ ਆਪਣੇ ਨਾਲ।

ਮਨੁੱਖ ਨੂੰ ਚਾਹੀਦਾ ਹੈ, ਆਪਣੇ ਸਮਯ ਨੂੰ ਰਤਨ ਜਵਾਹਰ ਯਾ ਧਨ ਜਾਣ ਕੇ ਉਸਦਾ ਅਰਘ ਕਰੇ, ਕਿਉਂਕਿ ਮਨੁੱਖ ਨੂੰ ਚਾਹੀਦਾ ਹੈ, ਕਿ ਜਿਹਾ ਧਨ ਨੂੰ ਸ਼ੁਭ ਮਾਰਗ ਵਿਖੇ ਲਾਏ, ਤਿਹਾ ਸਮਯ ਨੂੰ ਭੀ ਸ਼ੁਭ ਉਦੇਸ਼ ਲਾਵੇ। ਇਸਦਾ ਜਿੰਨਾ ਸਮਯ ਸ਼ੁਭ ਉਦੇਸ਼ ਲੱਗਦਾ ਹੈ, ਉੱਨਾ ਹੀ ਸਾਰਥਕ ਹੁੰਦਾ ਹੈ, ਉੱਨਾ ਹੀ ਇਸਦਾ ਜੀਵਨ ਅਰਥਾਤ ਅਮਰ ਅਵਸਥਾ ਜਾਣੀ ਜਾਂਦੀ ਹੈ, ਅਸ਼ੁਭ ਉਦੇਸਯ ਸਮਯ ਲਾਇਆ ਹੋਇਆ ਮੌਤ ਦੇ ਬੀ ਪਰਲੇ ਪਾਰ ਹੈ, ਓਹ ਕਿਸੇ ਗਿਣਤੀ ਵਿੱਚ ਨਹੀਂ।

ਪੁੰਨ ਅਵਸਥਾ ਨੂੰ ਪਹੁੰਚਣਾ ਇੱਕ ਦਿਨ ਯਾ ਇੱਕ ਮਹੀਨੇ ਯਾ ਇੱਕ ਸਾਲ ਦਾ ਕੰਮ ਨਹੀਂ। ਇਹ ਵਰ੍ਹਿਆਂ ਦੇ ਅਭਯਾਸ ਦਾ ਕਰਮ ਹੈ। ਦੇਖੋ ਕਿ ਜਿਨ੍ਹਾਂ ਲੋਕਾਂ ਨੇ ਮਾਲ ਇਕੱਠਾ ਕੀਤਾ ਹੈ, ਸੋ ਇੱਕ ਦਿਨ ਵਿੱਚ ਨਹੀਂ ਕੀਤਾ, ਨਾ ਇੱਕ ਮਹੀਨੇ ਵਿੱਚ, ਨਾ ਇੱਕ ਸਾਲ ਵਿੱਚ ਹੀ ਜੋੜਿਆ ਹੈ, ਪਰ ਹਰ ਦਿਨ, ਹਰ ਸਾਤੇ, ਹਰ ਮਹੀਨੇ ਹਰ ਹਾਲ ਉੱਦਮ ਕਰਦੇ ਰਹੇ, ਇੱਕ ਇੱਕ ਪੈਸਾ, ਇੱਕ ਇੱਕ ਰੁਪਯਾ ਜੋੜਕੇ ਆਪਣੇ ਮਨੋਰਥ ਨੂੰ ਪੂਰਾ ਕੀਤਾ ਅਤੇ ਤਿਸਦੇ ਕਰਨ ਵਿੱਚ ਰਾਤ ਦਿਨ ਜਾਨ ਮਾਰ ਕੇ ਧਨੀ ਹੋਏ। ਇਸੇ ਪ੍ਰਕਾਰ ਅਸੀਂ ਇੱਕੋ ਵਾਰ ਅਤਿ ਉੱਚੀ ਮੁਕਤਿ ਯਾ ਜੀਵਨ ਮੁਕਤਿ ਦੀ ਅਵਸਥਾ ਨੂੰ ਨਹੀਂ ਪਹੁੰਚ ਸਕਦੇ। ਉੱਸੇ ਤਰ੍ਹਾਂ ਹਰ ਸਾਤੇ, ਹਰ ਪਲ, ਹਰ ਘੜੀ, ਹਰ ਦਿਨ ਅਸਾਨੂੰ ਅਜੇਹਾ ਯਤਨ ਕਰਨਾ ਚਾਹੀਏ, ਕਿ ਅਸਾਡਾ ਸਮਯ ਨਸ਼ਟ ਨਾ ਹੋਏ, ਅਸਾਡਾ ਸਮਯ ਸ਼ੁਭ ਉਦੇਸਯ ਵਿਖੇ ਲੱਗਣ ਤੇ ਅਸੀਂ ਚਿਰੰਜੀਵ ਹੋਈਏ।

ਮਨੁੱਖ ਨੂੰ ਚਾਹੀਦਾ ਹੈ ਕਿ ਬਹੁਤਾ ਸੌਣ ਵਿਖੇ ਯਾ ਨਿਕੰਮਿਆਂ ਦੇ ਸੰਗ ਵਿਖੇ ਯਾ ਨਕਾਰਾ ਕਰਮ ਕਰਨ ਵਿਖੇ ਆਪਣੇ ਸਮਯ ਨੂੰ ਨਾ ਖੋਏ। ਈਸ਼ਵਰ ਦੀ ਅਰਾਧਨਾ, ਨਾਮ ਦੀ ਮਹਿਮਾ ਅਤੇ ਸਤਸੰਗ ਕਰਨ ਤੇ ਆਪਣੇ ਆਪ ਨੂੰ ਅਮਰ ਕਰ ਕੇ ਆਪਣਾ ਲੋਕ ਅਤੇ ਪਰਲੋਕ ਸੁਧਾਰੇ।

ਹਰਿ ਮਹਿਮਾ ਸਮ ਧਨ ਨਹੀਂ, ਕੋਈ ਧਨ ਜਗ ਜਾਣ।
ਸਦਾ ਰਹੇ, ਗੁਣ ਸ਼ੁਭ ਕਰੇ, ਅੰਤ ਕਰੇ ਕਲਯਾਣ।

# ਵੱਡਿਆਂ ਦਾ ਆਦਰ

ਮੂੰਹੋਂ ਮਿੱਠਾ ਬੋਲ, ਸਨੇਹ ਅਤੇ ਹਿਤ ਨਾਲ਼ ਵਰਤਣ ਦਾ ਨਾਉਂ ਆਦਰ ਹੈ। ਇਸ ਆਦਰ ਦੇ ਕਰਨ ਤੇ ਸਭਨਾਂ ਦਾ ਮਾਨ ਹੋਂਦਾ ਹੈ। ਜਾਂ ਕੋਈ ਆਪ ਤੇ ਵੱਡਾ ਮਿਲੇ ਤਾਂ ਖੜੇ ਹੋ ਸੀਸ ਝੁਕਾ, ਹੱਥ ਬੰਨ੍ਹ ਉਸਨੂੰ ਮੱਥਾ ਟੇਕਣਾ ਯਾ ਪੈਰੀਂ ਪੈਣਾ ਕਹਣਾ ਚਾਹੀਦਾ ਹੈ। ਉਸ ਕੋਲੋਂ ਅੱਗੇ ਵਧਕੇ ਨਹੀਂ ਤੁਰਨਾ, ਉਸਦੇ ਮਗਰ ਮਗਰ ਜਾਣਾ ਚਾਹੀਏ, ਜੇ ਅੱਗੇ ਲੰਘਣਾ ਹੀ ਪੈ ਜਾਏ, ਤਾਂ ਆਗਯਾ ਲੈ ਲਏ। ਉਸਦੇ ਸਾਹਮਣੇ ਖਿੜਖਿੜਾ ਕੇ ਨਾ ਹੱਸੇ ਤੇ ਉਸ ਨਾਲ ਬਾਤ ਬੀ ਚੰਗੀ ਕਰੇ। ਉਸਦੇ ਸਾਹਮਣੇ ਨਿਰਲੱਜ ਬਾਣੀ ਨਾ ਬੋਲੇ, ਨਾ ਕਠੋਰ ਬਾਤ ਹੀ ਉਸਦੇ ਮੁਹਰੇ ਕਰੇ।

ਵੱਡੇ ਬੀ ਕਈ ਪ੍ਰਕਾਰ ਦੇ ਹੁੰਦੇ ਹਨ, ਪਹਿਲਾ ਸਾਕੋਂ ਵੱਡਾ, ਸੋ ਵੱਡਾ। ਦੂਜਾ ਅਵਸਥਾ ਵਿੱਚ ਵੱਡਾ, ਸੋ ਬੀ ਵੱਡਾ। ਤੀਜਾ ਵਿੱਦਯਾ ਵਿੱਚ ਵੱਡਾ ਸੋ ਬੀ ਵੱਡਾ। ਚੌਥਾ ਗੁਣ ਵਿੱਚ ਵੱਡਾ, ਸੋ ਬੀ ਵੱਡਾ। ਪੰਜਵਾਂ ਪਦਵੀ ਵਿੱਚ ਵੱਡਾ, ਸੋ ਬੀ ਵੱਡਾ। ਸੋ ਜਿੰਨੇ ਵੱਡੇ ਹਨ, ਸਾਰਿਆਂ ਦਾ ਆਦਰ ਕਰਨਾ ਚਾਹੀਏ। ਸੋ ਥਾਂ ਥਾਂ ਸਿਰ ਜਿਸ ਜਿਸ ਦਾ ਜੋ ਜੋ ਅਧਿਕਾਰ ਹੈ, ਉਸਦਾ ਉੱਨਾ ਹੀ ਆਦਰ ਕਰਨਾ ਚਾਹੀਏ। ਆਦਰ ਕਰਨਾ ਚੰਗਿਆਂ ਦਾ ਕਰਮ ਹੈ, ਅਤੇ ਹੋਰਨਾਂ ਦਾ ਧਰਮ ਹੈ। ਮਨੂ ਜੀ ਕਹਿੰਦੇ ਹਨ, ਕਿ ਅਚਾਰਜ, ਪਿਤਾ ਮਾਤਾ ਅਤੇ ਵੱਡੇ ਭਰਾਉ ਦਾ ਸਦਾ ਆਦਰ ਕਰਨਾ ਚਾਹੀਦਾ ਹੈ, ਭਾਵੇਂ ਉਹ ਦੁੱਖ ਬੀ ਦੇਣ। ਵਿਦਯਾ ਗੁਰੂ ਦੇ ਮਗਰੋਂ ਸਹਾਇਕ ਅਤੇ ਵੱਡੇ ਭਿਰਾਉ ਦਾ ਅਧਿਕਾਰ ਹੈ। ਜਗਤ ਵਿਖੇ ਸਭਨਾਂ ਦਾ ਅਦਬ ਕਰਨਾ ਚਾਹੀਏ, ਕਿਸੇ ਦਾ ਅਨਾਦਰ ਨਾ ਕਰੋ।

ਸਾਈਂ ਇਸ ਜਗ ਆਇਕੇ, ਸਭਨਾਂ ਮਿਲੀਏ ਧਾਇ,
ਆਦਰ ਕਰ ਹੁਲਸਾਈਏ, ਚਿੱਤ ਕਿਸੇ ਨਹਿੰ ਢਾਇ।

## ਅਰਥਾਵਲੀ :

**ਅਰਘ** - ਕਦਰ। **ਵਲਗਣ** - ਘੇਰਾ। **ਬਰਸ** - ਸਾਲ। **ਸਮਯ** - ਸਮਾਂ। **ਬਿਧ** - ਤਰੀਕਾ। **ਪਰਉਪਕਾਰ** - ਦੂਸਰੇ ਦਾ ਭਲਾ ਕਰਨਾ। **ਸਾਰਥਕ** - ਸਫਲ। **ਪੁੰਨ** - ਸ਼ੁੱਭ ਕਰਮ, ਨੇਕ। **ਸਾਤੇ** - ਹਫ਼ਤੇ। **ਚਿਰੰਜੀਵ** - ਦੇਰ ਤੱਕ ਜਿਊਂਣ ਵਾਲ਼ਾ। **ਆਦਰ** - ਸਤਿਕਾਰ। **ਅਦਬ** - ਆਦਰ। **ਅਚਾਰਜ** -ਗੁਰੂ।

## ਪਾਠ - ਅਭਿਆਸ

1. 'ਸਮਯ ਦਾ ਅਰਘ' ਲੇਖ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।
2. ਸਮਯ ਦੇ ਅਰਘ ਤੋਂ ਕੀ ਭਾਵ ਹੈ? ਲੇਖਕ ਕਿਸ ਸਮੇਂ ਨੂੰ ਸਾਰਥਕ ਸਮਝਦਾ ਹੈ?
3. ਪੁੰਨ-ਅਵਸਥਾ ਪਾਰ ਕਰਦੇ ਹੋਏ ਅਸੀਂ ਚਿਰੰਜੀਵ ਕਿਵੇਂ ਹੋ ਸਕਦੇ ਹਾਂ? ਪਾਠ ਦੇ ਆਧਾਰ 'ਤੇ ਲਿਖੋ।
4. ਪਾਠ ਵਿੱਚ ਕਿਹੜੇ-ਕਿਹੜੇ ਵਿਅਕਤੀਆਂ ਨੂੰ ਵੱਡੇ ਮੰਨਿਆ ਗਿਆ ਹੈ?
5. ਵੱਡਿਆਂ ਦਾ ਆਦਰ ਕਿਵੇਂ ਕਰਨਾ ਚਾਹੀਦਾ ਹੈ?

ਰੋਜ਼ਾਨਾ ਕੀਤੇ ਗਏ ਕੰਮਾਂ ਦੀ ਸਮਾਂ-ਸਾਰਨੀ ਆਪਣੀ ਡਾਇਰੀ/ ਕਾਪੀ ਵਿੱਚ ਲਿਖੋ।

# ਲਾਲ ਸਿੰਘ ਕਮਲਾ ਅਕਾਲੀ

(1889—1977)

ਲਾਲ ਸਿੰਘ ਕਮਲਾ ਅਕਾਲੀ ਦਾ ਜਨਮ 1889 ਈਸਵੀ ਵਿੱਚ ਪਿੰਡ ਭਨੋਹੜ, ਜ਼ਿਲ੍ਹਾ ਲੁਧਿਆਣੇ ਵਿਖੇ ਸ. ਭਗਵਾਨ ਸਿੰਘ ਦੇ ਘਰ ਹੋਇਆ। ਆਪ ਨੇ ਖ਼ਾਲਸਾ ਕਾਲਜ ਹਾਈ ਸਕੂਲ ਤੋਂ ਮੈਟ੍ਰਿਕ ਕੀਤੀ। ਫਿਰ ਐੱਫ . ਸੀ. ਕਾਲਜ, ਲਾਹੌਰ ਤੋਂ 1913 ਈ. ਵਿੱਚ ਬੀ. ਐੱਸ-ਸੀ. ਪਾਸ ਕੀਤੀ। 1916 ਈ. ਵਿੱਚ ਐੱਲ. ਐੱਲ. ਬੀ. ਕਰਕੇ ਆਪ ਬਰ੍ਹਮਾ ਚਲੇ ਗਏ ਤੇ ਪਿੱਛੋਂ ਵਲਾਇਤ ਜਾ ਕੇ 1928 ਈ. ਵਿੱਚ ਐੱਮ.ਐੱਸ-ਸੀ. ਪਾਸ ਕਰ ਲਈ।

ਆਪ ਵਿਧਾਨ-ਸਭਾ ਦੇ ਮੈਂਬਰ ਵੀ ਰਹੇ। 'ਖ਼ਾਲਸਾ ਅਖ਼ਬਾਰ' ਨਾਂ ਦਾ ਉਰਦੂ ਪਰਚਾ ਕੱਢਿਆ। ਆਪ ਨੇ 'ਕਮਲਾ ਅਕਾਲੀ' ਨਾਂ ਦਾ ਇੱਕ ਟ੍ਰੈੱਕਟ ਲਿਖਿਆ ਜੋ ਬਹੁਤ ਪ੍ਰਸਿੱਧ ਹੋਇਆ। ਇਸ ਤਰ੍ਹਾਂ ਆਪ ਇਸੇ ਨਾਂ ਨਾਲ਼ ਮਸ਼ਹੂਰ ਹੋ ਗਏ। 1930 ਈਃ ਵਿੱਚ 'ਮੇਰਾ ਵਲੈਤੀ ਸਫ਼ਰਨਾਮਾ' ਲਿਖ ਕੇ ਸਫ਼ਰਨਾਮੇ ਲਿਖਣ ਦੀ ਪਿਰਤ ਆਪ ਨੇ ਹੀ ਪਾਈ।

'ਮੌਤ ਰਾਣੀ ਦਾ ਘੁੰਡ', 'ਸੈਲਾਨੀ ਦੇਸ ਭਗਤ', 'ਜੀਵਨ ਨੀਤੀ', 'ਮਨ ਦੀ ਮੌਜ', 'ਵਿਗਿਆਨਿਕ ਲੇਖ', 'ਭਾਰਤ ਦੇ ਭਰਪੂਰ ਭੰਡਾਰੇ' ਆਪ ਦੀਆਂ ਪ੍ਰਮੁੱਖ ਰਚਨਾਵਾਂ ਹਨ। ਹਾਸਾ, ਫ਼ਲਸਫ਼ਾ ਅਤੇ ਕਲਪਨਾ-ਉਡਾਰੀ ਆਪ ਦੀ ਵਾਰਤਕ ਦੇ ਵਿਸ਼ੇਸ਼ ਗੁਣ ਹਨ। ਆਪ ਦੀ ਲਿਖਤ ਵਿੱਚ ਆਮ ਕਰਕੇ ਕੋਈ ਸਿਧਾਂਤ ਹੁੰਦਾ ਹੈ ਜਿਸ ਨੂੰ ਸਿੱਧ ਕਰਨ ਦਾ ਯਤਨ ਕੀਤਾ ਗਿਆ ਹੁੰਦਾ ਹੈ।

## ਢੋਲ-ਢਮੱਕਾ

ਦੁਨੀਆ ਵਿਚ ਹਰ ਇਕ ਆਪਣੀ ਪਹੁੰਚ ਅਨੁਸਾਰ ਰੌਲਾ ਪਾਉਣ ਦਾ ਜਤਨ ਕਰ ਰਿਹਾ ਹੈ। ਅਜੇਹੇ ਲੋਕ ਥੋੜ੍ਹੇ ਹਨ—ਬਹੁਤ ਥੋੜ੍ਹੇ—ਜੋ ਦਿਲੋਂ ਦੁਨੀਆ ਦੀਆਂ ਕਮਲੀਆਂ-ਰਮਲੀਆਂ ਭੀੜਾਂ ਨੂੰ ਸੁਖੀ ਤੇ ਸ਼ਾਂਤ ਦੇਖਣਾ ਚਾਹੁੰਦੇ ਹਨ, ਕੋਈ ਗੌਤਮ ਬੁੱਧ ਯਾ ਈਸਾ ਮਸੀਹ। ਬਾਕੀ ਸਭ ਅਲਗਰਜ਼ ਹਨ। ਓਨ੍ਹਾਂ ਦਾ ਨਿਸ਼ਾਨਾ ਏਹ ਹੁੰਦਾ ਹੈ ਕਿ ਲੋਕਾਂ ਨੂੰ ਆਪਣੇ ਮਗਰ ਲਾਕੇ ਆਪਣਾ ਮਤਲਬ ਕੱਢਣਾ। ਕੋਈ ਪ੍ਰੈਜ਼ੀਡੰਟ ਬਨਣਾ ਚਾਂਹਦਾ ਹੈ, ਕੋਈ ਐੱਮ. ਐਲ, ਏ. ਕੋਈ ਕੇਵਲ ਆਪਣਾ ਸਾਮਾਨ ਵੇਚਣਾ ਚਾਂਹਦਾ ਹੈ। ਸਾਰਿਆਂ ਦਾ ਯਤਨ ਏਹ ਹੈ ਕਿ ਡੰਡ ਪਾਉਣੀ, ਅਗਲੇ ਨੂੰ ਉਸ ਦੇ ਆਪਣੇ ਖ਼ਿਆਲ ਵੱਲੋਂ ਖਿੱਚ ਕੇ ਆਪਣੇ ਮਤਲਬ ਦੇ ਪਾਸੇ ਪਾਉਣਾ, ਯਾ ਇੰਵ ਕਹੋ ਕਿ ਅਗਲੇ ਨੂੰ ਉੱਲੂ ਬਣਾਉਣਾ। ਜੇਹੜਾ ਏਸ ਖੇਡ ਵਿਚ ਸਫਲ ਹੋ ਜਾਂਦਾ ਹੈ ਉਸ ਨੂੰ ਦੁਨੀਆ ਮੋਢਿਆਂ ਉੱਤੇ ਚੁੱਕ ਲੈਂਦੀ ਹੈ, ਜਿਵੇਂ ਜਿੱਤੇ ਹੋਏ ਮੱਲ ਨੂੰ ਉਸ ਦੇ ਪਿੱਠੂ ਚੁੱਕ ਲੈਂਦੇ ਹਨ, ਜਿਹੜਾ ਅਸਫ਼ਲ ਰਹੇ ਉਸ ਨੂੰ ਦੁਨੀਆ ਪੈਰਾਂ ਹੇਠ ਲਤੜ ਕੇ ਲੰਘ ਜਾਂਦੀ ਹੈ।

ਪਿਛਲੀ ਜੰਗ ਦੀ ਗੱਲ ਹੈ ਕਿ ਜਦ ਜਰਮਨਾਂ ਨੇ ਪਹਿਲੇ ਹੱਲੇ ਹੀ ਫ਼ਰਾਂਸ ਤੇ ਬਿਲਜੀਅਮ ਉਲਟਾ ਮਾਰੇ। ਉਨ੍ਹਾਂ ਨੂੰ ਲੋੜ ਪਈ ਕਿ ਨੇੜੇ ਦੇ ਸਮੁੰਦਰੀ ਦੇਸਾਂ ਨੂੰ ਭੀ ਕਾਬੂ ਕਰ ਲੈਣ ਤਾਂਜੋ ਬਰਤਾਨੀਆ ਦਾ ਜਹਾਜ਼ੀ ਬੇੜਾ ਉਨ੍ਹਾਂ ਵਿਰੁਧ ਕੋਈ ਛੇੜਖਾਨੀ ਨਾ ਕਰ ਸਕੇ। ਥੋੜ੍ਹੇ ਦਿਨਾਂ ਵਿੱਚ ਹੀ ਉਨ੍ਹਾਂ ਨੇ ਡੈਨਮਾਰਕ, ਹਾਲੈਂਡ, ਨਾਰਵੇ ਆਦਿ ਦੇ ਸਾਰੇ ਕੰਢੇ ਮੱਲ ਲਏ। ਨਾਰਵੇ ਦੇ ਇਕ ਸ਼ਹਿਰ ਓਸਲੋ ਨੂੰ ਉਨ੍ਹਾਂ ਇਕ ਅਜਬ ਉਸਤਾਦੀ ਨਾਲ ਮੱਲਿਆ। ਜਹਾਜ਼ ਕਿਨਾਰੇ ਲਾਕੇ ਅੱਗੇ-ਅੱਗੇ ਬੈਂਡ ਵਾਜਾ ਵਜਾਉਣ

ਵਾਲੇ ਪੰਝੀ-ਤੀਹ ਆਦਮੀ ਲੱਗ ਗਏ ਤੇ ਪਿੱਛੇ ਜਰਮਨ ਸਿਪਾਹੀ ਪਰੇਟ ਵਾਂਗ ਮਾਰਚ ਕਰਦੇ ਓਸਲੋ ਦੇ ਬੰਦਰਗਾਹ ਵਿਚ ਤੁਰ ਪਏ। ਵਾਜਾ ਸੁਣਕੇ ਲੋਕੀਂ ਘਰਾਂ ਵਿਚੋਂ ਨਿਕਲ ਕੇ ਤਮਾਸ਼ਾ ਵੇਖਣ ਤੇ ਬਾਜੇ ਦੀਆਂ ਸੁਰਾਂ ਸੁਨਣ ਲੱਗ ਪਏ। ਏਹ ਖਿਆਲ ਕਿਸ ਨੂੰ ਆ ਸਕਦਾ ਸੀ ਕਿ ਜਰਮਨ ਫੌਜ ਐਸ ਤਰ੍ਹਾਂ ਬੈਂਡ ਵਾਜੇ-ਵਜਾਕੇ ਜਾਞੀਆਂ ਵਾਂਗ ਇਕ ਨਿਰਪੱਖ ਰਹਿਣ ਵਾਲੇ ਦੇਸ ਦੇ ਵੱਡੇ ਸ਼ਹਿਰ ਵਿਚ ਵੜ ਆਵੇਗੀ। ਅਸਲੀ ਗੱਲ ਦਾ ਉਨ੍ਹਾਂ ਨੂੰ ਪਤਾ ਲੱਗਾ ਪਰ ਓਦੋਂ ਲੱਗਾ ਜਦ ਕੁਛ ਨਹੀਂ ਸੀ ਬਣ ਸਕਦਾ। ਵਾਜੇ ਦੇ ਮਸਤ ਕਰਨ ਵਾਲੇ ਰੌਲੇ ਨੇ ਓਸਲੋ ਵਾਸੀਆਂ ਨੂੰ ਮਦਾਰੀ ਦੇ ਝਰਲੂ ਵਾਂਗ ਯਾ ਆਖੋ ਸਪੇਰੇ ਦੇ ਬੀਨ ਵਜਾਉਣ ਵਾਂਗ ਮਸਤ ਕਰ ਦਿੱਤਾ ਤੇ ਜਰਮਨਾਂ ਦਾ ਸ਼ਹਿਰ ਉੱਤੇ ਬਿਨਾਂ ਇਕ ਗੋਲੀ ਚਲਾਏ ਤੋਂ ਕਬਜ਼ਾ ਹੋ ਗਿਆ।

ਸਾਰਾ ਝਗੜਾ ਅਗਲੇ ਨੂੰ ਝਰਲੂ ਫੇਰ ਕੇ ਕਮਲਿਆਂ ਕਰਨ ਦਾ ਹੈ। ਜਿੱਥੇ ਦੋ ਆਦਮੀ ਇਕ ਥਾਂ ਟੱਕਰਦੇ ਹਨ ਸਵਾਲ ਏਹੀ ਉੱਠਦਾ ਹੈ ਕਿ ਕੇਹੜਾ ਦੂਜੇ ਨੂੰ "ਉੱਲੂ ਬਣਾ ਸਕਦਾ ਹੈ ਤੇ ਕਿਵੇਂ? ਮਤਲਬ ਇਤਿਹਾਸ ਦੇ ਮੁੱਢੋਂ ਏਹੀ ਰਿਹਾ ਹੈ ਕਿ ਅਗਲੇ ਨੂੰ ਚਿੱਤ ਕਰਨਾ ਭਾਵੇਂ ਕਿਵੇਂ ਕੀਤਾ ਜਾਵੇ।

ਝੋਟਿਆਂ ਦੇ ਸਿੰਗ, ਸ਼ੇਰਾਂ ਦੇ ਨੌਂਧਰਾਂ ਗੇਂਡੇ ਦੇ ਇਕ ਸਿੰਗ, ਬੱਕਰਿਆਂ ਦੇ ਤਿੱਖੇ ਨੋਕਦਾਰ ਸਿੰਗ ਏਸ ਅੰਦਰਲੀ ਪ੍ਰਿਥਮ ਚਾਹਨਾ ਕਰ ਕੇ ਉਗੇ ਤੇ ਬਣੇ ਹਨ ਕਿ ਉਹ ਵਿਰੋਧੀ ਨੂੰ ਢਾਹ ਨਾ ਸਕਣ ਤਾਂ ਘੱਟੋ-ਘੱਟ ਨੇੜੇ ਨਾ ਆਵਣ ਦੇਣ। ਆਦਮੀ ਦੇ ਸਿੰਗ ਨਹੀਂ ਕਿਉਂਕਿ ਉਹ ਸਰੀਰਕ ਬਲ ਨਹੀਂ ਫਰੇਬ ਤੇ ਨੀਤੀ ਨਾਲ ਵਿਰੋਧੀਆਂ ਨੂੰ ਹੇਠ ਕਰਨਾ ਚਾਹੁੰਦਾ ਹੈ। ਇਕ ਤਰ੍ਹਾਂ ਪਸ਼ੂ ਨੇਕ, ਖਰੇ ਈਮਾਨਦਾਰ ਵਿਰੋਧੀ ਹਨ ਕਿਉਂਕਿ ਉਹ ਆਪਣੇ ਸਿੰਗਾਂ ਨੂੰ ਤੇ ਹੋਰ ਹਥਿਆਰਾਂ ਨੂੰ ਲੁਕਾਂਦੇ ਨਹੀਂ ਤੇ ਆਦਮੀ ਖੋਟਾ ਤੇ ਚਲਾਕ ਵਿਰੋਧੀ ਹੈ ਜੋ ਵੈਰੀ ਵਿਰੁਧ ਨਾ ਦਿੱਸਣ ਵਾਲੇ ਹਥਿਆਰ ਵਰਤਦਾ ਹੈ ਜਿਵੇਂ ਕਿ ਸੁਰੀਲੀ ਆਵਾਜ਼, ਲੈਕਚਰ, ਉੱਚੀ ਬੋਲਣਾ ਇੱਤ ਆਦਿ। ਜੇਹੜਾ ਫਰੇਬ ਨਾਲ ਦੂਜੇ ਨੂੰ ਕਾਬੂ ਕਰੇ ਉਹ (Civilized) ਸਭਿਤ ਅਖਵਾਉਂਦਾ ਹੈ। ਜੇਹੜਾ ਹੇਰ-ਫੇਰ ਗੱਲਾਂ-ਬਾਤਾਂ ਨਾ ਕਰੇ ਸਿਧੀ ਮਤਲਬ ਦੀ ਗੱਲ ਕਰੇ ਉਹ (uncivilized) ਪਸ਼ੂ-ਬਿਰਤੀ ਵਾਲਾ ਅਖਵਾਉਂਦਾ ਹੈ। ਏਹੀ ਦੁਨੀਆਂ ਦਾ ਉਲਟਾਪਣ ਹੈ।

ਸਾਡਾ ਦੇਸ ਹਿੰਦੁਸਤਾਨ ਤਾਂ ਏਸ ਗੱਲੋਂ ਬਹੁਤਾ ਰੌਲ਼ੇ ਵਾਲਾ ਦੇਸ ਹੈ। ਸਾਡੇ ਦੇਸ ਵਿਚ ਦੂਜਿਆਂ ਨੂੰ ਕਮਲੇ ਕਰਨ ਦੇ ਵਿੰਗੇ-ਟੇਢੇ ਉਸਤਾਦੀ ਦੇ ਰਾਹ ਘੱਟ ਵਰਤੇ ਜਾਂਦੇ ਹਨ। ਸਭ ਤੋਂ ਸਸਤੇ ਤੇ ਘੱਟ ਖੇਚਲ ਤੇ ਖ਼ਰਚ ਵਾਲੇ ਤਰੀਕੇ ਵਰਤੇ ਜਾਂਦੇ ਹਨ। ਜੇ ਸੰਘ ਪਾੜ ਕੇ ਲੋਕਾਂ ਨੂੰ ਆਪਣੇ ਵੱਲ ਸੁਰਤੀਵਾਨ ਕੀਤਾ ਜਾ ਸਕਦਾ ਹੈ ਤਾਂ ਹੋਰ ਸਾਮਾਨ ਚੁੱਕਣ ਦੀ ਕੀ ਲੋੜ ਹੈ। ਆਦਮੀ ਦਾ ਸੰਘ ਹੈ ਤਾਂ ਨਿੱਕੀ ਜੇਹੀ ਚੀਜ਼ ਪਰ ਬੜੀ ਕਲਾਕਾਰੀ ਦਾ ਸੰਦ ਹੈ। ਜੀਅ ਚਾਹੇ ਭੈਰਵੀਂ ਛੇੜ ਕੇ ਰਾਗ ਦੇ ਫੱਟਿਆਂ ਦੀ ਭੀੜ ਉਦਾਲੇ ਕਰ ਲੌਂ, ਤੇ ਯਾ ਮਿਰਜ਼ੇ ਦੀਆਂ ਦੋ ਕੁ ਸੁਰਾਂ ਲਾ ਕੇ ਸਾਰਾ ਪਿੰਡ ਉਧਾਲ਼ ਲਓ। ਜੇ ਰਾਗ ਨਾਲ ਸੁਰ ਨਾ ਹੋਵੇ ਤਾਂ ਖਾਲੀ ਸੰਘ ਪਾੜ ਕੇ ਹਾਲ-ਦੁਹਾਈ ਮਚਾਣ ਨਾਲ ਭੀ ਤਕੜੇ ਲੋਕ ਕੱਠੇ ਹੋ ਜਾਂਦੇ ਹਨ। ਜੇਹੜੀ ਚੀਜ਼ ਹੋਰ ਕੋਈ ਆਦਮੀ ਨਹੀਂ ਵੇਚ ਸਕਦਾ ਉਸ ਨੂੰ ਸੰਘ ਵਾਲਾ ਆਦਮੀ ਇਕ ਅੱਧੇ ਪਹਿਰ ਵਿੱਚ ਵੇਚ ਕੇ ਲਾਂਭੇ ਹੁੰਦਾ ਹੈ। ਲੋਕੀਂ ਆਪਣਾ ਮਾਲ ਵੇਚਣ ਲਈ ਸੌ ਅਡੰਬਰ ਰਚਦੇ ਹਨ, ਕੋਈ ਅਜਬ ਤਸਵੀਰ ਵਿਖਾਂਦਾ ਹੈ, ਕੋਈ ਆਪਣਾ ਵਿਆਪਾਰੀ ਚਿੰਨ੍ਹ, ਰਜਿਸਟਰ ਕਰਾਂਦਾ ਫਿਰਦਾ ਹੈ, ਪਰ ਸੰਘ ਦੇ ਹੁਨਰ ਵਾਲਾ ਆਦਮੀ ਆਪਣੇ ਸੰਘ ਦੀ ਆਵਾਜ਼ ਵਿਚੋਂ ਹੀ ਆਪਣਾ ਟ੍ਰੇਡ ਮਾਰਕ ਰਚ ਲੈਂਦਾ ਹੈ। ਕੀ ਮਜਾਲ ਕਿ ਉਸ ਦੀ ਆਵਾਜ਼ ਤੇ ਨਿਰਾਲੇ ਜੇਹੇ ਬੋਲ ਨੂੰ ਲੋਕੀਂ ਨਾ ਪਛਾਨਣ ਕਿ ਗੁਲਾਬੀ ਗੰਡੇਰੀਆਂ ਵਾਲਾ ਆ ਗਿਆ।

ਇਸ ਗੱਲੋਂ ਸਾਡਾ ਦੇਸ ਬੜਾ ਸਸਤੇ ਤੇ ਸੰਕੋਚੀ ਢੋਲ-ਢੁਮੱਕੇ ਵਾਲਾ ਦੇਸ ਹੈ ਤੇ ਨਾਲ ਏਹ ਵੀ ਕਹਿਣਾ ਪੈਂਦਾ ਹੈ ਕਿ ਸੁਨਣ ਵਾਲੇ ਭੀ ਬੜੇ ਸ਼ਾਂਤ ਸੁਭਾ ਹਨ। ਭਾਵੇਂ ਕਿਸੇ ਕਿਸਮ ਦਾ ਅੜਾਟ ਪਾਈ ਜਾਓ ਸਾਡੇ ਪੰਜਾਬੀ ਐਡੇ ਸੀਲ ਸੁਭਾਵ ਹਨ ਕਿ ਸਭ ਨੂੰ ਮਲਹਾਰ ਹੀ ਸਮਝ ਛਡਦੇ ਹਨ। ਭਲਾ ਏਦੂੰ ਵਧ ਅਸ਼ਾਂਤ ਕਰਨ ਵਾਲੀ ਹੋਰ ਕੀ ਗੱਲ ਹੋ ਸਕਦੀ ਹੈ ਕਿ ਸਵੇਰੇ ਹੀ ਸਵੇਰੇ ਜਦ ਹਾਲਾਂ ਲੋਕਾਂ ਨੇ ਜਪੁਜੀ ਦਾ ਭੋਗ ਵੀ ਨਹੀਂ ਪਾਇਆ ਹੁੰਦਾ ਕਿ ਇਕ ਢੋਲ, ਵਾਜਾ ਤੇ ਦੂਜਾ ਟੱਲ ਵਾਲਾ ਰਲ ਕੇ ਸਾਰੇ ਜ਼ੋਰ ਨਾਲ ਦੋਨੋਂ ਸਾਜ਼ਾਂ ਨੂੰ ਖੜਕਾਂਦੇ ਸਾਡੀ ਕਮਾਈ ਉੱਤੇ ਲੱਗੇ ਟੈਕਸਾਂ ਨਾਲ ਬਣੀਆਂ ਸੜਕਾਂ ਉਤੇ

ਆ ਜਾਂਦੇ ਹਨ ਤੇ ਲੋਕਾਂ ਨੂੰ ਆਪਣੀਆਂ ਵਸਤਾਂ ਖ਼ਰੀਦਣ ਦੀ ਪ੍ਰੇਰਨਾ ਕਰਦੇ ਹਨ। ਏਨ੍ਹਾਂ ਦਾ ਜਲੂਸ ਹਾਲਾਂ ਲੰਘਿਆਂ ਨਹੀਂ ਹੁੰਦਾ ਕਿ ਮਗਰ ਅਜਬ-ਅਜਬ ਮੁੰਡੇ ਸਿਨਮਾ ਦੇ ਵੱਡੇ ਵੱਡੇ ਇਸ਼ਤਿਹਾਰ ਚੁੱਕੀ ਦੋ-ਤਿੰਨ ਬੈਂਡ ਵਾਲਿਆਂ ਦੇ ਪਿੱਛੇ ਪਾਲ ਬੱਧੀ ਤੁਰੇ ਆ ਜਾਂਦੇ ਹਨ। ਕੋਈ ਆਖੇ ਏਸ ਦੇਸ ਵਾਲਿਆਂ ਨੂੰ ਸਿਨਮਾ ਦੇਖਣ ਤੋਂ ਛੁੱਟ ਹੋਰ ਕੋਈ ਕੰਮ ਨਹੀਂ। ਸਿਨਮਾ ਤਾਂ ਭਾਵੇਂ ਅਜੇ ਤੀਜੇ ਪਹਿਰ ਜਾਕੇ ਹੋਣਾ ਹੈ ਪਰ ਸਵੇਰ ਸਾਰ ਲੋਕਾਂ ਨੂੰ ਆਪਣੇ ਕੰਮ-ਧੰਦੇ ਦੀਆਂ ਵਿਚਾਰਾਂ ਸ਼ਾਂਤੀ ਨਾਲ ਆਪਣੇ ਮਨਾਂ ਵਿਚ ਫਰੋਲਣ ਦਾ ਭੀ ਅਵਸਰ ਨਹੀਂ ਲੱਭਦਾ। ਕੁਝ ਕਰੋ ਏਨ੍ਹਾਂ ਕੰਨ-ਪਾੜੂ ਅਲਗ਼ਰਜ਼ਾਂ ਦੇ ਹੱਥੋਂ ਜੋ ਆਪ ਤਾਂ ਸ਼ਾਇਦ ਆਪਣੇ ਘਰਾਂ ਵਿਚ ਪਏ ਅਜੇ ਰਾਤ ਦਾ ਉਣੀਂਦਾ ਹੀ ਲਾਹ ਰਹੇ ਹੁੰਦੇ ਹੋਣਗੇ ਅਸੀਂ ਬਚ ਨਹੀਂ ਸਕਦੇ। ਅਸਲੀ ਮਤਲਬ ਏਨ੍ਹਾਂ ਦਾ ਸਾਡੀਆਂ ਜੇਬਾਂ ਫਰੋਲਣ ਦਾ ਹੁੰਦਾ ਹੈ ਪਰ ਕਿੰਨੇ ਢੀਠ ਹਨ ਕਿ ਸਵੇਰੇ ਹੀ ਏਸ ਨੇਕ ਕੰਮ ਨੂੰ ਆਰੰਭ ਦੇਂਦੇ ਹਨ।

ਦਸ ਕੁ ਵਜੇ ਦਫ਼ਤਰ ਤੇ ਕਚਹਿਰੀਆਂ ਖੁੱਲ੍ਹ ਜਾਂਦੇ ਹਨ ਤੇ ਬਾਬੂਆਂ ਨੂੰ ਮੇਜ਼ਾਂ- ਕੁਰਸੀਆਂ ਸਿੱਧੀਆਂ ਕਰਦਿਆਂ ਨੂੰ ਦੁਪਹਿਰ ਦੇ ਰੇਡੀਓ ਅਰੰਭ ਹੋ ਜਾਂਦੇ ਹਨ। ਹਰ ਇਕ ਦੁਕਾਨਦਾਰ ਗਵਾਂਢੀ ਨਾਲੋਂ ਉੱਚੀ ਵਜਾਉਣ ਦਾ ਜਤਨ ਕਰਦਾ ਹੈ। ਬਾਜ਼ਾਰ ਇਕ ਰਾਮਰੌਲ਼ੇ ਦੀ ਮੰਡੀ ਬਣ ਜਾਂਦਾ ਹੈ ਜਿਸ ਵਿਚ ਵੱਧ ਤੋਂ ਵੱਧ ਰੌਲਾ ਪਾਉਣਾ ਇਕ ਫ਼ਰਜ਼ ਸਮਝਿਆ ਜਾਂਦਾ ਹੈ। ਬਜ਼ਾਰ ਵਿਚ ਤੁਰੇ ਜਾਂਦਿਆਂ ਸਹਿਜ-ਸੁਭਾਵਿਕ ਗੱਲ ਕਰਨਾ ਅਸੰਭਵ ਹੋ ਜਾਂਦਾ ਹੈ। ਦੋ-ਢਾਈ ਬਜੇ ਤੋੜੀ ਇਹ ਹਾਲ ਰਹਿੰਦਾ ਹੈ। ਘੰਟਾ ਕੁ ਹੋਰ ਲੰਘਾ ਕੇ ਸ਼ਾਮ ਪੈ ਜਾਂਦੀ ਹੈ ਤੇ ਫੇਰ ਸਾਰੇ ਦਿਨ ਦੀ ਕਸਰ ਕੱਢਣ ਲਈ ਰਾਤ ਦੇ ਪਹਿਰ ਲੰਘਣ ਤੀਕ ਹਰ ਇਕ ਛਾਬੜੀ ਤੇ ਰੇੜ੍ਹੀ ਵਾਲਾ ਸੁਦਾਗਰ ਰਹਿੰਦ-ਖੂੰਹਦ ਸੜੇ-ਗਲੇ ''ਫਲ ਫਰੂਟਾਂ'' ਨੂੰ ''ਲਾ'' ਦੇਣ ਲਈ ਰੱਜਕੇ ਰੌਲ਼ਾ ਪਾਉਂਦਾ ਹੈ। ਰੌਲੇ-ਗੌਲੇ ਅਤੇ ਸਮੇਂ ਦੇ ਸੁਰਤ-ਮਾਰੂ ਪ੍ਰਭਾਵ ਨਾਲ ਲੋਕੀਂ ਏਨੇ ਬੇਹੋਸ਼ ਜੇਹੇ ਹੋ ਜਾਂਦੇ ਹਨ ਕਿ ਬੇਹੀ ਤੋਂ ਬੇਹੀ ਭਾਜੀ ਤੇ ਗੰਦੀਆਂ-ਸੜੀਆਂ ਨਾਖਾਂ-ਸੇਬ ਸਭ ਲੱਗ ਜਾਂਦੇ ਹਨ ਤੇ ਵੇਚਣ ਵਾਲਿਆਂ ਦੇ ਛਾਬੜੇ ਖਾਲੀ ਹੋ ਜਾਂਦੇ ਹਨ।

ਸਿਨਮਿਆਂ ਘਰਾਂ ਦੀ ਤਾਂ ਗੱਲ ਹੀ ਨਾ ਕਰੋ। ਜਿਵੇਂ ਬੱਤੀ ਉਤੇ ਭਮੱਕੜ ਪੈਂਦੇ ਹਨ ਇਉਂ ਸਾਡੇ ਨਵੇਂ ਜਵਾਨ ਪੈਂਦੇ ਹਨ ਜਿਨ੍ਹਾਂ ਵਿਚੋਂ ਅੱਧਿਆਂ ਦੀ ਵਿੱਦਿਆ ਪ੍ਰਾਇਮਰੀ ਜਮਾਤਾਂ ਤੀਕ ਹੁੰਦੀ ਹੈ ਤੇ ਜਿਨ੍ਹਾਂ ਵਿੱਚੋਂ ਖੇਲ੍ਹ ਦਾ ਪੂਰਾ ਕਿੱਸਾ ਬਹੁਤ ਥੋੜੇ ਸਮਝਿਆ ਕਰਦੇ ਹਨ। ਸਮਝ ਕੀ ਤੇ ਰੌਲਾ ਕੀ, ਦੋਵੇਂ ਇਕ ਥਾਂ ਹੋ ਹੀ ਨਹੀਂ ਸਕਦੇ। ਜਦ ਤੋਂ ਅਜ਼ਾਦੀ ਆਈ ਹੈ ਜਾਪਦਾ ਹੈ, ਕਿ ਰੌਲ਼ਾ ਪਾਉਣ ਦੀ ਪੂਰੀ ਅਜ਼ਾਦੀ ਹੋ ਗਈ। ਰੇਡੀਓ ਤੇ ਲਾਊਡਸਪੀਕਰਾਂ ਨਾਲ ਵਾਯੂਮੰਡਲ ਵਿਚ ਤਾਂ ਪਤਾ ਨਹੀਂ ਕਿ ਕੀ ਹੁੰਦਾ ਹੋਵੇਗਾ ਪਰ ਸਾਡੇ ਕੰਨ ਤੇ ਦਿਮਾਗ਼ ਤਾਂ ਵਿੰਨ੍ਹੇ ਪਏ ਹਨ। ਰੇਡੀਓ ਦਾ ਹਰ ਮਾਲਕ ਏਹੀ ਸਮਝਦਾ ਹੈ ਕਿ ਮੇਰਾ ਰੇਡੀਓ ਸਾਰਿਆਂ ਨੂੰ ਸੁਨਣਾ ਚਾਹੀਦਾ ਹੈ, ਐਵੇਂ ਕੀ ਪਤਾ ਲੱਗੇਗਾ, ਰੇਡੀਓ ਦਾ। ਜਿਸ ਦੇਸ ਨੂੰ ਬਿਰਛਾਂ ਹੇਠ ਬੈਠੇ ਮੁਨੀਆਂ ਤੇ ਤਪੱਸੀਆਂ ਤੇ ਸ਼ਾਂਤ-ਚਿਤ ਘੱਟ ਬੋਲਣ ਵਾਲੇ ਬਣ ਬਾਸੀਆਂ ਦਾ ਦੇਸ ਆਖਿਆ ਜਾਂਦਾ ਹੈ ਉੱਥੇ ਪਤਾ ਹੀ ਨਹੀਂ ਲਗਦਾ ਕਿ ਚੁੱਪ ਤੇ ਸ਼ਾਂਤੀ ਕਿਹੋ-ਜਿਹੀ ਹੁੰਦੀ ਹੈ। ਕਿਵੇਂ ਹੋ ਸਕਦਾ ਹੈ ਕਿ ਸਾਡੇ ਸ਼ਹਿਰ ਵਾਸੀ ਨਾਗਰਿਕਾਂ ਦੀ ਸਿਹਤ ਏਹਨਾਂ ਅੱਠ ਪਹਰ ਪੈਣ ਵਾਲੀਆਂ ਚੋਟਾਂ ਨੂੰ ਝੱਲ ਕੇ ਸਾਬਤ ਰਹੇ।

ਏਨਾ ਰੌਲ਼ਾ ਜਾਂ ਜਿੰਨਾ ਕਿ ਸਾਡੇ ਬਜ਼ਾਰਾਂ ਵਿਚ ਪੈਂਦਾ ਹੈ ਰਾਤ ਪਈ ਤੋਂ ਗਿੱਦੜ ਵੀ ਨਹੀਂ ਪਾਉਂਦੇ। ਚਿੜੀਆ ਘਰਾਂ ਵਿੱਚ ਜਿੱਥੇ ਭਾਂਤ-ਭਾਂਤ ਦੇ ਜਾਨਵਰ ਹਨ ਬਹੁਤ ਘੱਟ ਅਵਾਜ਼ਾਂ ਸੁਣੀਦੀਆਂ ਹਨ। ਕਾਂ ਭੀ ਕਿਸੇ ਮਾਰੂ ਬਿੱਲੇ ਕੁੱਤੇ ਤੋਂ ਡਰ ਕੇ ਐਨੀ ਕਾਏਂ-ਕਾਏਂ ਕਰਦੇ ਹਨ। ਕੋਈ ਅਜਬ ਗੱਲ ਨਹੀਂ ਕਿ ਅਸੀਂ ਸੁਭਾਵਿਕ ਹੀ ਉੱਚੀ ਬੋਲਣ ਵਾਲੇ ਬਣਦੇ ਜਾ ਰਹੇ ਹਾਂ। ਰੌਲ਼ੇ ਵਿੱਚ ਬਿਨਾਂ ਉੱਚੀ ਬੋਲਣ ਤੋਂ ਸਰਦਾ ਨਹੀਂ। ਜਿਵੇਂ ਆਖਿਆ ਕਰਦੇ ਹਨ, 'ਹੌਲੀ ਬੋਲ ਗੱਲ ਕਰਦਾ ਏਂ ਕਿ ਲੜਦਾ ਏਂ।' ਅਸੀਂ ਆਪਣੇ ਗਲਿਆਂ ਦੀ ਉਹ ਸੁਰੀਲੀ ਮੱਧਮ ਖਿੱਚ-ਭਰੀ ਤਾਲ ਨੂੰ ਭੁਲਾ ਰਹੇ ਹਾਂ ਕਿਉਂਕਿ ਸਾਨੂੰ ਰੌਲ਼ਾ ਪਾਉਣ ਵਾਲਿਆਂ ਨੂੰ ਰੋਕਣ ਤੇ ਉਹਨਾਂ ਦੇ ਕੰਨ ਖਿੱਚਣ ਦਾ ਹੌਸਲਾ ਨਹੀਂ। ਜਿਨ੍ਹਾਂ ਨੇ ਆਪਣੀਆਂ ਚੀਜ਼ਾਂ ਵੇਚਣੀਆਂ ਹਨ ਯਾ ਕੋਈ ਮੈਂਬਰੀ ਲੈਣੀ ਹੈ ਉਨ੍ਹਾਂ ਤਾਂ ਸਾਨੂੰ ਰੌਲ਼ਾ ਪਾ-ਪਾ ਆਪਣੇ ਵਲ ਖਿੱਚਣਾ ਹੋਇਆ। ਅਸੀਂ ਕਿਉਂ ਚੁਪ-ਚੁਪਾਤੇ ਓਹਨਾਂ ਦੇ ਸ਼ਿਕਾਰ ਬਣੀਏ।

ਜੇਕਰ ਏਹੀ ਹਾਲਤ ਰਹੀ ਜੋ ਹੁਣ ਹੈ, ਸਾਡੀ ਸੁਨਣ-ਸ਼ਕਤੀ ਦੀ ਸੂਖਮਤਾ ਚਲੀ ਜਾਵੇਗੀ। ਪਸ਼ੂਆਂ ਵਿਚ ਸੁੰਘਣ, ਸੁਨਣ ਤੇ ਵੇਖਣ ਦੀ ਬਾਰੀਕੀ ਏਨੀ ਕਿਉਂ ਹੁੰਦੀ ਹੈ? ਜੰਗਲ ਦਾ ਜਾਨਵਰ ਨੰਗੇ ਪੈਰ ਦੀ ਆਹਟ ਕਿਉਂ ਦੂਰੋਂ ਸੁਣ ਲੈਂਦਾ ਹੈ? ਕਿਉਂਕਿ ਉਹ ਕੁਦਰਤ ਦੀ ਚੁੱਪ, ਸ਼ਾਂਤੀ ਤੇ ਇਕਾਂਤ ਵਿਚ ਵੱਸਦਾ ਹੈ। ਆਦਮੀ ਇਕ ਤਰ੍ਹਾਂ ਜਿਸ ਨੂੰ ਸਾਰੇ ਸੂਖਮ ਭਾਵਾਂ ਦਾ ਜੋੜ ਆਖਿਆ ਜਾਂਦਾ ਹੈ,ਢੋਲ-ਢਮਾਕੇ ਤੇ ਰੌਲ਼ੇ ਵਿੱਚ ਰਹਿ ਕੇ ਪਸ਼ੂਆਂ ਨਾਲੋਂ ਖਹੁਰਾ ਤੇ ਡੰਡਪਾਊ ਬਣ ਰਿਹਾ ਹੈ।

## ਅਰਥਾਵਲੀ :

**ਅਲਗਰਜ਼** - ਬੇਪਰਵਾਹ। **ਪ੍ਰੈਜ਼ੀਡੰਟ** - ਰਾਸ਼ਟਰਪਤੀ, ਕਿਸੇ ਸਭਾ ਦਾ ਪ੍ਰਧਾਨ, ਸਭਾਪਤੀ। **ਡੰਡ ਪਾਉਣੀ** - ਰੌਲ਼ਾ ਪਾਉਣਾ। **ਹੇਠ ਕਰਨਾ** - ਨੀਵਾਂ ਦਿਖਾਉਣਾ। ਉਸਤਾਦੀ - ਚਲਾਕੀ, ਹੁਸ਼ਿਆਰੀ। **ਚਿਤ ਕਰਨਾ** - ਹਰਾ ਦੇਣਾ, ਪਛਾੜਨਾ, ਮਾਰਨਾ। **ਪ੍ਰਿਥਮ** - ਪਹਿਲੀ, ਮੁੱਖ। **ਭੈਰਵੀਂ** - ਸਵੇਰ ਵੇਲ਼ੇ ਗਾਉਣ ਵਾਲ਼ਾ ਰਾਗ। **ਉਦਾਲੇ** - ਆਲ਼ੇ-ਦੁਆਲ਼ੇ, ਚੁਗਿਰਦੇ, ਲਾਗੇ-ਬੰਨੇ। **ਅਡੰਬਰ** - ਵਿਖਾਵਾ, ਪਖੰਡ, ਉੱਪਰਲੀ ਬਣਾਵਟ। **ਮਜਾਲ** - ਜੁਰਅਤ, ਸਮਰੱਥਾ, ਸ਼ਕਤੀ। **ਸੀਲ** - ਸੀਤਲ ਸੁਭਾਅ ਵਾਲ਼ੇ, ਚੰਗੇ  ਸੁਭਾਅ ਵਾਲ਼ੇ। ਭਮੱਕੜ - ਪਤੰਗਾ, ਪਰਵਾਨਾ। **ਖਹੁਰਾ** - ਖੁਰਦਰਾ, ਖਰ੍ਹਵਾ, ਸਖ਼ਤ। **ਫੱਟਿਆਂ ਦੀ** - ਕਦਰਦਾਨਾਂ ਦੀ, ਸ਼ੁਕੀਨਾਂ ਦੀ।

## ਪਾਠ - ਅਭਿਆਸ

1. 'ਢੋਲ-ਢਮਕਾ' ਲੇਖ ਅਨੁਸਾਰ ਜਰਮਨ ਨੇ ਨਾਰਵੇ ਦੇ ਸ਼ਹਿਰ ਓਸਲੋ ਨੂੰ ਕਿਸ ਉਸਤਾਦੀ ਨਾਲ਼ ਮੱਲਿਆ?
2. ਦੁਨੀਆ ਦਾ ਉਲਟਾਪਣ ਕੀ ਹੈ?
3. 'ਢੋਲ-ਢਮਕਾ' ਲੇਖ ਅਨੁਸਾਰ ਦੂਜਿਆਂ ਨੂੰ ਕਮਲ਼ੇ ਕਰਨ ਦੇ ਕੀ-ਕੀ ਢੰਗ ਵਰਤੇ ਜਾਂਦੇ ਹਨ?
4. ਲੇਖਕ ਨੇ ਬਜ਼ਾਰਾਂ ਵਿੱਚ ਪੈਂਦੇ ਰੌਲ਼ੇ ਦੀ ਤੁਲਨਾ ਕਿਨ੍ਹਾਂ-ਕਿਨ੍ਹਾਂ ਪ੍ਰਤੀਕਾਂ ਨਾਲ਼ ਕੀਤੀ ਹੈ?
5. ਜੰਗਲ਼ ਦੇ ਜਾਨਵਰ ਨੰਗੇ ਪੈਰ ਦੀ ਆਹਟ ਦੂਰੋਂ ਕਿਉਂ ਸੁਣ ਲੈਂਦੇ ਹਨ?
6. ਢੋਲ-ਢਮਕਾ ਲੇਖ ਦਾ ਸਾਰ ਲਿਖੋ।

**ਸ਼ੋਰ-ਪ੍ਰਦੂਸ਼ਣ ਘੱਟ ਕਰਨ ਲਈ ਕੋਈ ਪੰਜ ਸੁਝਾਅ ਆਪਣੀ ਕਾਪੀ ਵਿੱਚ ਲਿਖ ਕੇ ਆਪਣੇ ਅਧਿਆਪਕ ਜੀ ਨੂੰ ਦਿਖਾਓ।**

# ਸੂਬਾ ਸਿੰਘ
## (1912-1981)

ਸੂਬਾ ਸਿੰਘ ਦਾ ਜਨਮ 1912 ਈਸਵੀ ਵਿੱਚ ਪਿੰਡ ਉਧੋ ਨੰਗਲ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸ. ਰਾਮ ਸਿੰਘ ਦੇ ਘਰ ਹੋਇਆ। ਸੂਬਾ ਸਿੰਘ ਨੇ ਐੱਮ. ਏ. ਹਿਸਾਬ ਦੀ ਕੀਤੀ ਫਿਰ ਫ਼ੌਜ ਵਿੱਚ ਭਰਤੀ ਹੋ ਗਏ। ਦੂਜੇ ਸੰਸਾਰ-ਯੁੱਧ ਵਿੱਚ ਜਪਾਨੀਆਂ ਦੀ ਕੈਦ ਕੱਟੀ। ਸੂਬਾ ਸਿੰਘ ਕੁਝ ਸਮਾਂ ਸਿੰਘਾਪੁਰ ਤੇ ਮੁਲਤਾਨ ਦੀਆਂ ਜੇਲ੍ਹਾਂ ਵਿੱਚ ਕੈਦ ਵੀ ਰਹੇ।

ਆਪ ਨੇ ਸਾਹਿਤਿਕ ਜੀਵਨ ਪੱਤਰਕਾਰੀ ਤੋਂ ਸ਼ੁਰੂ ਕੀਤਾ। ਅਖ਼ਬਾਰਾਂ ਦੀ ਸੰਪਾਦਕੀ ਕੀਤੀ ਤੇ ਫਿਰ ਲੋਕ ਸੰਪਰਕ ਵਿਭਾਗ ਦੇ ਅਧਿਕਾਰੀ ਵੀ ਰਹੇ। ਇਸ ਪਿੱਛੋਂ ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ ਵਿਖੇ ਪੰਜਾਬੀ ਵਿਓਂਤ ਤੇ ਵਿਕਾਸ ਵਿਭਾਗ ਦੇ ਡਾਇਰੈਕਟਰ, ਪੰਜਾਬ ਸਟੇਟ ਯੂਨੀਵਰਸਿਟੀ ਟੈੱਕਸਟ ਬੁੱਕ ਬੋਰਡ ਦੇ ਡਾਇਰੈਕਟਰ ਅਤੇ ਪੰਜਾਬ ਸਕੱਤਰੇਤ ਵਿੱਚ ਪ੍ਰੈੱਸ-ਸਕੱਤਰ ਰਹੇ।

ਸੂਬਾ ਸਿੰਘ ਹਾਸ-ਵਿਅੰਗ ਦੇ ਲੇਖਕ ਕਰਕੇ ਜਾਣੇ ਜਾਂਦੇ ਸਨ। ਅਤਿ ਗੰਭੀਰ ਗੱਲ ਨੂੰ ਹਾਸੇ ਦੀ ਸੁਰ ਵਿੱਚ ਪੇਸ਼ ਕਰ ਸਕਦੇ ਸਨ ਅਤੇ ਅਤਿ ਹਾਸੇ ਵਾਲ਼ੀ ਗੱਲ ਨੂੰ ਅਤਿ ਗੰਭੀਰ ਸੁਰ ਵਿੱਚ। ਇਉਂ ਪਾਠਕ ਉਹਨਾਂ ਦੀ ਰਚਨਾ ਨੂੰ ਸੁਆਦ ਲੈ-ਲੈ ਪੜ੍ਹਦਾ ਹੈ।

ਕਵਿਤਾ ਦੇ ਖੇਤਰ ਵਿੱਚ 'ਹੀਰ ਸੂਬਾ ਸਿੰਘ' ਬਹੁਤ ਮਕਬੂਲ ਹੋਈ। 'ਅੱਗ ਤੇ ਪਾਣੀ', 'ਤੋਪਾਂ ਦੇ ਪਰਛਾਂਵਿਆਂ ਥੱਲਿਓਂ', 'ਗਲਤੀਆਂ' ਤੇ 'ਅਲੋਪ ਹੋ ਰਹੇ ਚੇਟਕ' ਉਹਨਾਂ ਦੀਆਂ ਪ੍ਰਸਿੱਧ ਪੁਸਤਕਾਂ ਹਨ।

## ਵਹਿਮੀ ਤਾਇਆ

ਤਾਇਆ ਮਨਸਾ ਰਾਮ ਨੂੰ ਸਾਰਾ ਮਹੱਲਾ ਵਹਿਮੀ ਤਾਇਆ ਸਮਝਦਾ ਅਤੇ ਪਿੱਠ ਪਿੱਛੋਂ ਆਖਦਾ ਵੀ ਹੈ। ਮਹੱਲੇ ਵਾਲ਼ਿਆਂ ਦਾ ਇਹਦੇ ਵਿੱਚ ਕਸੂਰ ਵੀ ਕੋਈ ਨਹੀਂ। ਵਹਿਮ ਕੋਹ ਵਾਟ ਤੋਂ ਵੀ ਤਾਏ ਮਨਸਾ ਰਾਮ ਨੂੰ ਉੱਡ ਕੇ ਚੰਬੜਦਾ ਹੈ। ਅਸਲ ਗੱਲ ਤਾਂ ਇਹ ਹੈ ਕਿ ਤਾਏ ਨੂੰ ਵੀ ਵਹਿਮਾਂ ਨਾਲ਼ ਸ਼ੁਰੂ ਤੋਂ ਹੀ ਇਸ਼ਕ ਦੀ ਹੱਦ ਤੱਕ ਪੁੱਜਿਆ ਹੋਇਆ ਸਨੇਹ ਰਿਹਾ ਹੈ। ਉਸ ਨੇ ਸਾਰੀ ਜ਼ਿੰਦਗੀ ਉਹਨਾਂ ਦੇ ਨਾਲ਼ ਨਿਭਾਈ ਹੈ। ਜਿਹੜਾ ਵੀ ਵਹਿਮ ਆਇਆ, ਉਹਨੂੰ ਜੀਓ-ਆਇਆਂ ਨੂੰ ਆਖਿਆ, ਅਤੇ ਗਲ਼ ਨਾਲ਼ ਲਾ ਕੇ ਰੱਖਿਆ, ਮਜਾਲ ਕੀ ਕਿ ਉਹਨੂੰ ਥੋੜ੍ਹੇ ਕੀਤੇ ਵਿਛੋੜਿਆ ਹੋਵੇ।

ਮੈਨੂੰ ਯਾਦ ਹੈ, ਜਦੋਂ ਮੈਂ ਪਹਿਲੀ ਵਾਰ ਤਾਏ ਮਨਸਾ ਰਾਮ ਨੂੰ ਮਿਲ਼ਿਆ, ਉਸ ਵੇਲ਼ੇ ਇਹ ਵਹਿਮ ਉਹਦਾ ਸਾਥੀ ਸੀ ਕਿ ਮੈਨੂੰ ਤਾਂ ਮਾੜੀ-ਮਾੜੀ ਭਖ ਰਹਿੰਦੀ ਹੈ। ਤਾਇਆ ਹੱਟੀ ਵਿੱਚ ਬੈਠਾ ਸੀ, ਮੈਂ ਅੰਦਰ ਲੰਘਿਆ ਤਾਂ ਵੇਖਦਾ ਕੀ ਹਾਂ ਕਿ ਉਹਦੇ ਸੱਜੇ ਹੱਥ ਦੀਆਂ ਉਂਗਲ਼ੀਆਂ ਦੇ ਪੋਟੇ ਖੱਬੇ ਹੱਥ ਦੀ ਨਬਜ਼ ਉੱਪਰ ਸਨ ਤੇ ਮੂੰਹ ਵਿੱਚ ਥਰਮਾਮੀਟਰ ਨੱਪਿਆ ਹੋਇਆ ਸੀ। ਉਹਨੇ ਬਹੁਤਾ ਬਰੂ ਖਾ ਜਾਣ ਵਾਲੇ ਵਹਿੜਕੇ ਦੀਆਂ ਨਜ਼ਰਾਂ ਨਾਲ਼ ਤੱਕਿਆ। ਨਬਜ਼ ਤੋਂ ਪਹਿਲਾਂ ਉਂਗਲ਼ੀਆਂ ਚੁੱਕੀਆਂ ਤੇ ਫੇਰ ਮੂੰਹ ਵਿੱਚੋਂ ਥਰਮਾਮੀਟਰ ਕੱਢ ਕੇ ਸਾਮ੍ਹਣੇ ਪਏ ਕਲਮਦਾਨ ਉੱਪਰ ਟਿਕਾਇਆ ਤੇ ਕਹਿਣ ਲੱਗਾ : -

''ਮੈਨੂੰ ਸਹੁਰੀ ਭਖ ਨਹੀਂ ਛੱਡਦੀ, ਬਥੇਰਾ ਓਹੜ-ਪੋਹੜ ਕੀਤਾ ਈ ਪਰ ਇਹ ਖਹਿੜਾ ਨਹੀਂ ਛੱਡਦੀ'' ਇਹ ਆਖਣ

ਪਿੱਛੋਂ ਉਹਨੇ ਪੱਠਿਆਂ ਵਿੱਚ ਵਾਲ਼ਾਂ ਦਾ ਗੁੱਛਾ ਖਾ ਜਾਣ ਵਾਲ਼ੀ ਗਾਂ ਵਾਂਗ ਖੰਘਣਾ ਅਰੰਭ ਦਿੱਤਾ। ਏਨੇ ਜ਼ੋਰ ਨਾਲ਼ ਕਿ ਅੱਖੀਆਂ ਵਿੱਚ ਗਲ਼ੇਡੂ ਆ ਗਏ।

ਮੈਂ ਹਮਦਰਦੀ ਨਾਲ਼ ਤਾਏ ਦੀ ਖੱਬੇ ਹੱਥ ਦੀ ਨਬਜ਼ 'ਤੇ ਹੱਥ ਰੱਖਿਆ। ਭਖ ਕੋਈ ਨਹੀਂ ਸੀ।

''ਤਾਇਆ ਜੀ ਭਖ ਤਾਂ ਕੋਈ ਨਹੀਂ, ਐਵੇਂ ਵਹਿਮ ਲਾਇਆ ਜੇ, ਕਦੇ ਠੰਢੇ ਪਿੰਡੇ ਵੀ ਤਾਪ ਚੜ੍ਹਿਆ?

ਤਾਇਆ ਇਹ ਸੁਣ ਕੇ ਗ਼ੁੱਸੇ ਨਾਲ਼ ਕੜਕਿਆ, ''ਹੂੰ ! ਆ ਗਿਆ ਤੂੰ ਵੱਡਾ ਹਕੀਮ ਕਰਤਾਰ ਚੰਦ ਦਾ ਚੇਲਾ ! ਏਥੇ ਵੱਡੇ-ਵੱਡੇ ਧਨੰਤਰ ਹਾਰ ਗਏ। ਤੂੰ ਕਿਹੜਿਆਂ 'ਚੋਂ ਏਂ? ਵਹਿਮ ਤੈਨੂੰ ਹੈ, ਮੈਨੂੰ ਨਹੀਂ, ਮੈਨੂੰ ਤਾਂ ਭਖ ਹੈ।''

ਇਹ ਆਖਦਿਆਂ ਤਾਏ ਮਨਸਾ ਰਾਮ ਨੇ ਥਰਮਾਮੀਟਰ ਮੂੰਹ ਵਿੱਚ ਤੇ ਸੱਜੇ ਹੱਥ ਦੀਆਂ ਉਂਗਲ਼ੀਆਂ ਖੱਬੇ ਹੱਥ ਦੀ ਨਬਜ਼ 'ਤੇ ਰੱਖ ਲਈਆਂ। ਮੇਰਾ ਅਗ੍ਹਾਂ ਗੱਲ ਤੋਰਨ ਦਾ ਹੌਸਲਾ ਨਾ ਪਿਆ ਕਿਉਂਕਿ ਕਿਸੇ ਸਿਆਣੇ ਨੇ ਆਖਿਆ ਹੈ ਕਿ:

''ਵਹਿਮੀਆਂ ਨਾਲ਼ ਮੁਕਾਬਲਾ,
ਆਕਲ ਭੁੱਲ ਕਰੇਣ।''

ਕੋਈ ਪੰਜ ਸਾਲ ਲਈ ਕਈ ਦਰਜਨਾਂ ਥਰਮਾਮੀਟਰ ਭੰਨਣ ਪਿੱਛੋਂ ਤਾਏ ਮਨਸਾ ਰਾਮ ਦਾ ਇਹ ਵਹਿਮ ਤਾਂ ਲੱਥਾ ਪਰ ਕਈ ਹੋਰ ਆ ਚੰਬੜੇ।

ਕਈ ਮਹੀਨੇ ਇਸ ਵਹਿਮ ਦਾ ਰਾਜ ਰਿਹਾ ਕਿ ਬਿਮਾਰੀ ਦੇ ਕੀਟਾਣੂ ਹਰ ਇੱਕ ਦੇ ਸਰੀਰ ਨਾਲ ਜੁੜੇ ਰਹਿੰਦੇ ਹਨ। ਤਾਏ ਮਨਸਾ ਰਾਮ ਨੇ ਜਦੋਂ ਕਿਸੇ ਨਾਲ਼ ਮਨ ਕਸਾਂਦੇ ਨੇ ਹੱਥ ਮਿਲ਼ਾ ਲੈਣੇ ਤਾਂ ਕੀਟਾਣੂ ਝਾੜਨ ਲਈ ਅੱਧਾ-ਅੱਧਾ ਘੰਟਾ ਸਾਬਣ ਮਲ਼-ਮਲ਼ ਕੇ ਹੱਥ ਧੋਈ ਜਾਣੇ। ਜੇ ਕਿਸੇ ਮਿਲਣ ਵਾਲ਼ੇ ਨੇ ਚਾਰਪਾਈ ਜਾਂ ਕੁਰਸੀ ਉੱਪਰ ਬੈਠ ਕੇ ਚਲੇ ਜਾਣਾ ਤਾਂ ਮਨਸਾ ਰਾਮ ਨੇ ''ਹਾਹ-ਤੇਰੇ ਦੀ'' ਆਖਣਾ ਤੇ ਵਿਛੀ ਹੋਈ ਚਾਦਰ ਨੂੰ ਗਰਮ ਪਾਣੀ ਵਿੱਚ ਸੁੱਟ ਕੇ ਧੋਣਾ। ਚਾਰਪਾਈ ਨੂੰ ਧੁੱਪੇ ਰੱਖ ਕੇ ਸੋਟੇ ਨਾਲ਼ ਝਾੜਨਾ; ਤੇ ਨਾਲ਼-ਨਾਲ਼ ਬੁੜਬੜਾਈ ਜਾਣਾ, ''ਆ ਗਏ ਤਾਏ ਮਨਸਾ ਰਾਮ ਦੇ ਵੱਡੇ ਮੁਲਾਕਾਤੀ। ਬਾਹਵਾਂ ਆਕੜੀਆਂ ਹੋਈਆਂ ਸੀ, ਤਾਏ ਮਨਸਾ ਰਾਮ ਦੀਆਂ, ਇਹਨਾਂ ਦੇ ਮਿਲਣ ਬਿਨਾਂ। ਬਿਮਾਰੀਆਂ ਦੇ ਕੀਟਾਣੂ ਏਥੇ ਝਾੜ ਕੇ ਤੁਰਦੇ ਹੋਏ।''

ਇਸੇ ਤਰ੍ਹਾਂ ਜਰਮਾਂ ਤੋਂ ਮੁਕਤ ਕਰਨ ਲਈ ਉੱਬਲਦੇ ਪਾਣੀ ਨਾਲ਼ ਕੁਰਸੀ ਨੂੰ ਇਸ਼ਨਾਨ ਕਰਾਉਣਾ, ਧੁੱਪੇ ਸੁਕਾ ਕੇ ਉਹਦੇ ਉੱਪਰ ਕਿਰਮ-ਨਾਸਿਕ ਪਾਊਡਰ ਧੂੜਦੇ ਫਿਰਨਾ।

ਇੱਕ ਦਿਨ ਤਾਏ ਮਨਸਾ ਰਾਮ ਕੋਲ਼ ਗੁਆਂਢੀਆਂ ਦਾ ਇੱਕ ਜੁਆਕ ਖੇਡ ਰਿਹਾ ਸੀ ਕਿ ਉਹਦੇ ਇੱਕ ਮੁਲਾਕਾਤੀ ਨੇ ਇਹ ਸਮਝ ਕੇ ਕਿ ਸ਼ਾਇਦ ਤਾਏ ਮਨਸਾ ਰਾਮ ਦਾ ਪੋਤਾ, ਭਤੀਜਾ ਹੋਵੇਗਾ, ਪਿਆਰ ਨਾਲ਼ ਉਸ ਦਾ ਮੂੰਹ ਚੁੰਮ ਲਿਆ। ਤਾਏ ਮਨਸਾ ਰਾਮ ਨੂੰ ਇਹ ਵੇਖ ਕੇ ਹੱਥਾਂ-ਪੈਰਾਂ ਦੀ ਪੈ ਗਈ ਕਿ ਮੁੰਡੇ ਦੇ ਸਰੀਰ ਵਿੱਚ ਤਾਂ ਬਿਮਾਰੀ ਦੇ ਕੀਟਾਣੂ ਦਾਖ਼ਲ ਹੋ ਗਏ। ਉਸ ਨੇ ਸਾਬਣ ਫੜਿਆ, ਮੁੰਡੇ ਨੂੰ ਕੱਛ ਵਿੱਚ ਨੱਪ ਕੇ ਜਿਉਂ ਲੱਗਾ ਉਹਦੇ ਮੂੰਹ ਨੂੰ ਰਗੜਨ ਕਿ ਪੁੱਛੋ ਕੁਛ ਨਾ। ਉਹ ਮੁੰਡਾ ਚਿਚਲਾਏ, ਤੜਫੇ, ਚਾਂਗਰਾਂ ਮਾਰੇ ਪਰ ਤਾਇਆ ਮਨਸਾ ਰਾਮ ਕੀਟਾਣੂਆਂ ਨੂੰ ਕਿਵੇਂ ਸੁੱਕਿਆਂ ਜਾਣ ਦਿੰਦਾ। ਉਹਨੇ ਘਰੋੜ-ਘਰੋੜ ਕੇ ਗੱਲ੍ਹਾਂ ਤੇ ਕੰਨਾਂ 'ਚੋਂ ਲਹੂ ਕੱਢ ਛੱਡਿਆ।

ਬੱਚੇ ਦੇ ਤਾਏ-ਚਾਚੇ ਚਾਂਗਰਾਂ ਸੁਣ ਕੇ ਲਾਠੀਆਂ ਚੁੱਕੀ ਨੱਸੇ ਆਏ ਤੇ ਮੁੰਡੇ ਨੂੰ ਤਾਏ ਮਨਸਾ ਰਾਮ ਦੀ ਕੀਟਾਣੂ ਨਾਸਿਕ ਮੁਹਿੰਮ ਤੋਂ ਬਚਾਇਆ। ਉਹਨਾਂ ਨੂੰ ਤਾਏ ਮਨਸਾ ਰਾਮ ਦੇ ਵਹਿਮੀ ਹੋਣ ਬਾਰੇ ਪਤਾ ਨਾ ਹੁੰਦਾ ਤਾਂ ਉਹ ਤਾਏ ਦੀ ਕਪਾਲ-ਕਿਰਿਆ ਕਰਕੇ ਹੀ ਵਾਪਸ ਮੁੜਦੇ।

ਤਾਇਆ ਕਈ ਦਿਨ ਇਹ ਰਿਹਾੜ ਕਰਦਾ ਰਿਹਾ-''ਵੇਖੋ ਜੀ, ਅੱਜ-ਕੱਲ੍ਹ ਭਲੇ ਦਾ ਜ਼ਮਾਨਾ ਨਹੀਂ, ਨਾਲ਼ੇ ਕਿਸੇ ਦੇ ਜੁਆਕ ਨੂੰ ਜਰਾਸੀਮਾਂ ਤੋਂ ਬਚਾਓ, ਨਾਲ਼ੇ ਉਹਦੇ ਪਿਉ ਕੋਲ਼ੋਂ ਲਾਠੀਆਂ ਖਾਓ।''

ਇਸ ਵਾਕਿਆ ਨਾਲ਼ ਕੀਟਾਣੂੰਆਂ ਦਾ ਵਹਿਮ ਕੁਛ ਮੱਠਾ ਪੈ ਗਿਆ ਪਰ ਨਵੇਂ ਵਹਿਮ ਲਾਉਣ ਦੇ ਤਜਰਬੇ ਕਾਹਨੂੰ ਰੁਕਦੇ ਸੀ?

ਇੱਕ ਦਿਨ ਕਿਸ਼ਨੇ ਹਲਵਾਈ ਦੀ ਹੱਟੀ 'ਤੇ ਚਾਹ ਪੀਂਦਾ ਪਿਆ ਸੀ, ਤਾਇਆ ਮਨਸਾ ਰਾਮ ਕਿ ਉਹਦਾ ਇੱਕ ਪੈਰ ਕੁੱਤੇ ਦੀ ਪੂਛਲ 'ਤੇ ਟਿਕ ਗਿਆ। ਉਹ ''ਚਊਂ-ਚਊਂ'' ਕਰਦਾ ਨੱਸਿਆ ਤੇ ਜ਼ਰਾ ਹਟਵਾਂ ਜਾ ਕੇ ਭੌਂਕਣ ਲੱਗ ਪਿਆ। ਤਾਇਆ ਮਨਸਾ ਰਾਮ ਨੇ ਆਪਣੇ ਪੈਰ ਫੜ ਕੇ ਰੌਲ਼ਾ ਚੁੱਕ ਲਿਆ।

''ਲਓ, ਕਰ ਗਿਆ ਜੇ ਕਾਰਾ।''

ਕਿਸ਼ਨਾ ਕਹਿਣ ਲੱਗਾ :

''ਤਾਇਆ ਮਨਸਾ ਰਾਮਾ! ਕੁੱਤੇ ਨੇ ਤੈਨੂੰ ਦੰਦ ਤਾਂ ਨਹੀਂ ਲਾਇਆ।''

ਤਾਇਆ ਬੋਲਿਆ, ''ਵਾਹ, ਵਾਹ ਕਿਸ਼ਨਿਆ ਵਾਹ! ਤੈਨੂੰ ਕੀ ਪਤਾ ਕੁੱਤਿਆਂ ਦਾ, ਦੰਦ ਭਾਵੇਂ ਨਹੀਂ ਲਾਇਆ, ਪਰ ਕਾਰਾ ਤਾਂ ਕਰ ਗਿਆ ਨਾ ! ਅੱਜ-ਕੱਲ੍ਹ ਦੇ ਕੁੱਤੇ ਤਾਂ ਦੰਦ ਲਾਇਆਂ ਬਗ਼ੈਰ ਵੱਢ ਜਾਂਦੇ ਨੇ! ਏਸ ਜਨੌਰ ਦੀ ਤਾਂ ਹਵਾੜ ਵੀ ਮਾੜੀ'', ਤਾਏ ਮਨਸਾ ਰਾਮ ਨੇ ਚੌਦਾਂ ਟੀਕੇ ਵੱਖੀ ਵਿੱਚ ਲਵਾਏ ਤੇ ਉਹਨੂੰ ਵਹਿਮ ਹੋ ਗਿਆ ਕਿ ਹਰ ਕੁੱਤਾ ਉਹਨੂੰ ਵੱਢਣ ਲਈ ਫਿਰਦਾ ਹੈ।

ਇਸ ਲਈ ਕੋਈ ਸਾਲ ਭਰ ਉਹਦੀ ਇਹ ਹਾਲਤ ਰਹੀ ਕਿ ਮਾੜਾ-ਮੋਟਾ ਕਤੂਰਾ ਨਜ਼ਰੇ ਪਿਆ ਨਹੀਂ ਤੇ ਤਾਏ ਮਨਸਾ ਰਾਮ ਨੇ ਉਹਦੇ ਤੋਂ ਬਚ ਕੇ ਨਿਕਲ ਜਾਣ ਲਈ ਹਰਨ-ਚੌਕੜੀਆਂ ਭਰੀਆਂ ਨਹੀਂ।

ਮੈਨੂੰ ਪਤਾ ਨਹੀਂ ਤਾਏ ਮਨਸਾ ਰਾਮ ਨੂੰ ਇਸ ਵਹਿਮ ਨੇ ਅਜੇ ਵਿਛੋੜਾ ਦਿੱਤਾ ਕਿ ਨਹੀਂ ਪਰ ਕੁਛ ਮਹੀਨੇ ਹੋਏ, ਉਹਨੇ ਅੱਧੀ ਰਾਤ ਨੂੰ ਇੱਕ ਹੋਰ ਵਹਿਮ ਦੇ ਲੋਰ ਵਿੱਚ ਮੇਰਾ ਬੂਹਾ ਆ ਖੜਕਾਇਆ, ''ਛੇਤੀ ਚਾਰਾ ਕਰ ਲਓ, ਨਹੀਂ ਤਾਂ ਮਨਸਾ ਰਾਮ ਤਾਂ ਗਿਆ।''

ਮੈਂ ਡਰ ਗਿਆ, ''ਕਿਉਂ, ਸੁੱਖ ਤਾਂ ਹੈ?''

''ਸੁੱਖ ਹੁੰਦਾ ਤਾਂ ਮੈਂ ਅੱਧੀ ਰਾਤ ਤੇਰੇ ਕੋਲ਼ ਦੋਧੇ ਭੁਨਾਉਣ ਆਉਣਾ ਸੀ? ਆਹ ਦੇਖੋ ਗੋਡੇ ਦੀ ਚੱਪਣੀ.......''

''ਕੀ ਹੋਇਆ ਤਾਇਆ? ਖ਼ਾਸ ਗੱਲ ਤਾਂ ਮੈਨੂੰ ਜਾਪਦੀ ਨਹੀਂ।''

ਤਾਏ ਨੇ ਨਿਹੋਰੇ ਨਾਲ਼ ਉੱਤਰ ਮੋੜਿਆ, ''ਖ਼ਾਸ ਗੱਲ ਕਿਉਂ ਨਹੀਂ, ਜਿੱਥੇ ਮੈਂ ਡਿਗਿਆ ਉੱਥੇ ਘੋੜਿਆਂ ਦੀ ਲਿੱਦ ਪਈ ਸੀ। ਜੇ ਟੀਕਾ ਨਾ ਲੱਗਿਆ ਤਾਂ ਸਵੇਰ ਨੂੰ ਟੈਟਨਸ ਨਾਲ਼ ਤਾਇਆ ਮਨਸਾ ਰਾਮ ਬੰਨੇ ਸਮਝ ਲੈ।'' ਸੌ ਬੂਹੇ ਖੜਕਾਏ। ਬਥੇਰੀਆਂ ਬਾਂਗਾਂ ਮਾਰੀਆਂ ਪਰ ਉਸ ਵੇਲ਼ੇ ਕੋਈ ਡਾਕਟਰ ਬੂਹਾ ਨਾ ਖੋਲ੍ਹੇ। ਆਖ਼ਰਕਾਰ ਇੱਕ ਮਨਚਲੇ ਡਾਕਟਰ ਨੇ ਹੌਸਲਾ ਕਰਕੇ ਦਰਵਾਜ਼ਾ ਖੋਲ੍ਹਿਆ। ਉਹਨੇ ਗੋਡੇ ਦੀ ਝਰੀਟ ਵੇਖੀ ਤੇ ਤਾਏ ਮਨਸਾ ਰਾਮ ਦੀ ਵਿਥਿਆ ਸੁਣੀ। ਇੱਕ ਮਿੰਨ੍ਹੀ ਜਿਹੀ ਮੁਸਕਣੀ ਨਾਲ਼ ਉਹਨੇ ਸੂਆ ਤੱਤਾ ਕਰਕੇ ਖੋਭ ਦਿੱਤਾ। ਰਾਤ-ਜਗਾਈ ਦੀ ਖੇਚਲ਼ ਅਤੇ ਦਵਾਈ ਦੇ ਮਿਲ਼ਾ ਕੇ ਸੱਠ ਰੁਪੈ ਰਖਵਾ ਲਏ ਤਾਂ ਪਿੱਛੇ ਮੁੜਨ ਦਿੱਤਾ।

ਤਾਇਆ ਮਨਸਾ ਰਾਮ ਨੂੰ ਇਹਨਾਂ ਤੋਂ ਇਲਾਵਾ ਲੱਗੇ ਹੋਏ ਨਿੱਕੇ-ਮੋਟੇ ਵਹਿਮਾਂ ਦੀ ਗਿਣਤੀ ਦਾ ਅੰਤ ਨਹੀਂ। ਜੇ ਕਿਸੇ ਦਿਨ ਸੁਣ ਲਏ ਜਾਂ ਅਖ਼ਬਾਰ ਵਿੱਚ ਪੜ੍ਹ ਲਏ ਕਿ ਫਲਾਣੇ ਥਾਂ, ਬੱਸਾਂ ਦੀ ਟੱਕਰ ਹੋ ਗਈ ਜਾਂ ਰੇਲਾਂ ਭਿੜ ਗਈਆਂ ਜਾਂ ਹਵਾਈ ਜਹਾਜ਼ ਡਿਗ ਪਿਆ ਤਾਂ ਉਹ ਫ਼ੌਰਨ ਮੱਥੇ ਹੱਥ ਮਾਰ ਕੇ ਕਹੇਗਾ, ''ਮੈਂ ਆਖਿਆ ਸੀ ਭਾਈ, ਪਾਥੀਆਂ ਵਾਲ਼ਾ ਗੱਡਾ ਅੱਗਿਓਂ ਮਿਲ਼ਿਆ ਜੇ। ਨਾ ਜਾਓ, ਹੁਣ ਪਤਾ ਨਹੀਂ, ਸਾਡੇ ਪਿੰਡ ਦਾ ਫਲਾਣਾ ਆਦਮੀ ਬਚਿਆ ਕਿ ਨਹੀਂ।'' ਉਹਨੂੰ ਇਹ ਵਹਿਮ ਹੈ ਕਿ ਹਾਦਸਾ ਕਿਧਰੇ ਵੀ ਹੋਵੇ, ਉਹਦੇ ਨਿਕਟ-ਵਰਤੀਆਂ ਜਾਂ ਮਹੱਲੇਦਾਰਾਂ ਵਿੱਚੋਂ ਕੋਈ ਜੇ ਮਰਿਆ ਨਹੀਂ ਤਾਂ ਫੱਟੜ ਜ਼ਰੂਰ ਹੋਇਆ ਹੋਵੇਗਾ।

ਉਹ ਸਰੀਰ ਦਾ ਤਕੜਾ ਹੈ। ਉਹਨੂੰ ਜ਼ਾਹਰਾ ਕੋਈ ਰੋਗ ਨਹੀਂ, ਸੰਤਾਪ ਨਹੀਂ। ਜ਼ਮੀਨ ਹੈ, ਮਕਾਨ ਹੈ, ਭਰਾ ਹਨ। ਉਹਨਾਂ ਦੇ ਪੁੱਤਰ-ਪੋਤਰੇ ਤਾਏ ਦੇ ਆਗਿਆਕਾਰੀ ਹਨ ਪਰ ਜਦੋਂ ਪੁੱਛੀਏ, ''ਤਾਇਆ ਮਨਸਾ ਰਾਮ, ਕੀ ਹਾਲ-ਚਾਲ ਨੇ?'' ਤਾਂ ਉਹ ਇੱਕੋ ਸਾਹੇ ਕਹੀ ਜਾਏਗਾ -

''ਪੁੱਛ ਕੁੱਛ ਨਾ, ਮੰਦੇ ਹਾਲ ਤੇ ਬਾਉਂਕੇ ਦਿਹਾੜੇ, ਨਾ ਗਰਮ ਚੀਜ਼ ਪਚਦੀ ਐ ਨਾ ਬਾਦੀ, ਢਿੱਡ ਵਿੱਚ ਅਫਾਰਾ ਨਹੀਂ ਹਟਦਾ। ਸਿਰ ਨੂੰ ਚੱਕਰ ਆਉਂਦੇ ਈ, ਲੱਕ ਤੋਂ ਉੱਠਿਆ ਜਾਏ ਤਾਂ ਆਦਮੀ ਕੰਮ ਕਰੇ। ਅੱਖੀਆਂ 'ਚੋਂ ਸੇਕ ਨਿਕਲ਼ਦਾ ਈ। ਸਾਹ ਨਾਲ਼ ਸਾਹ ਨਹੀਂ ਰਲ਼ਦਾ। ਨਾੜਾਂ ਵਿੱਚ ਜਿਵੇਂ ਕਿਸੇ ਨੇ ਸਿੱਕਾ ਢਾਲ਼ ਛੱਡਿਆ ਈ। ਚੁਰਸਤੇ ਵਾਲ਼ੀ ਕਿੱਕਰ ਤੇ ਪਿਛਲਾ ਮਹੀਨਾ ਰੋਜ਼ ਮੌਲ਼ੀਆਂ ਬੱਧੀਆਂ, ਮਾਂਹ ਦੀ ਦਾਲ਼ ਤੇ ਚੌਲ਼ਾਂ ਦਾ ਟੂਣਾ ਕੀਤਾ। ਮੱਝਾਂ ਫੇਰ ਦੁੱਧ ਨਹੀਂ ਲਾਹੁੰਦੀਆਂ। ਜੇ ਸੱਚੀਂ ਪੁੱਛੇਂ ਤਾਂ ਹਾਲ ਉਂ ਮਾੜਾ ਵੀ ਨਹੀਂ। ਪਰ ਚੰਗਾ ਵੀ ਕਿਵੇਂ ਆਖਾਂ? ਪਰਸੋਂ ਸੰਧੂਰ, ਤਿਲ਼ਚੌਲ਼ੀ, ਮੂੰਗੀ, ਮਸਰਾਂ ਤੇ ਚਾਕੂ ਦਾ ਟੂਣਾ ਕੀਤਾ ਭਾਈ ਪਿੰਡ ਤੋਂ ਬਲਾ ਟਲ਼ੇ ਪਰ ਹੋਇਆ, ਪਤਾ ਕੀ? ਟੂਣੇ ਲਾਗਿਓਂ ਇੱਕ ਹਾਲ਼ੀ ਲੰਘਿਆ। ਉਹਨੇ ਸੰਧੂਰ ਬਲਦਾਂ ਦੇ ਸਿੰਗਾਂ ਤੇ ਮਲ਼ ਦਿੱਤਾ, ਦਾਲ਼ਾਂ ਦਾ ਫੱਕਾ ਮਾਰ ਲਿਆ, ਚਾਕੂ ਨੂੰ ਚਾਦਰ ਦੀ ਕੰਨੀ ਨਾਲ ਪੂੰਝ ਕੇ ਬੋਝੇ ਵਿੱਚ ਇਹ ਆਖਦਿਆਂ ਪਾ ਲਿਆ ਕਿ 'ਚਲੋ, ਇਹਦੇ ਨਾਲ਼ ਖ਼ਰਬੂਜ਼ੇ ਚੀਰਿਆਂ ਕਰਾਂਗੇ।' ਹੁਣ ਤੁਸੀਂ ਦੱਸੋ ਤਾਇਆ ਮਨਸਾ ਰਾਮ ਵਹਿਮ ਕਰੇ ਕਿ ਨਾ?'

ਇੱਕ ਮਹੀਨਾ ਪਹਿਲੇ ਦੀ ਗੱਲ ਹੈ। ਤਾਏ ਮਨਸਾ ਰਾਮ ਨੇ ਸੁਣ ਲਿਆ ਕਿ ਇੱਕ ਬਹੁਤ ਵੱਡਾ ਆਦਮੀ ਦਿਲ ਦੀ ਹਰਕਤ ਬੰਦ ਹੋਣ ਨਾਲ਼ ਮਰ ਗਿਆ। ਇਸ 'ਤੇ ਤਾਏ ਮਨਸਾ ਰਾਮ ਨੂੰ ਵਹਿਮ ਚੰਬੜ ਗਿਆ ਕਿ ਬੱਸ ਦਿਲ ਫੇਲ੍ਹ ਹੋਇਆ ਕਿ ਹੋਇਆ। ਮੇਰੇ ਕੋਲ਼ ਆਇਆ। ਸੱਜੀ ਵੱਖੀ ਨੂੰ ਹੱਥ ਨਾਲ਼ ਘੁੱਟਦਾ ਹੋਇਆ ਕਹੀ ਜਾਏ, ''ਦਿਲ ਧੜਕਦਾ ਨਹੀਂ ਜਾਪਦਾ।''

ਮੇਰਾ ਹਾਸਾ ਨਿਕਲ਼ ਗਿਆ, ''ਤਾਇਆ ਮਨਸਾ ਰਾਮ ਜੀ, ਦਿਲ ਤਾਂ ਦੂਜੇ ਪਾਸੇ ਹੁੰਦਾ ਹੈ, ਸੱਜੇ ਪਾਸੇ ਕਿਵੇਂ ਧੜਕੇ? ਫੇਰ ਤਾਇਆ! ਦਿਲ ਧੜਕਣ ਬਿਨਾਂ ਤਾਂ ਕੋਈ ਸ਼ਾਇਰ ਜਿਊਂਦਾ ਰਹਿ ਸਕਦਾ ਹੈ, ਤਾਇਆ ਮਨਸਾ ਰਾਮ ਨਹੀਂ। ਦਿਲ ਤਾਂ ਉਹ ਘੜੀ ਹੈ ਕਿ ਟੱਕ-ਟੱਕ ਹਟੀ ਤੇ ਟਕੇ ਦੀ ਮੁੱਲ ਦੀ ਨਹੀਂ।''

ਤਾਇਆ ਮਨਸਾ ਰਾਮ ਨੂੰ ਕੁਝ ਧਰਵਾਸ ਆਇਆ ਤਾਂ ਸਹੀ ਪਰ ਫੇਰ ਵੀ ਕਹਿਣ ਲੱਗਾ, ''ਮੈਂ ਕਿਹਾ ਇਹਦਾ ਕੋਈ ਪਤਾ ਨਹੀਂ, ਅੱਜ ਨਹੀਂ ਧੜਕਣੋਂ ਹਟਿਆ ਤਾਂ ਕੱਲ੍ਹ ਹਟ ਜਾਏ, ਕਿਧਰੇ ਮੈਨੂੰ ਸ਼ਹਿਰ ਲਿਜਾ ਕੇ ਵੱਡੇ ਡਾਕਟਰ ਨੂੰ ਵਿਖਾ ਲਿਆਏਂ ਤਾਂ ਚੰਗਾ ਕਰੇਂ।''

ਇਉਂ ਵਹਿਮੀ ਤਾਏ ਮਨਸਾ ਰਾਮ ਨੂੰ ਜਿਹੜੀ ਬਿਮਾਰੀ ਅਜੇ ਡਾਕਟਰਾਂ ਦੇ ਵਿਚਾਰ ਵਿੱਚ ਵੀ ਨਹੀਂ ਹੁੰਦੀ, ਉਹ ਲੱਗ ਜਾਂਦੀ ਹੈ। ਕੁਝ ਮਹੀਨੇ ਪਹਿਲਾਂ ਦੀ ਗੱਲ ਹੈ, ਮੈਂ ਤਾਇਆ ਮਨਸਾ ਰਾਮ ਨੂੰ ਨਾਲ਼ ਲੈ ਕੇ ਇੱਕ ਝਾੜ-ਝਪਾੜਾ ਕਰਨ ਵਾਲ਼ੇ ਕੋਲ਼ ਚਲਿਆ ਗਿਆ। ਮੈਂ ਨਹੀਂ ਸਾਂ ਚਾਹੁੰਦਾ ਪਰ ਤਾਇਆ ਖਹਿੜੇ ਪੈ ਗਿਆ ਤਾਂ ਮੇਰੀ ਵਾਹ ਨਾ ਗਈ। ਉੱਥੇ ਪੁੱਜੇ ਤਾਂ ਮਾਂਦਰੀ ਨੇ ਜੁੜੀ ਹੋਈ ਭੀੜ ਸਾਹਮਣੇ ਤਾਏ ਵੱਲ ਇਸ਼ਾਰਾ ਕਰਕੇ ਕਿਹਾ - ''ਲਓ ਭਈ, ਤੁਸੀਂ ਤਾਂ ਵੇਖਦੇ ਹੋ ਪਰ ਇਸ ਆਦਮੀ ਦਾ ਸਿਰ ਹੈ ਨਹੀਂ। ਕਿਉਂ ਭਾਈ, ਆਪ ਹੀ ਦੱਸ ਤੇਰਾ ਸਿਰ ਹੈ ਕਿ ਨਹੀਂ?'' ਮਨਸਾ ਰਾਮ ਨੇ ਇਹ ਸੁਣ ਕੇ ਅੱਖੀਆਂ ਮੀਟੀਆਂ ਤੇ ਬੋਲਿਆ - ''ਠੀਕ ਹੈ ਮਹਾਰਾਜ, ਮੇਰਾ ਸਿਰ ਹੈ ਨਹੀਂ। ਮੈਨੂੰ ਬੜਾ ਗੁੱਸਾ ਆਇਆ। ਮੈਂ ਕੜਕਿਆ, ''ਤਾਇਆ, ਜੇ ਤੇਰਾ ਸਿਰ ਨਹੀਂ ਤਾਂ ਪੱਗ ਕਾਹਦੇ ਉੱਪਰ ਬੱਧੀ ਊ?'' ਬੜੀ ਮੁਸ਼ਕਲ ਨਾਲ਼ ਉਹਨੂੰ ਸਿਰ ਦੀ ਮੌਜੂਦਗੀ ਦਾ ਵਿਸ਼ਵਾਸ ਦਿਵਾਇਆ।

ਪਰ ਪਰਸੋਂ ਤਾਂ ਤਾਇਆ ਮਨਸਾ ਰਾਮ ਨੇ ਹੱਦ ਕਰ ਦਿੱਤੀ। ਮੇਰੇ ਕੋਲ਼ ਨੀਵੇਂ-ਨੀਵੇਂ ਲੱਕ ਆਇਆ। ਅੱਖੀਆਂ ਜਿਵੇਂ ਪੁੱਠੀਆਂ ਕੀਤੀਆਂ ਹੋਈਆਂ, ਬੁੱਲ੍ਹ ਸੁੱਕੇ ਹੋਏ, ਬੜੀ ਮਰੀ ਹੋਈ ਅਵਾਜ਼ ਉਹਦੇ ਮੂੰਹੋਂ ਨਿਕਲ਼ੀ-''ਛੇਤੀ ਕਰੋ, ਮੈਨੂੰ ਕਿਧਰੇ ਲੈ ਚੱਲੋ।''

ਮੈਂ ਕਿਹਾ, ''ਕਿਉਂ ਤਾਇਆ ਜੀ, ਸੁੱਖ ਤਾਂ ਹੈ?''

ਤਾਏ ਦੀ ਭਰੜਾਈ ਹੋਈ ਅਵਾਜ਼ ਆਈ, ''ਮੇਰੀ ਜਾਨ ਨੂੰ ਖ਼ਤਰਾ ਹੈ। ਅੱਜ ਸ਼ਾਮ ਤੱਕ ਮੈਨੂੰ ਲਾਂਭ-ਚਾਂਭ ਨਾ ਕੀਤਾ ਗਿਆ ਤਾਂ ਮੈਂ ਸਮਝੋ ਹੈ ਨਹੀਂ।'' ਇਹ ਆਖਦਿਆਂ ਤਾਏ ਮਨਸਾ ਰਾਮ ਦੀਆਂ ਭੁੱਬਾਂ ਨਿਕਲ਼ ਗਈਆਂ।

''ਓੜਕ ਗੱਲ ਕੀ ਏ, ਤਾਇਆ?''

''ਗੱਲ ਕੀ ਏ, ਸ਼ਿੰਗਾਰੂ ਹੁਰਾਂ ਨੇ ਕੱਲ੍ਹ ਦੀ ਮਾਰ-ਖੁੰਡੀ ਬੱਕਰੀ ਮੇਰੇ ਮਗਰ ਲਾਈ ਹੋਈ ਨਹੀਂ ਵੇਖੀ ਤੂੰ? ਉਹਦੇ ਸਿੰਗਾਂ ਨਾਲ਼ ਛੁਰੀਆਂ ਬੰਨ੍ਹ ਛੱਡੀਆਂ ਨੇ ਮੇਰੇ ਵੈਰੀਆਂ ਨੇ।''

ਮੈਂ ਬਥੇਰਾ ਮੱਥਾ ਮਾਰਿਆ ਭਈ ਬੱਕਰੀ ਨੇ ਆਦਮੀ ਨੂੰ ਕੀ ਮਾਰਨਾ ਪਰ ਤਾਇਆ ਮਨਸਾ ਰਾਮ ਅਜੇ ਤੱਕ ਨਹੀਂ ਮੰਨਿਆ ਤੇ ਮੰਨੇ ਵੀ ਕਿਵੇਂ? ਹੋਰ ਹਰ ਬਿਮਾਰੀ ਦਾ ਇਲਾਜ ਹੈ ਪਰ ਵਹਿਮ ਕੌਣ ਹਟਾਏ?

## ਅਰਥਾਵਲੀ :

**ਨੱਪਿਆ** - ਦਬਾਇਆ, ਫੜਿਆ। **ਓਹੜ-ਪੋਹੜ** - ਜਤਨ, ਉਪਾਅ, ਇਲਾਜ। **ਖਹਿੜਾ**-ਪਿੱਛਾ, ਜ਼ਿਦ, ਹਠ। **ਗਲ਼ੇਡੂ** - ਅੱਖਾਂ ਵਿਚਲੇ ਹੰਝੂ। **ਧਨੰਤਰ** - ਦੇਵਤਿਆਂ ਦਾ ਵੈਦ, ਜੋ ਪੁਰਾਣਾਂ ਅਨੁਸਾਰ ਦੇਵਤਿਆਂ ਅਤੇ ਦੈਂਤਾਂ ਦੇ ਸਮੁੰਦਰ ਰਿੜਕਣ ਸਮੇਂ ਨਿਕਲ਼ਿਆ ਸੀ। **ਨਬਜ਼** - ਗੁੱਟ ਦੀ ਉਹ ਨਾੜ ਜਿਹੜੀ ਹਰ ਵਕਤ ਹਰਕਤ ਵਿੱਚ ਰਹਿੰਦੀ ਹੈ ਜਿਸ ਨੂੰ ਵੇਖ ਕੇ ਡਾਕਟਰ ਬਿਮਾਰੀ ਦਾ ਪਤਾ ਲਾਉਂਦੇ ਹਨ। **ਜੁਆਕ** - ਮੁੰਡਾ, ਬਾਲਕ। **ਚਾਂਗਰਾਂ** - ਚੀਕਾਂ, ਕੂਕਾਂ। **ਜਰਾਸੀਮ** - ਕੀਟਾਣੂ, ਛੋਟੇ-ਛੋਟੇ ਕੀੜੇ। **ਚਾਰਾ** - ਢੰਗ, ਹੀਲਾ, ਉਪਾਅ। **ਨਿਹੋਰੇ** - ਮਿਹਣੇ, ਗਿਲਾ, ਬੋਲੀ ਮਾਰਨੀ। **ਜ਼ਾਹਰਾ** - ਪ੍ਰਗਟ ਤੌਰ 'ਤੇ, ਸਾਮ੍ਹਣੇ। **ਬਾਉਂਕੇ ਦਿਹਾੜੇ** - ਬੌਂਕੇ ਦਿਹਾੜੇ, ਬੁਰੇ ਦਿਨ। **ਹਰਕਤ** - ਹਿੱਲਣ ਦੀ ਕਿਰਿਆ, ਹਿਲਜੁਲ। **ਧਰਵਾਸ** - ਧੀਰਜ, ਤਸੱਲੀ, ਭਰੋਸਾ। **ਝਾੜ-ਝਪਾੜਾ** - ਜਾਦੂ-ਟੂਣਾ। **ਮਾਂਦਰੀ** - ਮੰਤਰ ਪੜ੍ਹਨ ਵਾਲ਼ਾ, ਟੂਣਾ-ਟਾਮਣ ਕਰਨ ਵਾਲਾ ਆਦਮੀ। **ਮਾਰ-ਖੁੰਡੀ** - ਸਿੰਗ ਮਾਰਨ ਵਾਲ਼ੀ।

## ਪਾਠ - ਅਭਿਆਸ

1. ਵਹਿਮੀ ਤਾਇਆ ਲੇਖ ਦਾ ਸਾਰ ਲਿਖੋ।
2. ਵਹਿਮੀ ਤਾਇਆ ਲੇਖ ਲਿਖਣ ਦਾ ਕੀ ਉਦੇਸ਼ ਹੈ? ਸੰਖੇਪ ਤੇ ਢੁਕਵਾਂ ਉੱਤਰ ਦਿਓ।
3. 'ਵਹਿਮੀਆਂ ਨਾਲ਼ ਮੁਕਾਬਲਾ ਆਕਲ ਭੁੱਲ ਕਰੇਣ', ਵਹਿਮੀਆਂ ਨਾਲ਼ ਮੁਕਾਬਲਾ ਕਿਉਂ ਨਹੀਂ ਕੀਤਾ ਜਾ ਸਕਦਾ?' ਸੰਖੇਪ ਵਿੱਚ ਚਰਚਾ ਕਰੋ।
4. ''ਹੋਰ ਹਰ ਬਿਮਾਰੀ ਦਾ ਇਲਾਜ ਹੈ ਪਰ ਵਹਿਮ ਕੌਣ ਹਟਾਏ?'' ਇਸ ਕਥਨ ਦੇ ਪੱਖ ਜਾਂ ਵਿਰੋਧ ਵਿੱਚ ਦਲੀਲਾਂ ਦਿਓ।
5. ਇਸ ਲੇਖ ਵਿੱਚੋਂ ਤਾਇਆ ਮਨਸਾ ਰਾਮ ਦੇ ਕੁਝ ਦਿਲਚਸਪ ਵਹਿਮਾਂ ਦਾ ਜ਼ਿਕਰ ਸੰਖੇਪ ਵਿੱਚ ਕਰੋ।
6. ਹੇਠ ਲਿਖੇ ਮੁਹਾਵਰਿਆਂ ਦੇ ਵਾਕ ਬਣਾ ਕੇ ਅਰਥ ਸਪਸ਼ਟ ਕਰੋ :

   ਹੱਥਾਂ-ਪੈਰਾਂ ਦੀ ਪੈਣਾ, ਕਪਾਲ-ਕਿਰਿਆ ਕਰਨਾ, ਹਰਨ-ਚੌਂਕੜੀਆਂ ਭਰਨਾ, ਸਿੱਕਾ ਢਾਲਣਾ, ਦੋਧੇ ਭੁਨਾਉਣਾ।

*ਕਿਸੇ ਅਜਿਹੇ ਵਿਅਕਤੀ ਦਾ ਰੇਖਾ-ਚਿੱਤਰ ਲਿਖੋ ਜੋ ਤਾਇਆ ਮਨਸਾ ਰਾਮ ਵਾਂਗ ਹੀ ਵਹਿਮੀ-ਭਰਮੀ ਹੋਵੇ।*

# ਬਲਰਾਜ ਸਾਹਨੀ

(1913-1973)

ਬਲਰਾਜ ਸਾਹਨੀ ਦਾ ਜਨਮ 1 ਮਈ, 1913 ਈ: ਵਿੱਚ ਸ੍ਰੀ ਹਰਬੰਸ ਲਾਲ ਸਾਹਨੀ ਅਤੇ ਮਾਤਾ ਸ੍ਰੀਮਤੀ ਲਕਸ਼ਮੀ ਦੇਵੀ ਦੇ ਘਰ ਰਾਵਲਪਿੰਡੀ (ਪਾਕਿਸਤਾਨ) ਵਿਖੇ ਹੋਇਆ।

ਆਪ ਨੇ 1934 ਈ: ਵਿੱਚ ਅੰਗਰੇਜ਼ੀ ਦੀ ਐੱਮ. ਏ. ਕੀਤੀ ਤੇ ਫਿਰ ਪਿਤਾ-ਪੁਰਖੀ ਕਿੱਤਾ, ਵਪਾਰ ਕੀਤਾ। ਕੁਝ ਸਮਾਂ ਪੱਤਰਕਾਰੀ ਕੀਤੀ। 1938 ਈ: ਤੋਂ 1940 ਈ. ਤੱਕ ਸ਼ਾਂਤੀਨਿਕੇਤਨ ਵਿੱਚ ਹਿੰਦੀ ਦੇ ਅਧਿਆਪਕ ਰਹੇ। 1940 ਈ. ਤੋਂ 1944 ਈ. ਤੱਕ ਬੀ. ਬੀ. ਸੀ. ਲੰਡਨ ਵਿੱਚ ਅਨਾਊਂਸਰ ਵਜੋਂ ਕੰਮ ਕੀਤਾ। ਮੁੱਖ ਕਿੱਤਾ ਐਕਟਿੰਗ ਰਿਹਾ। ਉਹਨਾਂ ਦੀਆਂ ਯਾਦਗਾਰੀ ਫ਼ਿਲਮਾਂ 'ਕਾਬਲੀ ਵਾਲਾ', 'ਦੋ ਬੀਘਾ ਜ਼ਮੀਨ', 'ਹਮ ਲੋਗ', 'ਹੀਰਾ ਮੋਤੀ' 'ਪਵਿੱਤਰ ਪਾਪੀ' ਆਦਿ ਹਨ।

ਪੰਜਾਬੀ ਵਿੱਚ ਉਹਨਾਂ ਦੀਆਂ ਪ੍ਰਮੁੱਖ ਰਚਨਾਵਾਂ ਹਨ- 'ਮੇਰਾ ਪਾਕਿਸਤਾਨੀ ਸਫ਼ਰਨਾਮਾ', 'ਮੇਰਾ ਰੂਸੀ ਸਫ਼ਰਨਾਮਾ', 'ਗ਼ੈਰ ਜਜ਼ਬਾਤੀ ਡਾਇਰੀ', 'ਮੇਰੀ ਫ਼ਿਲਮੀ ਆਤਮਾ-ਕਥਾ' ਆਦਿ। ਅਜ਼ਾਦੀ ਤੋਂ ਲਗ-ਪਗ ਦੋ ਦਹਾਕਿਆਂ ਪਿੱਛੋਂ ਉਹਨਾਂ ਨੇ ਆਪਣੀ ਜਨਮ-ਭੂਮੀ ਦੇ ਮੋਹਵਸ ਪਾਕਿਸਤਾਨ ਦੀ ਯਾਤਰਾ ਕੀਤੀ। 13 ਅਪਰੈਲ, 1973 ਈਸਵੀ ਵਿੱਚ ਆਪ ਦਾ ਦਿਹਾਂਤ ਹੋ ਗਿਆ।

'ਮੁੜ ਵੇਖਿਆ ਪਿੰਡ' ਵਾਰਤਕ ਦਾ ਨਮੂਨਾ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਵਿੱਚੋਂ ਲਿਆ ਗਿਆ ਹੈ। ਆਪ ਦੀ ਸਫ਼ਰਨਾਮਾ-ਵਾਰਤਕ ਬੜੀ ਸਲਾਹੀ ਗਈ। ਭਾਸ਼ਾ-ਵਿਭਾਗ, ਪੰਜਾਬ ਨੇ ਆਪ ਨੂੰ 'ਸ਼੍ਰੋਮਣੀ ਪੰਜਾਬੀ ਸਾਹਿਤਕਾਰ' ਪੁਰਸਕਾਰ ਨਾਲ਼ ਸਨਮਾਨਿਤ ਕੀਤਾ।

## ਮੁੜ ਵੇਖਿਆ ਪਿੰਡ

16 ਅਕਤੂਬਰ, 1962 ਈ: ਸਵੇਰੇ ਉੱਠਦਿਆਂਸਾਰ ਪਹਿਲਾਂ ਥਾਣੇ ਰਿਪੋਰਟ ਲਿਖਾਈ, ਫੇਰ ਬੱਸਾਂ ਦੇ ਅੱਡੇ ਉੱਤੇ ਜਾ ਪੁੱਜੇ। ਭੇਰਾ ਵੀ ਸੱਠ-ਸੱਤਰ ਮੀਲ ਦਾ ਪੈਂਡਾ ਸੀ। ਸਿਕੰਦਰ ਨਾਲ਼ ਸੀ, ਸਗੋਂ ਦੋ ਹੋਰ ਮਿੱਤਰ ਵੀ ਤਿਆਰ ਹੋ ਪਏ ਸਨ। ਉਸ ਵੇਲੇ ਮੈਂ ਉਹਨਾਂ ਦੇ ਸਾਥ ਦਾ ਮੁੱਲ ਨਾ ਪਾਇਆ। ਮੇਰੇ ਉੱਪਰ ਭੇਰੇ ਜਾ ਕੇ ਜਜ਼ਬਿਆਂ ਦਾ ਕੀ ਤੁਫ਼ਾਨ ਟੁੱਟਣਾ ਸੀ, ਉਸ ਵੇਲੇ ਮੈਨੂੰ ਨਹੀਂ ਸੀ ਪਤਾ, ਉਸ ਵੇਲ਼ੇ ਭੇਰਾ ਮੈਨੂੰ ਸੌਖੀ ਜਿਹੀ ਮੁਹਿੰਮ ਜਾਪਿਆ ਸੀ।

ਬੱਸ ਭੇਰੇ ਵੱਲ ਨੱਠਦੀ ਜਾ ਰਹੀ ਸੀ, ਪਰ ਮੈਨੂੰ ਵਿਸ਼ਵਾਸ ਨਹੀਂ ਸੀ ਆਂਦਾ ਕਿ ਸੱਚ-ਮੁੱਚ ਮੈਂ ਥੋੜ੍ਹੇ ਚਿਰ ਅੰਦਰ ਭੇਰੇ ਪੁੱਜ ਜਾਵਾਂਗਾ। ਪਿਛਲੀ ਵਾਰੀ ਜਦੋਂ ਭੇਰਾ ਵੇਖਿਆ ਸੀ, ਚਾਲ਼ੀ ਸਾਲ ਪੁਰਾਣੀ ਗੱਲ ਹੈ, ਉਦੋਂ ਮੇਰੀ ਉਮਰ ਹੋਵੇਗੀ ਮਸਾਂ ਅੱਠਾਂ-ਨੌਂਆਂ ਸਾਲਾਂ ਦੀ।

ਭੇਰਾ ਨਿੱਕਾ ਜਿਹਾ ਸ਼ਹਿਰ ਸੀ, ਉਹਦੀ ਗਲ਼ੀ-ਗਲ਼ੀ ਤੇ ਚੱਪੇ-ਚੱਪੇ ਦੀਆਂ ਦੌੜਾਂ ਮਾਰ ਛੱਡਦੇ। ਖੁਖਰਾਨ ਬਰਾਦਰੀ ਵਾਲਿਆਂ ਦੇ ਆਪਣੇ ਅਲੱਗ-ਅਲੱਗ ਮਹੱਲੇ ਸਨ। ਸਾਹਨੀਆਂ ਦਾ ਮਹੱਲਾ, ਅਨੰਦਾਂ ਦਾ, ਕੋਹਲੀਆਂ ਦਾ ਆਦਿ। ਪਤਾ ਨਹੀਂ ਇਹ ਮੁਹੱਲੇ ਕਦੋਂ ਤੇ ਕਿਸ ਤਰ੍ਹਾਂ ਬਣੇ। ਹਰ ਮਹੱਲੇ ਆਪਣਾ ਦਰਵਾਜ਼ਾ ਹੁੰਦਾ ਸੀ।

ਮੇਰੇ ਤਾਈ ਜੀ ਮਹੱਲੇ ਦੀਆਂ ਕੁਝ ਸਾਥਣਾਂ ਨਾਲ਼ ਸਵੇਰੇ ਮੂੰਹ-ਹਨੇਰੇ ਜੇਹਲਮ ਦਰਿਆ ਇਸ਼ਨਾਨ ਕਰਨ ਜਾਂਦੇ ਸਨ। ਕਦੇ-ਕਦੇ ਮੈਂ ਤੇ ਮੇਰਾ ਛੋਟਾ ਭਰਾ ਭੀਸ਼ਮ ਨਾਲ਼ ਤੁਰ ਪੈਂਦੇ ਸਾਂ। ਪਹਿਲਾ ਪੜਾਅ ਚਿੜੀ-ਚੋਗ, ਦੂਜਾ ਘੜੀ-ਭੰਨ, ਅਤੇ ਤੀਜਾ ਔਖਾ ਪੈਂਡਾ ਦਰਿਆ ਤੀਕ ਦਾ ਜੋ ਘੜੀ-ਮੁੜੀ ਛੱਡ ਕੇ ਕਦੇ ਨੇੜੇ ਤੇ ਕਦੇ ਦੂਰ ਚਲਾ ਜਾਂਦਾ ਸੀ।

ਚਿੜੀ-ਚੋਗ ਦੇ ਨੇੜੇ ਇੱਕ ਮੈਦਾਨ ਵਿੱਚ ਅਨੋਖਾ ਮੇਲਾ ਲੱਗਦਾ ਹੁੰਦਾ ਸੀ। ਸਾਰੇ ਸ਼ਹਿਰ ਦੀਆਂ ਕੁੜੀਆਂ-ਚਿੜੀਆਂ ਇੱਥੇ ਇਕੱਤਰ ਹੁੰਦੀਆਂ। ਕਦੇ-ਕਦੇ ਰਾਤੀਂ ਸਾਡੇ ਹੇਠਲੇ ਸੁਫ਼ੇ ਵਿੱਚ ਤ੍ਰਿੰਞਣ ਲੱਗਦਾ, ਮੇਰੀਆਂ ਦੋਵੇਂ ਭੈਣਾਂ ਸਹੇਲੀਆਂ ਸਹਿਤ ਮਾਤਾ ਜੀ ਦੀ ਚਤਰ ਪ੍ਰਧਾਨਗੀ ਹੇਠ ਸਾਰੀ ਦੀ ਸਾਰੀ ਰਾਤ ਚਰਖਾ ਕੱਤਦੀਆਂ।

ਕਿਤਨੀਆਂ ਹੀ ਤਸਵੀਰਾਂ ਕਲਪਨਾ ਦੇ ਪਰਦੇ ਉੱਤੇ ਅਕਸ ਪਾ ਗਈਆਂ—ਕਣਕ ਦੇ ਹਰੇ-ਭਰੇ ਖੇਤ ਜਿਨ੍ਹਾਂ ਵਿੱਚ ਲੁਕਣਮੀਟੀ ਖੇਡਦੇ ਸਾਂ ਜਿਨ੍ਹਾਂ ਦੇ ਬੂਟੇ ਤੋੜ ਕੇ ਤੂਤਣੀਆਂ ਬਣਾਂਦੇ ਸਾਂ, ਸਿੱਟੇ ਤੋੜ ਕੇ ਸ਼ਰਾਰਤ ਨਾਲ਼ ਰਾਹ ਲੰਘਦਿਆਂ ਦੀਆਂ ਸਲਵਾਰਾਂ ਦੇ ਪੌਂਹਚਿਆਂ ਵਿੱਚ ਘੁਸੇੜ ਸੁੱਟਦੇ ਸਾਂ। ਖੂਹਾਂ ਦੇ ਪਾਣੀ, ਖੇਤਾਂ ਵਿੱਚ ਸੱਜਰੀਆਂ ਪੁੱਟੀਆਂ ਮੂਲੀਆਂ ਤੇ ਗਾਜਰਾਂ...ਉਸ ਜ਼ਮਾਨੇ ਤੋਂ ਬਾਅਦ ਕਦੇ ਵੀ ਤਾਂ ਮੈਂ ਫੇਰ ਪੇਂਡੂ ਜੀਵਨ ਦਾ ਸਵਾਦ ਨਹੀਂ ਮਾਣਿਆ।

ਲਾਗਲੀ ਸੀਟ ਉੱਤੇ ਇੱਕ ਬੁੱਢੜੀ ਸੁਆਣੀ ਆਪਣੇ ਪੁੱਤਰ ਨੂੰ ਨਾਲ਼ ਲੈ ਕੇ ਆ ਬੈਠੀ। ਮੈਨੂੰ ਜਾਪਿਆ ਜਿਵੇਂ ਮੇਰੀ ਆਪਣੀ ਮਾਂ ਆ ਬੈਠੀ ਹੋਵੇ। ਉਹੋ ਪਹਿਰਾਵਾ, ਉਹੋ ਬੋਲੀ, ਮੇਰੇ ਆਪਣੇ.....ਬਿਲਕੁਲ ਆਪਦੇ ਲੋਕ.....ਕੀ ਦੱਸਾਂ, ਮੇਰੇ ਮਨ ਦੀ ਕੀ ਦਸ਼ਾ ਹੋ ਗਈ।

ਬੱਸ ਭੁੱਲੋਵਾਲ ਦੇ ਅੱਡੇ ਉੱਤੇ ਆ ਰੁਕੀ। ਮੈਨੂੰ ਨਹੀਂ ਸੀ ਪਤਾ ਕਿ ਭੁੱਲੋਵਾਲ ਭੇਰੇ ਤੋਂ ਕੁੱਲ ਦਸ-ਬਾਰਾਂ ਮੀਲ ਦੀ ਵਾਟ ਉੱਤੇ ਹੈ। ਡਰਾਈਵਰ ਨੇ ਦੱਸਿਆ, ਬੱਸ ਇੱਥੇ ਪੌਣਾ ਘੰਟਾ ਖਲੋਤੀ ਰਹੇਗੀ। ਕੁੱਲ ਤਿੰਨ ਘੰਟੇ ਤਾਂ ਰਹਿ ਗਏ ਸਨ ਮੇਰੇ ਕੋਲ਼ ਭੇਰਾ ਦੇਖਣ ਲਈ। ਉਸ ਵਿੱਚੋਂ ਪੌਣਾ ਘੰਟਾ ਇੱਥੇ ਜ਼ਾਇਆ ਹੋ ਜਾਏਗਾ।

ਆਪਣੇ ਸਾਥੀਆਂ ਤੋਂ ਪੁੱਛੇ ਬਗ਼ੈਰ ਮੈਂ ਸਿੱਧਾ ਅੱਡੇ ਦੇ ਮੁੰਤਜ਼ਿਮ ਕੋਲ਼ ਗਿਆ ਜਿਹੜਾ ਇਮਾਰਤ ਦੇ ਬਰਾਂਡੇ ਵਿੱਚ ਕੁਰਸੀ ਡਾਹ ਕੇ ਹਿਸਾਬ-ਕਿਤਾਬ ਕਰ ਰਿਹਾ ਸੀ। ਮੈਂ ਉਹਨੂੰ ਦੱਸਿਆ, ਕਿਵੇਂ ਮੈਂ ਚਾਲ਼ੀਆਂ ਸਾਲਾਂ ਬਾਅਦ ਕੇਵਲ ਤਿੰਨ ਘੰਟੇ ਲਈ ਵਤਨ ਵੇਖਣ ਦੇ ਕਾਬਿਲ ਹੋਇਆ ਹਾਂ ਅਤੇ ਕਿਵੇਂ ਮੇਰੇ ਲਈ ਅੱਡੇ ਉੱਤੇ ਪੌਣਾ ਘੰਟਾ ਗੁਜ਼ਾਰਨਾ ਅਸਹਿ ਹੋ ਰਿਹਾ ਹੈ। ਇਸ ਆਦਮੀ ਨੇ ਵੀ ਉਹੋ ਗੱਲ ਕਹੀ ਜੋ ਮੋਹਨ ਲਾਲ ਜੀ ਨੇ ਕੱਲ੍ਹ ਆਖੀ ਸੀ, ''ਪਰ ਭੇਰੇ ਵਿੱਚ ਹੁਣ ਹੈ ਕੀ, ਜਿਸ ਨੂੰ ਵੇਖਣ ਟੁਰੀ ਜਾ ਰਹੇ ਹੋ?''

ਮੇਰੇ ਮੂੰਹੋਂ ਨਿਕਲ਼ਿਆ, ''ਕੀ ਕਰਾਂ ਜੀ, ਮਿੱਟੀ ਖਿੱਚ ਲਿਆਈ ਏ।''

ਉਹ ਅਵਾਕ ਜਿਹਾ ਹੋ ਕੇ ਮੇਰੇ ਵੱਲ ਵੇਖਣ ਲੱਗ ਪਿਆ। ਪਤਲੂਨ-ਕੋਟ ਵਾਲ਼ੇ ਆਦਮੀ ਦੇ ਮੂੰਹੋਂ ਉਹਨੂੰ ਅਜਿਹਾ ਵਾਕ ਸੁਣਨ ਦੀ ਉਮੀਦ ਨਹੀਂ ਸੀ, ਸ਼ਾਇਦ। ਪੰਦਰ੍ਹਾਂ ਮਿੰਟਾਂ ਦੇ ਅੰਦਰ-ਅੰਦਰ ਉਹਨੇ ਬੱਸ ਟੋਰ ਦਿੱਤੀ।

ਭੇਰੇ ਦਾ ਆਲ਼ਾ-ਦੁਆਲ਼ਾ ਮੈਨੂੰ ਕੀ ਯਾਦ ਹੋਣਾ ਸੀ ਪਰ ਉਹ ਇਤਨਾ ਸਰਸਬਜ਼ ਤੇ ਇਤਨਾ ਰਮਣੀਕ ਹੋਵੇਗਾ, ਇਸ ਦੀ ਮੈਨੂੰ ਕੋਈ ਕਲਪਨਾ ਨਹੀਂ ਸੀ। ਝੰਗ ਜਾਂ ਸਰਗੋਧਾ ਉਹਦੇ ਮੁਕਾਬਲੇ ਵਿੱਚ ਰੁੱਖੇ ਇਲਾਕੇ ਹਨ।

ਰੇਲਵੇ ਸਟੇਸ਼ਨ ਤੋਂ ਉੱਤਰ ਕੇ ਭੇਰੇ ਆਓ ਤਾਂ ਸਾਹਨੀਆਂ ਦਾ ਮੁਹੱਲਾ ਸਭ ਤੋਂ ਪਹਿਲਾਂ ਆਉਂਦਾ ਹੈ। ਪਰ ਬੱਸਾਂ ਦਾ ਅੱਡਾ ਸ਼ਹਿਰ ਦੇ ਪਿਛਲੇ ਦਰਵਾਜ਼ੇ ਉੱਪਰ ਬਣਿਆ ਹੈ ਜਿਸ ਨੂੰ ਸ਼ਾਇਦ ਅਸੀਂ ਬਲੋਚੀ ਦਰਵਾਜ਼ਾ ਆਖਦੇ ਸਾਂ। ਉਸ ਤੋਂ ਬਾਹਰ ਜਾਂਦਿਆਂ ਡਰੀਦਾ ਹੁੰਦਾ ਸੀ, ਜਿਵੇਂ ਉਸ ਤੋਂ ਪਾਰ ਕੋਈ ਦੂਜਾ ਈ ਮੁਲਕ ਹੋਵੇ।

ਮੇਰੇ ਸਾਥੀ ਇਹ ਵੇਖ ਕੇ ਹੱਕੇ-ਬੱਕੇ ਰਹਿ ਗਏ ਕਿ ਮੈਨੂੰ ਸ਼ਹਿਰ ਦੀ ਹਰ ਸੜਕ ਤੇ ਗਲ਼ੀ ਯਾਦ ਸੀ। ਏਸ ਬਲੋਚੀ ਦਰਵਾਜ਼ੇ ਅੰਦਰ ਵੜਦਿਆਂਸਾਰ ਮੇਰੀ ਪਹਿਲੀ ਪਛਾਣ ਭੇਰੇ ਦੀਆਂ ਵਿਸਰੀਆਂ ਖ਼ੁਸ਼ਬੋਆਂ ਨਾਲ਼ ਹੋਈ ਅਤੇ ਮੇਰੇ ਅੰਦਰ ਇੱਕ ਅਜੀਬ ਖ਼ੁਸ਼ੀ ਦੀ ਲਹਿਰ ਦੌੜ ਗਈ। ਦੁਲੰਗੜੇ ਮਾਰਦਾ ਮੈਂ ਸ਼ਹਿਰ ਦੇ ਦੂਜੇ ਸਿਰੇ ਗੰਜ-ਮੰਡੀ ਵਾਲ਼ੇ ਚੌਕ ਜਾ ਪੁੱਜਾ। ਮੈਨੂੰ ਥਾਣੇ ਦਾ ਵਾਕਿਆ ਵੀ ਯਾਦ ਹੈ। ਇੰਨਸਪੈੱਕਟਰ ਮੇਰੇ ਵਾਂਗ ਹੀ ਅਧਖੜ ਉਮਰ ਦਾ ਆਦਮੀ ਸੀ ਅਤੇ ਭੇਰੇ ਦੇ ਬਥੇਰੇ

ਸਾਹਨੀਆਂ ਨੂੰ ਜਾਣਦਾ ਸੀ, ਬੜੇ ਪਿਆਰ ਨਾਲ਼ ਪੇਸ਼ ਆਇਆ ਸਗੋਂ ਪਾਸਪੋਰਟ ਉੱਤੇ ਆਮਦ ਤੇ ਰੁਖ਼ਸਤ ਦੋਵਾਂ ਦੇ ਇੰਦਰਾਜ਼ ਇੱਕੋ ਸਮੇਂ ਕਰ ਦਿੱਤੇ ਤਾਂਜੋ ਦੁਬਾਰਾ ਕੋਤਵਾਲੀ ਆਉਣ ਦੀ ਸਾਨੂੰ ਲੋੜ ਨਾ ਪਵੇ।

''ਵੇਖਿਆ, ਮੈਂ ਨਾਲ਼ ਆਏ ਸਾਥੀਆਂ ਸਿਕੰਦਰ, ਸ਼ਾਕਿਰ ਅਤੇ ਮੁਸਤਹਿਮੀਨ ਨੂੰ ਕਿਹਾ, ''ਆਪਣੇ ਤੇ ਪਰਾਏ ਸ਼ਹਿਰ ਦਾ ਇਹ ਫ਼ਰਕ ਹੁੰਦਾ ਜੇ।''

ਉਹ ਵੀ ਤੇ ਇੰਨਸਪੈੱਕਟਰ ਵੀ ਖ਼ਾਮੋਸ਼ ਰਹੇ। ਮੈਂ ਆਪ ਜਾਣਦਾ ਸਾਂ, ਹੁਣ ਇਹ ਸ਼ਹਿਰ ਉਤਨਾ ਈ ਮੇਰਾ ਸੀ ਜਿਤਨੀ ਦਿੱਲੀ ਸਿਕੰਦਰ ਦੀ। ਪਰ ਮੈਂ ਸਿਆਣਿਆਂ ਬਣਨ ਦੇ ਰਉਂ ਵਿੱਚ ਨਹੀਂ ਸਾਂ। ਮੁੰਡਿਆਂ ਨੇ ਬਥੇਰਾ ਕਿਹਾ ਕਿ ਕਿਸੇ ਵਾਕਫ਼ਕਾਰ ਨੂੰ ਨਾਲ਼ ਲੈ ਲਈਏ ਪਰ ਮੈਂ ਇੱਕ ਨਾ ਮੰਨੀ। ਗੰਜ ਵਿੱਚੋਂ ਉਸੇ ਤਰ੍ਹਾਂ ਆਪਣੇ ਮੁਹੱਲੇ ਦੇ ਨੇੜੇ ਪੁੱਜ ਕੇ ਭੰਬਲ਼-ਭੂਸਿਆਂ ਵਿੱਚ ਪੈ ਗਿਆ। ਹਰ ਪਾਸੇ ਇਮਾਰਤਾਂ ਢਹਿ ਕੇ ਢੇਰੀ ਹੋਈਆਂ ਪਈਆਂ ਸਨ। ਹੁਲੀਆ ਸਾਰਾ ਬਦਲਿਆ ਪਿਆ ਸੀ।

ਸਾਡੀ ਗਲ਼ੀ ਦੀ ਨੁੱਕਰ ਉੱਤੇ ਇੱਕ ਖੂਹ ਹੁੰਦਾ ਸੀ। ਉਹਦੇ ਐਨ ਸਾਮ੍ਹਣੇ ਮੇਰੇ ਚਾਚਾ ਜੀ ਦਾ ਘਰ ਸੀ। ਮੋਕਲ਼ੇ ਜਿਹੇ ਗਲ਼ੀਆਂ ਦੇ ਮੇਲ਼ ਉੱਪਰ ਸਾਰਾ ਦਿਨ ਜ਼ਨਾਨੀਆਂ ਚਰਖੇ ਡਾਹ ਕੇ ਘੂਕਰ ਮਚਾਈ ਰੱਖਦੀਆਂ ਸਨ। ਮੇਰੇ ਚਾਚਾ ਜੀ ਦੇ ਘਰ ਦਾ ਦਰਵਾਜ਼ਾ ਪੁਰਾਣੇ ਢੰਗ ਦਾ ਸੀ। ਲੱਕੜੀ ਉੱਪਰ ਬਿਹਤਰੀਨ ਚੋਬਕਾਰੀ ਦਾ ਕੰਮ ਸੀ। ਬੜੀਆਂ ਮੁਸ਼ਕਲਾਂ ਨਾਲ਼ ਖੂਹ ਤਾਂ ਲੱਭ ਪਿਆ ਪਰ ਆਸ-ਪਾਸ ਨਾ ਕੋਈ ਗਲ਼ੀ, ਨਾ ਮਕਾਨ। ਇੰਜ ਜਾਪਿਆ, ਜਿਵੇਂ ਹੁਣੇ-ਹੁਣੇ ਕੋਈ ਹਵਾਈ ਹਮਲਾ ਹੋਇਆ ਹੈ ਅਤੇ ਹਰ ਪਾਸੇ ਮਲ਼ਬੇ ਦੇ ਢੇਰ ਲੱਗ ਗਏ ਹਨ। ਕੋਈ ਵਿਰਲੀ ਇਮਾਰਤ ਹੀ ਸਾਬਤ ਖੜ੍ਹੀ ਸੀ।

ਸਾਥੀਆਂ ਨੇ ਹਿੰਮਤ ਦਿਵਾਈ। ਪੁੱਛ-ਪੁਛਾ ਕੇ ਚੌਧਰੀ ਗ਼ੁਲਾਮ ਮੁਹੰਮਦ ਦਾ ਘਰ ਲੱਭਿਆ। ਥੋੜ੍ਹਾ ਚਿਰ ਉਡੀਕਣ ਤੋਂ ਬਾਅਦ ਉਹ ਬਾਹਰ ਆਏ। ਮੇਰੀ ਹੀ ਉਮਰ ਦੇ ਸਨ, ਵੇਖਦਿਆਂ ਸਾਰ ਮੈਨੂੰ ਉਹਨਾਂ ਦਾ ਬਚਪਨ ਦਾ ਰੂਪ ਵੀ ਚੇਤੇ ਆ ਗਿਆ। ਬਚਪਨ ਵਿੱਚ ਅਸੀਂ ਇਕੱਠੇ ਖੇਡੇ ਸੀ। ਮੈਂ ਉਹਨਾਂ ਨੂੰ ਆਪਣੀ ਪਛਾਣ ਕਰਵਾਈ। ਮੇਰੇ ਪਿਤਾ ਜੀ ਦਾ ਨਾਂ ਸੁਣਦਿਆਂਸਾਰ ਉਹ ਮੇਰੇ ਗਲ਼ ਨਾਲ਼ ਆ ਲੱਗੇ ਤੇ ਜ਼ਾਰੋ-ਜ਼ਾਰ ਰੋਣ ਲੱਗ ਪਏ। ਦਾਦੇ-ਪੋਤਰੇ ਭਰਾ ਸਾਂ, ਦੋਵੇਂ। ਇੱਕ ਖ਼ੂਨ ਪਰ ਵੰਡ ਤੋਂ ਬਾਅਦ ਉਹ ਮੁਸਲਮਾਨ ਹੋ ਗਏ ਸਨ, ਮੈਂ ਹਿੰਦੂ ਰਹਿ ਗਿਆ ਸਾਂ। ਉਹ ਪਾਕਿਸਤਾਨੀ ਸਨ, ਮੈਂ ਹਿੰਦੁਸਤਾਨੀ। ਸਾਡੀਆਂ ਜੁੜੀਆਂ ਹੋਈਆਂ ਬਾਂਹਵਾਂ ਤੇ ਛਾਤੀਆਂ ਦੇ ਵਿਚਕਾਰ ਇੱਕ ਖਾਈ ਸੀ—ਇਤਨੀ ਲੰਮੀ ਤੇ ਚੌੜੀ ਜਿਸ ਦਾ ਕੋਈ ਹਿਸਾਬ ਨਹੀਂ ਸੀ। ਇੱਕ-ਦੂਜੇ ਦੇ ਦਿਲ ਦੀਆਂ ਧੜਕਣਾਂ ਮਹਿਸੂਸ ਕਰਦੇ ਹੋਏ ਵੀ ਅਸੀਂ ਇਸ ਖਾਈ ਤੋਂ ਗਾਫ਼ਲ ਨਹੀਂ ਹੋ ਸਕੇ। ਇਸ ਅਕਲਪਿਤ ਪਰਿਸਥਿਤੀ ਨੇ ਮੈਨੂੰ ਇਤਨਾ ਬੌਂਦਲ਼ਾ ਛੱਡਿਆ ਕਿ ਮੈਨੂੰ ਰੋਣ ਵੀ ਨਹੀਂ ਆਇਆ।

ਫੇਰ ਉਹ ਸਾਨੂੰ ਘਰ ਦੇ ਅੰਦਰ ਲੈ ਗਏ। ਘਰ ਨਵਾਂ-ਨਵਾਂ ਬਣਾਇਆ ਸੀ। ਬਾਹਰ ਟਿੱਬਾ ਸੀ, ਜਿਵੇਂ ਸਾਡੇ ਘਰ ਦੇ ਸਾਮ੍ਹਣੇ ਹੁੰਦਾ ਸੀ। ਏਸ ਉੱਪਰੋਂ ਲੰਘਦੀ ਚਿੱਟਾ ਬੁਰਕਾ ਪਾਈ ਉਹਨਾਂ ਦੀ ਪਤਨੀ—ਮੇਰੀ ਭਾਬੀ ਮਕਾਨ ਦੇ ਪਿਛਵਾੜੇ ਚਲੀ ਗਈ। ਚੌਧਰੀ ਸਾਹਿਬ ਨੇ ਅੰਦਰ ਜਾ ਕੇ ਉਹਨੂੰ ਚਾਹ-ਪਾਣੀ ਦਾ ਆਹਰ ਕਰਨ ਲਈ ਕਿਹਾ। ਫੇਰ ਉਹਨਾਂ ਦਾ ਅਠਾਰਾਂ ਕੁ ਵਰ੍ਹਿਆਂ ਦਾ ਲੜਕਾ ਅੰਦਰ ਆਇਆ। ਅਨਵਰ ਨਾਂ ਸੀ, ਸ਼ਾਇਦ ਉਹਦਾ। ਉਹਨੇ ਮੇਰੇ ਪੈਰੀਂ ਹੱਥ ਲਾਇਆ। ਮੈਂ ਪਿੱਠ ਉੱਤੇ ਹੱਥ ਫੇਰ ਕੇ ਅਸੀਸਾਂ ਦਿੱਤੀਆਂ।

ਚਾਲ਼ੀ ਵਰ੍ਹੇ ਕੋਈ ਘੱਟ ਨਹੀਂ ਹੁੰਦੇ ਅਤੇ ਫੇਰ ਜਦੋਂ ਅਸਾਂ ਨਿੱਕਿਆਂ ਨੇ ਭੇਰੇ ਦਾ ਸਭ ਕੁਝ ਛੱਡ ਦਿੱਤਾ ਤਾਂ ਮਾਂ-ਪਿਓ ਨੇ ਇੱਥੇ ਆ ਕੇ ਕੀ ਕਰਨਾ ਸੀ? ਮੈਂ ਚੌਧਰੀ ਸਾਹਿਬ ਤੋਂ ਆਪਣੇ ਮਕਾਨ ਬਾਰੇ ਪੁੱਛਿਆ ਪਰ ਉਹਨਾਂ ਗੋਲ਼-ਮੋਲ਼ ਜਿਹਾ ਜੁਆਬ ਦਿੱਤਾ। ਹਕੀਕਤਨ ਉਹਨਾਂ ਨੂੰ ਯਾਦ ਨਹੀਂ ਸੀ ਰਿਹਾ ਕਿ ਚਾਚਿਆਂ -ਤਾਇਆਂ ਦੇ ਅਨੇਕਾਂ ਮਕਾਨਾਂ ਵਿੱਚੋਂ ਕਿਹੜਾ ਮੇਰੇ ਪਿਤਾ ਜੀ ਦਾ ਹੁੰਦਾ ਸੀ। ਪਰ ਉਹਨਾਂ ਦੀ ਏਸ ਬੇ-ਅਰਥ ਜਿਹੀ ਖ਼ਾਮੋਸ਼ੀ 'ਤੇ ਮੈਨੂੰ ਸ਼ੱਕ ਪੈਣ ਲੱਗ ਪਿਆ ਕਿ ਜਿਸ ਮਕਾਨ ਵਿੱਚ ਮੈਂ ਬੈਠਾ ਹੋਇਆ ਹਾਂ, ਇਹ ਸਾਡਾ ਮਕਾਨ ਹੈ। ਚੌਧਰੀ ਸਾਹਿਬ ਨੇ ਢੁਹਾ ਕੇ ਆਪਣੀ ਜ਼ਮੀਨ ਨਾਲ਼ ਰਲ਼ਾ

ਲਿਆ ਹੈ ਅਤੇ ਇਹ ਨਵੇਂ ਕਮਰੇ ਪਾ ਲਏ ਹਨ। ਮੂਹਰਲੇ ਟਿੱਬੇ ਨੂੰ ਵੇਖ-ਵੇਖ ਕੇ ਮੇਰਾ ਸ਼ੱਕ ਹੋਰ ਵੀ ਪੱਕਾ ਹੋਈ ਜਾ ਰਿਹਾ ਸੀ। ਪਰ ਮੈਨੂੰ ਇੰਜ ਹੋ ਜਾਣ ਦਾ ਰੰਜ ਕੋਈ ਨਹੀਂ ਸੀ ਮਹਿਸੂਸ ਹੋ ਰਿਹਾ ਸਗੋਂ ਬੜੀ ਤਸੱਲੀ ਸੀ ਕਿ ਖ਼ਾਨਦਾਨੀ ਚੀਜ਼ ਆਪਣੇ ਹੀ ਵੀਰ ਦੇ ਕੰਮ ਆ ਗਈ। ਪਰ ਮੇਰੇ ਸਾਥੀਆਂ ਨੂੰ ਮੇਰੇ ਦਿਲ ਵਿੱਚ ਉੱਠ ਰਹੀਆਂ ਦਲੀਲਾਂ ਦਾ ਕਿਵੇਂ ਇਲਮ ਹੋ ਸਕਦਾ ਹੈ? ਉਹ ਘੜੀ-ਮੁੜੀ ਵਕਤ ਦੀ ਤੰਗੀ ਵੱਲ ਇਸ਼ਾਰਾ ਕਰਦੇ ਅਤੇ ਕਹਿੰਦੇ, ''ਅਪਨਾ ਮਕਾਨ ਭੀ ਤੋ ਢੂੰਡੀਏ।'' ਮੈਂ ਉਹਨਾਂ ਨੂੰ ਟਾਲ਼ ਛੱਡਦਾ, ''ਨਹੀਂ, ਨਹੀਂ, ਅਪਨੇ ਭਾਈ ਸੇ ਮਿਲ ਲੀਯਾ ਹੈ, ਅਬ ਮੁਝੇ ਮਕਾਨ ਦੇਖ ਕੇ ਕਿਆ ਕਰਨਾ ਹੈ।''

ਚੌਧਰੀ ਸਾਹਿਬ ਨੇ ਆਪਣੇ ਪੁੱਤਰ ਨੂੰ ਕਿਹਾ, ''ਅਨਵਰ, ਜਾ ਹੁੱਥੋਂ ਦੋਸਤ ਮੁਹੰਮਦ ਨੂੰ ਸੱਦ ਲਿਆ ਮਤੇ ਉਸ ਨੂੰ ਖ਼ਬਰ ਹੋਵੇ।'' ਥੋੜ੍ਹੇ ਚਿਰ ਬਾਅਦ ਸੱਤਰਾਂ ਕੁ ਵਰ੍ਹਿਆਂ ਦਾ ਬੁੱਢਾ ਦੋਸਤ ਮੁਹੰਮਦ ਵੀ ਆ ਕੇ ਮੰਜੀ ਉੱਤੇ ਬਹਿ ਗਿਆ। ਉਸ ਨੇ ਸਿਰ ਉੱਤੇ ਚਿੱਟੀ ਪੱਗ ਬੰਨ੍ਹੀ ਹੋਈ ਸੀ, ਹੂ-ਬਹੂ ਉਸੇ ਤਰ੍ਹਾਂ ਦੀ ਜਿਵੇਂ ਮੇਰੇ ਪਿਤਾ ਜੀ ਬੰਨ੍ਹਦੇ ਸਨ। ਸ਼ਕਲ-ਸੂਰਤ, ਬੋਲ-ਚਾਲ ਵੀ ਉਹਨਾਂ ਨਾਲ਼ ਮਿਲ਼ਦੀ ਸੀ। ਇਹ ਦੋਸਤ ਮੁਹੰਮਦ ਅਨੇਕਾਂ ਵਰ੍ਹੇ ਦੀਵਾਨ ਦੇਸ ਰਾਜ ਸਾਹਨੀ ਹੋਰਾਂ ਦੀ ਦੇਖ-ਭਾਲ਼ ਕਰਦਾ ਰਿਹਾ ਸੀ। ਦੀਵਾਨ ਸਾਹਿਬ ਬੈਰਿਸਟਰ ਸਨ ਅਤੇ ਰਾਵਲਪਿੰਡੀ ਪ੍ਰੈੱਕਟਿਸ ਕਰਦੇ ਸਨ। ਉਹਨਾਂ ਦੇ ਲੜਕੇ ਨਾਲ ਮੇਰੀ ਭੂਆ ਦੀ ਧੀ ਵਿਆਹੀ ਸੀ। ਦੀਵਾਨ ਸਾਹਿਬ ਵੰਡਾਰੇ ਦੇ ਦਿਨ ਤੀਕ ਬਾਕਾਇਦਾ ਫੇਰਾ ਮਾਰਦੇ ਹੁੰਦੇ ਸਨ ਕਿਉਂਕਿ ਭੇਰੇ ਦੇ ਆਸ-ਪਾਸ ਉਹਨਾਂ ਦੀਆਂ ਜ਼ਮੀਨਾਂ ਵੀ ਸਨ। ਪਰ ਦੋਸਤ ਮੁਹੰਮਦ ਨੂੰ ਸਾਡਾ ਘਰ ਭੁੱਲ-ਭੁਲਾ ਗਿਆ ਸੀ ਕਿਉਂਕਿ ਮੇਰੇ ਪਿਤਾ ਜੀ ਘੱਟ-ਵੱਧ ਕਦੇ ਭੇਰੇ ਜਾਂਦੇ ਸਨ। ਜੇ ਮੈਂ ਹੋਰ ਵਿਸਤਾਰ ਨਾਲ਼ ਨਿਸ਼ਾਨੀਆਂ ਦੱਸਦਾ ਤਾਂ ਸ਼ਾਇਦ ਉਹਨੂੰ ਕੁਝ ਚੇਤੇ ਆ ਜਾਂਦਾ ਪਰ ਹਾਲਤ ਈ ਕੁਝ ਅਜੀਬ ਬਣੀ ਹੋਈ ਸੀ। ਇੱਕ ਪਾਸੇ ਗ਼ੁਲਾਮ ਮੁਹੰਮਦ ਕੁਰਸੀ ਉੱਪਰ ਨੀਵੀਂ ਪਾਈ ਲਗਾਤਾਰ ਰੋਈ ਜਾ ਰਿਹਾ ਸੀ। ਉੱਧਰ ਬੁੱਢੇ ਦੋਸਤ ਮੁਹੰਮਦ ਦੀਆਂ ਅੱਖਾਂ ਵਿੱਚੋਂ ਵੀ ਜਿਵੇਂ ਗੰਗਾ-ਜਮਨਾ ਵਹਿ ਤੁਰੀਆਂ ਸਨ। ਮੇਰੇ ਆਪਣੇ ਲਈ ਬੋਲਣਾ ਔਖਾ ਹੋ ਰਿਹਾ ਸੀ।

ਅਖ਼ੀਰ ਸਿਕੰਦਰ ਨੇ ਹਲੂਣ ਕੇ ਮੈਨੂੰ ਉਠਾ ਦਿੱਤਾ ਤੇ ਕਹਿਣ ਲੱਗਾ, ''ਚਲੀਏ, ਜਬ ਤਕ ਚਾਏ ਤੱਯਾਰ ਹੋਤੀ ਹੈ, ਏਕ ਬਾਹਰ ਕਾ ਚੱਕਰ ਲਗਾ ਆਤੇ ਹੈਂ।''

ਬੇਦਿਲੀ ਨਾਲ਼ ਮੈਂ ਫੇਰ ਗਲ਼ੀ ਵਿੱਚ ਆ ਗਿਆ। ਬਿਲਕੁਲ ਓਪਰੀ ਪਈ ਜਾਪਦੀ ਸੀ। ਯਕੀਨ ਨਹੀਂ ਸੀ ਆਉਂਦਾ ਮੈਂ ਇਸ ਗਲ਼ੀ ਵਿੱਚ ਖੇਡਦਾ ਹੁੰਦਾ ਸੀ। ਉਹ ਤਾਂ ਇਤਨੀ ਲੰਮੀ, ਖੁੱਲ੍ਹੀ ਤੇ ਸੋਹਣੀ ਹੁੰਦੀ ਸੀ, ਇਹ ਇਤਨੀ ਛੋਟੀ, ਭੀੜੀ ਤੇ ਕੋਝੀ।

ਸਿਕੰਦਰ ਨੇ ਮੈਨੂੰ ਇੱਕ ਸਿਰਿਓਂ ਦੂਜੇ ਸਿਰੇ ਤੀਕ ਦਾ ਚੱਕਰ ਮਾਰਨ ਲਈ ਕਿਹਾ। ਅਚਾਨਕ ਇੱਕ ਘਰ ਦੇ ਅੱਗੇ ਲੰਘਦਿਆਂ ਮੇਰੀ ਨਜ਼ਰ ਉਹਦੇ ਵਿਹੜੇ ਵਿੱਚ ਪਈ। ਮੈਂ ਖਲੋ ਗਿਆ ਤੇ ਕਿਹਾ, ''ਇਸ ਘਰ ਵਿੱਚ ਮੈਂ ਖੇਡਦਾ ਹੁੰਦਾ ਸਾਂ। ਮੈਨੂੰ ਚੰਗੀ ਤਰ੍ਹਾਂ ਯਾਦ ਏ। ਇਹਦੇ ਕੋਠੇ ਉੱਤੇ ਵੀ ਅਸੀਂ ਚੜ੍ਹਦੇ ਹੁੰਦੇ ਸਾਂ। ਇੱਥੇ ਮੇਰਾ ਦੋਸਤ ਰਹਿੰਦਾ ਹੁੰਦਾ ਸੀ।''

ਪੌੜੀਆਂ ਕੋਲ਼ ਇੱਕ ਗ਼ਰੀਬੜਾ ਜਿਹਾ ਆਦਮੀ ਚਾਦਰ ਵਲ੍ਹੇਟੀ ਪਿਆ ਹੋਇਆ ਸੀ। ਸਿਕੰਦਰ ਨੇ ਉਸ ਕੋਲ਼ੋਂ ਅੰਦਰ ਆਉਣ ਦੀ ਇਜਾਜ਼ਤ ਮੰਗ ਲਈ ਤੇ ਮੈਨੂੰ ਕਿਹਾ, ''ਜਾਈਏ ਅੰਦਰ, ਊਪਰ ਭੀ ਜਾਈਏ।''

''ਨਹੀਂ, ਅੰਦਰ ਜਾ ਕੇ ਕੀ ਲੈਣੈ?'' ਮੈਂ ਕਿਹਾ।

ਹੁਣ ਬਾਈਆਂ-ਤੇਈਆਂ ਵਰ੍ਹਿਆਂ ਦੇ ਸਿਕੰਦਰ ਨੇ ਮੈਨੂੰ ਗਲ਼ੀ ਵਿੱਚ ਖਲੋ ਕੇ ਇੰਜ ਡਾਂਟਿਆ, ਜਿਵੇਂ ਉਹ ਮੇਰਾ ਕੋਈ ਬਜ਼ੁਰਗ ਹੋਵੇ, ''ਸਾਹਨੀ ਸਾਹਿਬ, ਆਪ ਕੈਸੇ ਫ਼ਜ਼ੂਲ ਸੇ ਤਕੱਲਫ਼ਾਤ ਦਾ ਸ਼ਿਕਾਰ ਹੋ ਰਹੇ ਹੈਂ। ਹਮ ਭੀ ਆਪ ਕੀ ਤਰ੍ਹਾ ਹੈਂ। ਜਬ ਕਭੀ ਦਿੱਲੀ ਜਾਏਂ, ਅਪਨੇ ਛੋੜੇ ਹੂਏ ਘਰੋਂ ਕਾ ਕੋਨਾ-ਕੋਨਾ ਛਾਨ ਮਾਰਤੇ ਹੈਂ, ਚਾਹੇ ਕਿਸੀ ਕੋ ਕਿਤਨੀ ਭੀ ਤਕਲੀਫ਼ ਹੋ। ਆਪ ਨੇ ਯਹਾਂ ਰਹਿਨਾ ਥੋੜੇ ਹੈ ਕਿ ਹਰ ਕਿਸੀ ਕਾ ਇਤਨਾ ਲਿਹਾਜ਼ ਕੀਏ ਜਾ ਰਹੇ ਹੋ? ਦੋ ਘੰਟੇ ਬਾਅਦ ਆਪ ਕੋ ਯਹਾਂ ਸੇ ਚਲੇ ਜਾਨਾ ਹੈ ਔਰ ਫਿਰ ਆਪ ਕੋ ਖ਼ੁਦਾ ਜਾਨੇ ਕਭੀ ਇਧਰ ਆਨਾ ਨਸੀਬ ਭੀ ਹੋ ਯਾ ਨਾ ਹੋ। ਯਿਹ

ਸੁਸਤੀ ਛੋੜੀਏ ਔਰ ਏਕ ਜਗਾਹ ਬੈਠ-ਬੈਠ ਕੇ ਵਕਤ ਗਂਵਾਨੇ ਕੀ ਬਜਾਏ ਜਿਤਨਾ ਘੂੰਮ ਸਕਤੇ ਹੈਂ, ਦੇਖੀਏ। ਬਰਾਏ ਮਿਹਰਬਾਨੀ ਜਾਈਏ ਊਪਰ।''

ਕਿਤਨਾ ਸੁਆਦ ਮਿਲ਼ਿਆ ਉਹਨਾਂ ਪੌੜੀਆਂ ਉੱਪਰ ਦੁਬਾਰਾ ਪੈਰ ਰੱਖ ਕੇ। ਉੱਪਰ ਕੋਠੇ ਉੱਤੇ ਪੁੱਜੇ ਤਾਂ ਐਨ ਆਪਣੀਆਂ ਅੱਖਾਂ ਸਾਮ੍ਹਣੇ ਦੂਰ ਮੈਨੂੰ ਆਪਣੇ ਘਰ ਦਾ ਉੱਪਰਲਾ ਸੁਫ਼ਾ ਸਾਫ਼ ਦਿਸ ਪਿਆ। ਉਹਦੇ ਸੱਜੇ ਪਾਸੇ ਵਾਲ਼ੀ ਰਸੋਈ ਦਿਸ ਪਈ ਅਤੇ ਮੈਂ ਚੀਕ ਉੱਠਿਆ, ''ਔਹ, ਔਹ ਸਾਡਾ ਘਰ। ਉਸ ਕਮਰੇ ਵਿੱਚ ਮੇਰੀ ਭੈਣ ਦੀ ਕੁੜਮਾਈ ਹੋਈ ਸੀ। ਔਹ ਸਾਡੀ ਰਸੋਈ।''

ਉਸ ਵੇਲੇ ਖ਼ੌਰੇ ਅੰਦਰ ਕਿਹੜਾ ਜੁਆਲਾਮੁਖੀ ਫੁੱਟਿਆ। ਰੋਂਦਾ ਤੇ ਘਰਕਦਾ ਮੈਂ ਮਿੱਟੀ-ਪੋਚੇ ਫ਼ਰਸ਼ ਉੱਪਰ ਢੇਰ ਹੋ ਗਿਆ। ਉਹ ਲੋਕ ਦਿਲਾਸਾ ਦੇਣ ਲਈ ਆਏ। ਮੈਂ ਬੋਲੀ ਜਾ ਰਿਹਾ ਸਾਂ, ''ਮੈਨੂੰ ਛੱਡ ਦਿਓ। ਮੈਂ ਘਰ ਨੂੰ ਵੇਖ ਕੇ ਨਹੀਂ ਰੋ ਰਿਹਾ। ਮੈਨੂੰ ਭੈਣ ਯਾਦ ਆ ਰਹੀ ਏ, ਜਿਹੜੀ ਮਰ ਚੁੱਕੀ ਏ। ਰੱਬਾ, ਮੇਰੀ ਭੈਣ ਮੋੜ ਦੇ....ਰੱਬਾ ਮੇਰੀ ਭੈਣ ਮੋੜ ਦੇ.....''

ਆਪਣੇ-ਆਪ ਉੱਤੇ ਸ਼ਰਮ ਵੀ ਆ ਰਹੀ ਸੀ। ਇਹ ਮੈਂ ਕੀ ਕਰ ਰਿਹਾ ਹਾਂ। ਓਪਰੇ ਦੇਸ, ਓਪਰੀ ਥਾਂ, ਓਪਰੇ ਬੰਦਿਆਂ ਦੀ ਮੌਜੂਦਗੀ ਵਿੱਚ। ਪਰ ਮੈਨੂੰ ਆਪਣੇ-ਆਪ ਉੱਪਰ ਕੋਈ ਕਾਬੂ ਨਹੀਂ ਸੀ।

## ਅਰਥਾਵਲੀ :

**ਜਜ਼ਬਿਆਂ** - ਭਾਵਨਾਵਾਂ, ਤੀਬਰ ਇੱਛਾਵਾਂ। **ਮੁਹਿੰਮ** - ਬਹੁਤ ਔਖਾ ਜਾਂ ਜ਼ਰੂਰੀ ਕੰਮ। **ਤੂਤਣੀਆਂ** - ਇੱਕ ਪ੍ਰਕਾਰ ਦੇ ਛੋਟੇ ਵਾਜੇ। **ਮੁੰਤਜ਼ਿਮ** - ਇੰਤਜ਼ਾਮ ਕਰਨ ਵਾਲ਼ੇ, ਪ੍ਰਬੰਧਕ। **ਵਤਨ** - ਉਹ ਮੁਲਕ ਜਾਂ ਦੇਸ, ਜਿੱਥੋਂ ਦਾ ਕੋਈ ਵਾਸੀ ਹੋਵੇ। **ਅਵਾਕ** - ਗੁੰਮ-ਸੁੰਮ, ਬੇਜ਼ਬਾਨ, ਖ਼ਾਮੋਸ਼। **ਦੁਲੰਗੜੇ** - ਦੁੜੰਗੇ, ਛਾਲ਼ਾਂ, ਛੜੱਪੇ। **ਆਮਦ** - ਆਉਣ ਦਾ ਭਾਵ। **ਰੁਖ਼ਸਤ** - ਵਿਦਾਇਗੀ, ਛੁੱਟੀ। **ਕੋਤਵਾਲੀ** - ਵੱਡਾ ਥਾਣਾ। **ਮੋਕਲੇ** - ਖੁੱਲ੍ਹੇ, ਵੱਡੇ, ਚੌੜੇ। **ਘੂਕਰ** - ਘੂੰ-ਘੂੰ ਦੀ ਅਵਾਜ਼, ਘੁੰਮਦੇ ਗੋਲ਼ ਪਹੀਏ ਦੀ ਅਵਾਜ਼। **ਮਲ਼ਬਾ** - ਢੱਠੇ ਹੋਏ ਘਰ ਦਾ ਇੱਟਾਂ, ਮਿੱਟੀ ਅਤੇ ਕੂੜੇ ਆਦਿ ਦਾ ਢੇਰ। **ਜ਼ਾਰੋ - ਕਤਾਰ**- ਜ਼ਾਰੋ-ਜਾਰ, ਬਹੁਤ, ਬੇਹੱਦ। **ਪਰਿਸਥਿਤੀ** - ਹਾਲਤ। **ਬੌਂਦਲ਼ਾ ਛੱਡਿਆ** - ਮੱਤ ਮਾਰ ਦਿੱਤੀ। **ਹੁੱਥੋਂ** - ਉੱਥੋਂ। **ਤਕੱਲਫ਼ਾਤ** - ਦੁੱਖ, ਕਸ਼ਟ। **ਸੁਫ਼ਾ** - ਘਰ ਦੇ ਦਰਵਾਜ਼ੇ ਲਾਗੇ ਇੱਕ ਕਿਸਮ ਦੀ ਡਿਓੜ੍ਹੀ ਜਿਸ ਵਿੱਚ ਬੈਠਦੇ ਹਨ, **ਦਲਾਨ** - ਦੋ ਤਿੰਨ ਜਾਂ ਚਾਰ ਕੋਠੜੀਆਂ ਦੇ ਅੱਗੇ ਇੱਕ ਸਾਂਝਾ ਕਮਰਾ।

## ਪਾਠ - ਅਭਿਆਸ

1. ਲੇਖਕ ਭੇਰੇ ਜਾਣ ਲਈ ਕਿਉਂ ਉਤਾਵਲਾ ਹੈ?
2. ਬੱਸ-ਅੱਡੇ ਦਾ ਪ੍ਰਬੰਧਕ ਅਤੇ ਥਾਣੇ ਦਾ ਇਨਸਪੈਕਟਰ ਲੇਖਕ ਨਾਲ਼ ਕਿਵੇਂ ਪੇਸ਼ ਆਏ?
3. ਭੇਰਾ ਸ਼ਹਿਰ ਵਿੱਚ ਖੁਖਰਾਨ ਬਰਾਦਰੀ ਵਾਲ਼ਿਆਂ ਦੇ ਕਿਹੜੇ-ਕਿਹੜੇ ਮਹੱਲੇ ਸਨ?
4. 'ਕੀ ਕਰਾਂ ਜੀ, ਮਿੱਟੀ ਖਿੱਚ ਲਿਆਈ ਏ', ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ?
5. ਲੇਖਕ ਨੂੰ ਆਪਣੀ ਗਲ਼ੀ ਦਾ ਦ੍ਰਿਸ਼ ਦੇਖ ਕੇ ਕਿਵੇਂ ਮਹਿਸੂਸ ਹੋਇਆ?
6. ਚੌਧਰੀ ਗ਼ੁਲਾਮ ਮੁਹੰਮਦ ਦਾ ਲੇਖਕ ਨਾਲ਼ ਕੀ ਰਿਸ਼ਤਾ ਸੀ?
7. ਲੇਖਕ ਆਪਣੇ ਘਰ ਨੂੰ ਵੇਖਣ ਸਮੇਂ ਕਿਉਂ ਆਪਾ ਗੁਆ ਬੈਠਿਆ?

*ਬਲਰਾਜ ਸਾਹਨੀ ਦੀ ਪੁਸਤਕ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਸਕੂਲ-ਲਾਇਬ੍ਰੇਰੀ 'ਚੋਂ ਲੈ ਕੇ ਪੜ੍ਹੋ।*

# ਡਾ. ਟੀ. ਆਰ. ਸ਼ਰਮਾ

## (1925-2009)

ਡਾ. ਟੀ. ਆਰ. ਸ਼ਰਮਾ ਦਾ ਜਨਮ 25 ਜੁਲਾਈ, 1925 ਈ. ਨੂੰ ਪਿਤਾ ਪੰਡਤ ਕਿਸ਼ਨ ਚੰਦ ਤੇ ਮਾਤਾ ਰਤਨ ਦੇਵੀ ਦੇ ਘਰ ਟੈੱਕਸਲਾ, ਜ਼ਿਲ੍ਹਾ ਰਾਵਲਪਿੰਡੀ (ਪਾਕਿਸਤਾਨ) ਵਿਖੇ ਹੋਇਆ।

ਡਾ. ਟੀ. ਆਰ. ਸ਼ਰਮਾ ਪ੍ਰਸਿੱਧ ਸਿੱਖਿਆ-ਸਾਸ਼ਤਰੀ ਸਨ। ਉਹ ਲੰਮਾ ਸਮਾਂ ਇੱਕ ਅਧਿਆਪਕ ਦੇ ਅਹੁਦੇ 'ਤੇ ਰਹੇ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ ਦੇ ਐਜੂਕੇਸ਼ਨ ਵਿਭਾਗ ਦੇ ਮੁਖੀ ਰਹੇ ਤੇ ਡੀਨ ਵਜੋਂ ਸੇਵਾ-ਮੁਕਤ ਹੋਏ। ਆਪ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਅਕਾਦਮਿਕ ਕੌਂਸਲ ਦੇ ਮੈਂਬਰ ਵੀ ਰਹੇ।

ਉਹਨਾਂ ਦਾ ਅਨੁਭਵ-ਖੇਤਰ ਵਿਸ਼ਾਲ ਸੀ। ਉਹਨਾਂ ਦੀ ਵਾਰਤਕ ਰਸੀਲੇ ਤੇ ਕਲਾਮਈ ਢੰਗ ਨਾਲ਼ ਪਾਠਕਾਂ ਦੇ ਮਨਾਂ ਵਿੱਚ ਆਦਰਸ਼, ਆਸ ਤੇ ਸਾਹਸ ਦੀ ਜੋਤ ਜਗਾਉਣ ਦੇ ਸਮਰੱਥ ਹੈ। ਉਹਨਾਂ ਦੇ ਲੇਖਾਂ ਵਿੱਚ ਖ਼ੁਸ਼ਹਾਲ ਤੇ ਉਸਾਰੂ ਸਮਾਜ ਦੀ ਝਲਕ ਪ੍ਰਤੱਖ ਨਜ਼ਰ ਆਉਂਦੀ ਹੈ। ਆਪ ਦੀਆਂ ਪੁਸਤਕਾਂ ਦੀ ਗਿਣਤੀ ਕਾਫ਼ੀ ਹੈ, ਕੁਝ ਇਹ ਹਨ- 'ਛਿੱਕਾ ਵੀ ਗਿਆ, ਚਿੜੀ ਵੀ ਗਈ', 'ਕੀ ਹੈ ਜ਼ਿੰਦਗੀ? ', 'ਜ਼ਮੀਰ ਤੇ ਹੋਰ ਲੇਖ', 'ਚੰਗੇਰੇ ਜੀਵਨ ਲਈ ਪ੍ਰੇਰਨਾ', 'ਖ਼ੁਸ਼ੀ ਦੀ ਭਾਲ ਵਿੱਚ' 'ਹੱਸਦੇ ਚਿਹਰੇ', 'ਪੂਰੇ ਚੰਦ ਦਾ ਜਾਦੂ' 'ਪੰਜਾਬੀ ਦੀਆਂ ਜੜ੍ਹਾਂ ਵਿੱਚ ਗੰਗਾ-ਜਲ', ਛੋਟੀਆਂ-ਛੋਟੀਆਂ ਕੀੜੀਆਂ ਵੱਡੇ-ਵੱਡੇ ਵਿਚਾਰ', 'ਕਬੀਰਾ ਖੜਾ ਬਾਜ਼ਾਰ ਮੇਂ ਸਭ ਕੀ ਮਾਂਗੇ ਖ਼ੈਰ', 'ਪੁਰਾਣੇ ਰਸਤਿਆਂ ਦੇ ਨਵੇਂ ਰਾਹੀ ਬਣੋ, 'ਜ਼ਿੰਦਗੀ ਪੁੱਛਦੀ ਹੈ' ਆਪ ਦੀਆਂ ਪ੍ਰਸਿੱਧ ਪੁਸਤਕਾਂ ਹਨ।

ਆਪ ਨੂੰ ਭਾਸ਼ਾ ਵਿਭਾਗ ਵੱਲੋਂ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ, ਮਿਲੇਨੀਅਮ ਸਮਾਜਿਕ ਵਿਗਿਆਨੀ ਪੁਰਸਕਾਰ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਪੁਰਸਕਾਰ, ਲਛਮਣ ਸਿੰਘ ਗਿੱਲ ਪੰਜਾਬੀ ਪ੍ਰੋਤਸਾਹਨ ਪੁਰਸਕਾਰ, ਸਰਬੋਤਮ ਅਧਿਆਪਕ ਐਵਾਰਡ ਮਿਲ਼ੇ। ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਆਜੀਵਨ-ਕਾਲ ਫੈਲੋਸ਼ਿਪ ਪ੍ਰਦਾਨ ਕੀਤੀ। ਆਪ 2009 ਵਿੱਚ ਅਕਾਲ ਚਲਾਣਾ ਕਰ ਗਏ।

## ਖ਼ੁਸ਼ੀਆਂ ਆਪੇ ਨਹੀਂ ਆਉਂਦੀਆਂ

ਖ਼ੁਸ਼ੀਆਂ ਰੁੱਖਾਂ ਦੇ ਪੱਤੇ ਨਹੀਂ ਹਨ ਜੋ ਆਪੇ ਹੀ ਰੁੱਖਾਂ ਨੂੰ ਲੱਗ ਜਾਂਦੇ ਹਨ, ਨਾ ਹੀ ਉਹ ਗਰਮੀਆਂ ਜਾਂ ਸਰਦੀਆਂ ਦੇ ਮੌਸਮ ਹਨ ਜੋ ਆਪੇ ਹੀ ਆਪਮੁਹਾਰੇ ਆ ਜਾਂਦੇ ਹਨ, ਖ਼ੁਸ਼ੀਆਂ ਨੂੰ ਤਾਂ ਬੁਲਾਉਣਾ ਪੈਂਦਾ ਹੈ, ਹਾਕਾਂ ਮਾਰਨੀਆਂ ਪੈਂਦੀਆਂ ਹਨ, ਉਹਨਾਂ ਦੇ ਆਉਣ ਦਾ ਰਸਤਾ ਬਣਾਉਣਾ ਪੈਂਦਾ ਹੈ, ਉਹਨਾਂ ਦੇ ਆਉਣ ਦੀ ਤਿਆਰੀ ਕਰਨੀ ਪੈਂਦੀ ਹੈ। ਜਿਹੋ-ਜਿਹੀ ਖੁਸ਼ੀ ਦੀ ਲੋੜ ਹੋਵੇ, ਮਿੰਟ-ਦੋ ਮਿੰਟ ਦੀ ਖ਼ੁਸ਼ੀ, ਨਿੱਕੀ ਜਾਂ ਵੱਡੀ ਖ਼ੁਸ਼ੀ, ਨਿੱਜੀ ਜਾਂ ਪਰਿਵਾਰਿਕ ਜਾਂ ਸਮੂਹਿਕ ਖ਼ੁਸ਼ੀ, ਦੁਨਿਆਵੀ ਜਾਂ ਰੂਹਾਨੀ ਖ਼ੁਸ਼ੀ, ਉਹੋ-ਜਿਹੀ ਹੀ ਖ਼ੁਸ਼ੀ ਨੂੰ ਪ੍ਰਾਪਤ ਕਰਨ ਦਾ ਹੀਲਾ ਕਰਨਾ ਪੈਂਦਾ ਹੈ ਤੇ ਉਹੋ-ਜਿਹਾ ਹੀ ਖ਼ੁਸ਼ੀ ਨੂੰ ਬੁਲਾਵਾ ਦੇਣਾ ਪੈਂਦਾ ਹੈ।

ਮਨੁੱਖ ਨੂੰ ਨਿੱਕੀਆਂ-ਨਿੱਕੀਆਂ ਗੱਲਾਂ, ਨਿੱਕੇ-ਨਿੱਕੇ ਰਿਸ਼ਤੇ ਹੀ ਵੱਡੀਆਂ-ਵੱਡੀਆਂ ਖ਼ੁਸ਼ੀਆਂ ਦੇ ਸਕਦੇ ਹਨ। ਕਿਸੇ ਰੋਂਦੇ ਬੱਚੇ ਨੂੰ ਚੁੱਪ ਕਰਵਾਉਣ ਵਿੱਚ, ਕਿਸੇ ਲੋੜਵੰਦ ਮੰਗਤੇ ਨਾਲ਼ ਪ੍ਰੇਮ ਨਾਲ਼ ਗੱਲ ਕਰਨ ਵਿੱਚ ਜਾਂ ਉਸ ਨੂੰ ਵਿੱਤੀ ਸਹਾਇਤਾ ਦੇਣ

ਵਿੱਚ, ਕੁੱਤੇ ਨੂੰ ਰੋਟੀ ਦਾ ਟੁਕੜਾ ਪਾਉਣ ਵਿੱਚ ਜਾਂ ਕੀੜੀਆਂ ਨੂੰ ਤਿਲ਼-ਚੌਲ਼ੀ ਪਾਉਣ ਵਿੱਚ, ਕੋਈ ਬੂਟਾ ਜਾਂ ਪੌਦਾ ਲਾਉਣ ਵਿੱਚ, ਕਿਸੇ ਅਨਪੜ੍ਹ ਨੂੰ ਆਈ ਚਿੱਠੀ ਪੜ੍ਹਨ ਵਿੱਚ ਜਾਂ ਕਿਸੇ ਦੀ ਅਰਜ਼ੀ ਦਾ ਖਰੜਾ ਤਿਆਰ ਕਰਨ ਵਿੱਚ, ਕਿਸੇ ਦੀ ਗੰਢ ਉਸ ਦੇ ਸਿਰ ਉੱਤੇ ਰੱਖਣ ਵਿੱਚ ਉਸ ਦੀ ਸਹਾਇਤਾ ਕਰਨ ਵਿੱਚ, ਕਿਸੇ ਮਰੀਜ਼ ਦੀ ਦਵਾਈ ਲਿਆਉਣ ਵਿੱਚ, ਮੰਦਰ ਜਾਂ ਗੁਰਦਵਾਰੇ ਜਾਣ ਵਿੱਚ, ਰੱਬ ਦਾ ਨਾਂ ਲੈਣ ਵਿੱਚ ਜਾਂ ਅਜਿਹਾ ਕੋਈ ਛੋਟਾ ਜਿੰਨਾ ਕੰਮ ਕਰਨ ਵਿੱਚ ਵੀ ਇੱਕ ਵਚਿੱਤਰ ਕਿਸਮ ਦੀ ਖ਼ੁਸ਼ੀ ਹੁੰਦੀ ਹੈ। ਅਜਿਹੀ ਖ਼ੁਸ਼ੀ ਨੂੰ ਪ੍ਰਾਪਤ ਕਰਨਾ ਔਖਾ ਨਹੀਂ ਹੁੰਦਾ, ਇਸ ਨੂੰ ਪ੍ਰਾਪਤ ਕਰਨਾ ਚਾਹੀਦਾ ਹੈ ਤੇ ਵਾਰ-ਵਾਰ ਪ੍ਰਾਪਤ ਕਰਨਾ ਚਾਹੀਦਾ ਹੈ।

ਮਿੱਠਾ ਬੋਲਣਾ, ਬੱਚਿਆਂ ਦਾ ਆਦਰ ਕਰਨਾ, ਉਹਨਾਂ ਨਾਲ਼ ਹੱਸ ਕੇ ਗੱਲ ਕਰਨਾ, ਉਹਨਾਂ ਨਾਲ ਖੇਡਣਾ, ਉਹਨਾਂ ਦੀਆਂ ਗੱਲਾਂ ਸੁਣਨਾ, ਉਹਨਾਂ ਦੇ ਪ੍ਰਸ਼ਨਾਂ ਦੇ ਉੱਤਰ ਦੇਣਾ ਵੀ ਖ਼ੁਸ਼ੀ ਪ੍ਰਾਪਤ ਕਰਨ ਦਾ ਸਾਧਨ ਹੈ।

ਮੈਂ ਕਈ ਪਰਿਵਾਰਾਂ ਨੂੰ ਜਾਣਦਾ ਹਾਂ ਜਿਨ੍ਹਾਂ ਵਿੱਚ ਘੁਟਿਆ-ਘੁਟਿਆ ਮਾਹੌਲ ਹੁੰਦਾ ਹੈ, ਮੂੰਹ ਸੁੱਜੇ ਹੀ ਰਹਿੰਦੇ ਹਨ, ਪਤੀ-ਪਤਨੀ ਦਾ ਕਿਸੇ ਨਾ ਕਿਸੇ ਮਸਲੇ ’ਤੇ ਤਕਰਾਰ ਹੁੰਦਾ ਹੀ ਰਹਿੰਦਾ ਹੈ, ਅਜਿਹੇ ਬੰਦੇ ਆਪ ਤਾਂ ਪਰੇਸ਼ਾਨ ਹੁੰਦੇ ਹੀ ਹਨ, ਨਾਲ਼ ਬੱਚਿਆਂ ਨੂੰ ਵੀ ਪਰੇਸ਼ਾਨ ਕਰਦੇ ਹਨ, ਨਾ ਉਹ ਚੱਜ ਨਾਲ਼ ਚਾਹ ਪੀਂਦੇ ਹਨ, ਨਾ ਖਾਣਾ ਖਾਂਦੇ ਹਨ, ਨਾ ਕੱਪੜੇ ਪਾਉਂਦੇ ਹਨ, ਨਾ ਕੋਈ ਘਰ ਦਾ ਕੰਮ ਕਰ ਸਕਦੇ ਹਨ, ਗ਼ੁੱਸਾ ਹਮੇਸ਼ਾਂ ਮੂੰਹ, ਹੱਥਾਂ, ਹਰਕਤਾਂ, ਕੰਮ ਕਰਨ ਦੇ ਤਰੀਕੇ ਅਤੇ ਭਾਸ਼ਾ ਦੀ ਵਰਤੋਂ ਰਾਹੀਂ ਪ੍ਰਗਟ ਹੁੰਦਾ ਰਹਿੰਦਾ ਹੈ। ਗੱਲ ਕੁਝ ਵੀ ਨਹੀਂ ਹੁੰਦੀ, ਜੇ ਪਤੀ-ਪਤਨੀ ਅਰਾਮ ਨਾਲ਼ ਬਹਿ ਕੇ ਸ਼ਾਂਤੀ ਨਾਲ਼ ਸਮੱਸਿਆ ਦਾ ਹੱਲ ਕਰ ਲੈਣ ਤਾਂ ਮਾਹੌਲ ਨੂੰ ਖ਼ੁਸ਼ਗਵਾਰ ਬਣਾਇਆ ਜਾ ਸਕਦਾ ਹੈ, ਹਾਸਿਆਂ ਅਤੇ ਖ਼ੁਸ਼ੀਆਂ ਨੂੰ ਬੁਲਾਇਆ ਜਾ ਸਕਦਾ ਹੈ। ਕੋਈ ਵੀ ਇਨਸਾਨ ਮੁਸਕਰਾਉਂਦਾ ਜਾਂ ਹੱਸਦਾ ਪੈਦਾ ਨਹੀਂ ਹੁੰਦਾ, ਹੱਸਣ ਅਤੇ ਮੁਸਕਰਾਉਣ ਦੀ ਆਦਤ ਪਾਉਣੀ ਪੈਂਦੀ ਹੈ ਅਤੇ ਇਹ ਆਦਤ ਪਾਈ ਜਾ ਸਕਦੀ ਹੈ। ਸਾਡੇ ਆਂਢ-ਗੁਆਂਢ ਵਿੱਚ, ਦਫ਼ਤਰ, ਸਕੂਲ, ਕਾਰਖ਼ਾਨੇ ਆਦਿ ਵਿੱਚ ਕੁਝ ਕੁ ਬੰਦੇ ਜ਼ਰੂਰ ਮਿਲ਼ ਜਾਂਦੇ ਹਨ ਜੋ ਹਮੇਸ਼ਾਂ ਹੀ ਖਿੜੇ ਰਹਿੰਦੇ ਹਨ, ਗੰਭੀਰ ਤੋਂ ਗੰਭੀਰ ਅੜਚਨ ਵੇਲ਼ੇ ਵੀ ਉਹਨਾਂ ਦੇ ਮੂੰਹ ’ਤੇ ਚਿੰਤਾ ਜਾਂ ਗ਼ਮ ਦੀਆਂ ਲਕੀਰਾਂ ਨਹੀਂ ਖਿੱਚੀਆਂ ਜਾਂਦੀਆਂ। ਇਹ ਵੀ ਅਚੰਭਾ ਹੀ ਜਾਪਦਾ ਹੈ ਕਿ ਉਹ ਹੱਸਦੇ-ਖੇਡਦੇ ਹੀ ਔਕੜਾਂ ਦਾ ਹੱਲ ਕਰ ਲੈਂਦੇ ਹਨ। ਉਹ ਜੰਮਦੇ ਹੀ ਅਜਿਹੇ ਨਹੀਂ ਸਨ। ਉਹਨਾਂ ਨੇ ਹੱਸਣ ਜਾਂ ਮੁਸਕਰਾਉਣ ਦੀ, ਮੁਸੀਬਤਾਂ ਅਤੇ ਔਕੜਾਂ ਨਾਲ਼ ਖਿੜੇ ਮੱਥੇ ਘੁਲ਼ਨ ਦੀ ਆਦਤ ਪਾਈ ਹੁੰਦੀ ਹੈ। ਉਹਨਾਂ ਕੋਲ਼ੰ ਢੇਰ ਸਾਰੇ ਲਤੀਫ਼ੇ ਹੁੰਦੇ ਹਨ, ਬਹੁਤ ਸਾਰੇ ਸ਼ਿਅਰ ਹੁੰਦੇ ਹਨ, ਕਈ ਨਿੱਕੀਆਂ-ਨਿੱਕੀਆਂ ਹਾਸੇ ਦੀਆਂ ਫੁਲਝੜੀਆਂ ਹੁੰਦੀਆਂ ਹਨ ਜਿਨ੍ਹਾਂ ਦੀ ਉਹ ਅਕਸਰ ਵਰਤੋਂ ਕਰਦੇ ਰਹਿੰਦੇ ਹਨ। ਉਹਨਾਂ ਵੱਲ ਵੇਖ ਕੇ ਭੁਲੇਖਾ ਪੈਂਦਾ ਹੈ ਕਿ ਇਹਨਾਂ ਨੂੰ ਕਦੇ ਕੋਈ ਮੁਸੀਬਤ ਆਉਂਦੀ ਹੀ ਨਹੀਂ, ਕੋਈ ਵੀ ਔਕੜ ਦਾ ਇਹ ਸਾਮ੍ਹਣਾ ਹੀ ਨਹੀਂ ਕਰਦੇ, ਇਸੇ ਕਰਕੇ ਇਹ ਹਮੇਸ਼ਾਂ ਖ਼ੁਸ਼ ਰਹਿੰਦੇ ਹਨ। ਨਹੀਂ, ਗੱਲ ਇਉਂ ਨਹੀਂ ਹੁੰਦੀ। ਮੁਸੀਬਤਾਂ ਇਹਨਾਂ ਨੂੰ ਵੀ ਪੈਂਦੀਆਂ ਹਨ, ਬਿਜਲੀਆਂ ਇਹਨਾਂ ਉੱਤੇ ਵੀ ਡਿਗਦੀਆਂ ਹਨ ਪਰ ਇਹ ਘਬਰਾਉਂਦੇ ਨਹੀਂ, ਰੋਣਾ-ਪਿੱਟਣਾ ਨਹੀਂ ਪਾ ਬਹਿੰਦੇ ਸਗੋਂ ਹੱਸਦੇ-ਖੇਡਦੇ ਗੰਢਾਂ ਖੋਲ੍ਹ ਲੈਂਦੇ ਹਨ। ਹਰ ਬਸ਼ਰ ਅਜਿਹਾ ਕਰ ਸਕਦਾ ਹੈ, ਬੱਸ ਥੋੜ੍ਹਾ ਜਿੰਨਾ ਸੋਚ ਅਤੇ ਯੋਜਨਾਬੰਦੀ ਤੋਂ ਕੰਮ ਲੈਣ ਦੀ ਲੋੜ ਹੁੰਦੀ ਹੈ।

ਸਾਡੇ ਵੱਡੇ-ਵਡੇਰਿਆਂ ਨੇ ਘਰਾਂ, ਪਰਿਵਾਰਾਂ ਅਤੇ ਸਮਾਜ ਵਿੱਚ ਖ਼ੁਸ਼ੀਆਂ ਨੂੰ ਸੱਦਾ ਦੇਣ ਦੇ ਕਈ ਢੰਗ ਕੱਢੇ ਹੋਏ ਸਨ। ਉਹਨਾਂ ਵਿੱਚੋਂ ਕੁਝ ਕੁ ਰਸਮਾਂ, ਰੀਤਾਂ, ਮੇਲਿਆਂ, ਸਮਾਗਮਾਂ, ਸਮਾਜਿਕ ਤੇ ਧਾਰਮਿਕ ਤਿਉਹਾਰਾਂ ਦੇ ਰੂਪ ਵਿੱਚ ਅੱਜ ਤੱਕ ਤੁਰੇ ਆ ਰਹੇ ਹਨ। ਵਿਆਹ-ਸ਼ਾਦੀ ਦੇ ਮੌਕੇ ਨਵੇਂ ਕੱਪੜੇ ਸਵਾਉਣਾ, ਗਹਿਣੇ ਖ਼ਰੀਦਣੇ, ਮਿਠਿਆਈਆਂ ਖਾਣੀਆਂ ਤੇ ਵੰਡਣੀਆਂ, ਗ਼ਰੀਬ-ਗੁਰਬੇ ਨੂੰ ਦਾਨ ਦੇਣਾ, ਧਿਆਣੀਆਂ ਪੂਜਣੀਆਂ, ਮੰਦਰਾਂ, ਸਕੂਲਾਂ, ਧਰਮਸ਼ਾਲਾਵਾਂ ਨੂੰ ਦਾਨ ਦੇਣਾ, ਨਲ਼ਕੇ, ਖੂਹ ਆਦਿ ਲਗਵਾਉਣਾ, ਸਾਰੇ ਹੀ ਖ਼ੁਸ਼ੀ ਦੇ ਸਾਧਨ ਹਨ। ਜਨਮ-ਦਿਹਾੜੇ, ਦਸਤਾਰਪੋਸ਼ੀ, ਜਨੇਊ ਪੁਆਉਣ ਦੀ ਰਸਮ, ਸਕੂਲ ਪੜ੍ਹਨੇ ਪਾਉਣ ਦੀ ਰਸਮ, ਸ਼ਾਦੀ ਦੀ ਐਨੀਵਰਸਰੀ, ਨੌਕਰੀ ਵਿੱਚ ਤਰੱਕੀ, ਮਕਾਨ ਦੀ ਚੱਠ, ਭਾਈ ਦੂਜ,

ਰੱਖੜੀ, ਜਨਮ-ਅਸ਼ਟਮੀ, ਗੁਰਪੁਰਬ, ਦਸਹਿਰਾ, ਦਿਵਾਲ਼ੀ ਆਦਿ ਸਾਰੇ ਹੀ ਖ਼ੁਸ਼ੀ-ਪ੍ਰਾਪਤੀ ਦੇ ਵਸੀਲੇ ਹਨ। ਆਧੁਨਿਕ ਸਮੇਂ ਨੇ ਅਜਿਹੇ ਮੌਕਿਆਂ ਵਿੱਚ ਅਜ਼ਾਦੀ-ਦਿਵਸ, ਗਣਤੰਤਰਤਾ-ਦਿਵਸ, ਬਾਲ-ਦਿਵਸ, ਅਧਿਆਪਕ-ਦਿਵਸ, ਮਾਪਾ-ਦਿਵਸ, ਮਾਂ-ਦਿਵਸ, ਪਿਤਾ-ਦਿਵਸ, ਮਜ਼ਦੂਰ-ਦਿਵਸ, ਧਰਤੀ-ਦਿਵਸ ਆਦਿ ਵੀ ਜੋੜ ਦਿੱਤੇ ਹਨ। ਇਹ ਸਾਰੇ ਖ਼ੁਸ਼ੀ ਦੇ ਮੌਕੇ ਹਨ। ਇਹਨਾਂ ਨੂੰ ਇਸੇ ਤਰ੍ਹਾਂ ਹੀ ਮਨਾਉਣਾ ਚਾਹੀਦਾ ਹੈ।

ਪਤੀ ਦਾ ਪਤਨੀ ਦੇ ਕੰਮ ਵਿੱਚ ਹੱਥ ਵਟਾਉਣ, ਦੂਜੀ-ਤੀਜੀ ਵਿੱਚ ਪੜ੍ਹਦੇ ਬੱਚੇ ਨੂੰ ਇਨਾਮ ਮਿਲ਼ਨ, ਕਿਸੇ ਪਿਆਰੇ ਦੀ ਚਿੱਠੀ ਦਾ ਕਈ ਵਰ੍ਹਿਆਂ ਤੋਂ ਬਾਅਦ ਅਚਾਨਕ ਆ ਜਾਣ, ਗਰਮੀ ਦੇ ਮੌਸਮ ਵਿੱਚ ਮੀਂਹ ਪੈਣਾ ਸ਼ੁਰੂ ਹੋ ਜਾਣ, ਗੁਆਂਢੀਆਂ ਵੱਲੋਂ ਅਖੰਡ-ਪਾਠ ਕਰਵਾਉਣ ਜਾਂ ਧੀ ਦਾ ਵਿਆਹ ਰੱਖਿਆ ਜਾਣਾ ਆਦਿ ਵੀ ਖ਼ੁਸ਼ੀ ਦੇ ਮੌਕੇ ਹਨ, ਇਹਨਾਂ ਵਿੱਚ ਗੱਜ-ਵੱਜ ਕੇ ਸ਼ਿਰਕਤ ਕਰਨੀ ਚਾਹੀਦੀ ਹੈ।

ਜਿਹੜੇ ਖ਼ੁਸ਼ੀਆਂ ਨੂੰ ਸੱਦਾ ਦੇਣਾ ਜਾਣਦੇ ਹਨ, ਉਹ ਆਂਢ-ਗੁਆਂਢ ਵਿੱਚ ਮਨਾਈ ਜਾ ਰਹੀ ਕਿਸੇ ਵੀ ਖ਼ੁਸ਼ੀ ਵਿੱਚ ਸ਼ਾਮਲ ਹੋ ਜਾਂਦੇ ਹਨ; ਸ਼ਾਮਲ ਹੀ ਨਹੀਂ ਹੁੰਦੇ, ਭੰਗੜੇ ਵੀ ਪਾਉਣ ਲੱਗ ਪੈਂਦੇ ਹਨ।

ਕਿਸੇ ਬੁਰੀ ਆਦਤ ਨੂੰ ਛੱਡ ਦੇਣਾ ਵੀ ਖ਼ੁਸ਼ੀ ਮਨਾਉਣ ਦਾ ਮੌਕਾ ਹੁੰਦਾ ਹੈ। ਜਿਸ ਨੂੰ ਨਸ਼ੇ ਕਰਨ ਦੀ, ਝੂਠ ਬੋਲਣ ਦੀ, ਰਿਸ਼ਵਤ ਲੈਣ ਦੀ, ਚੁਗਲੀ ਕਰਨ ਦੀ, ਗੁਮਨਾਮ ਸ਼ਿਕਾਇਤ ਕਰਨ ਦੀ, ਪਿੱਠ ਪਿੱਛੇ ਨਿੰਦਾ ਕਰਨ ਦੀ, ਗਾਲ਼ਾਂ ਕੱਢਣ ਦੀ, ਗ਼ੁੱਸਾ ਕਰਨ ਦੀ ਜਾਂ ਇਸ ਤਰ੍ਹਾਂ ਦੀ ਕੋਈ ਭੈੜੀ ਆਦਤ ਹੋਵੇ, ਉਸ ਨੂੰ ਉਦੋਂ ਬੜੀ ਹੀ ਖ਼ੁਸ਼ੀ ਪ੍ਰਾਪਤ ਹੁੰਦੀ ਹੈ ਜਦੋਂ ਉਹ ਅਜਿਹੀ ਬੁਰੀ ਆਦਤ ਦਾ ਤਿਆਗ ਕਰ ਦਿੰਦਾ ਹੈ। ਖ਼ੁਸ਼ੀ ਪ੍ਰਾਪਤ ਕਰਨ ਦਾ ਇਹ ਵੀ ਅਨਮੋਲ ਢੰਗ ਹੈ।

ਇਨਸਾਨ ਨੂੰ ਖ਼ੁਸ਼ੀ ਖਿਮਾ ਕਰਨ ਨਾਲ਼, ਖਿਮਾ ਮੰਗਣ ਨਾਲ਼, ਆਪਣਾ ਦੋਸ਼ ਕਬੂਲ ਕਰਨ ਨਾਲ਼ ਵੀ ਮਿਲਦੀ ਹੈ। ਜੇ ਤੁਸੀਂ ਪਾਪ, ਗੁਨਾਹ ਜਾਂ ਅਪਰਾਧ ਕੀਤਾ ਹੈ ਜਿਸ ਦਾ ਕਿਸੇ ਨੂੰ ਨੁਕਸਾਨ ਹੋਇਆ ਹੈ ਪਰ ਤੁਹਾਡਾ ਗੁਨਾਹ ਪਕੜਿਆ ਨਹੀਂ ਗਿਆ ਤਾਂ ਤੁਹਾਡੇ ਮਨ ’ਤੇ ਬੋਝ ਰਹੇਗਾ, ਤੁਸੀਂ ਕਦੇ ਵੀ ਪੂਰੇ ਤੌਰ ’ਤੇ ਖ਼ੁਸ਼ ਨਹੀਂ ਹੋ ਸਕੋਗੇ। ਖ਼ੁਸ਼ੀ ਪ੍ਰਾਪਤ ਕਰਨ ਦਾ ਢੰਗ ਹੈ, ਆਪਣਾ ਗੁਨਾਹ ਕਬੂਲ ਕਰ ਲੈਣਾ ਤੇ ਆਪਣੇ ਦੁਸ਼ਮਣ ਜਾਂ ਜਿਸ ਨੂੰ ਤੁਸੀਂ ਨੁਕਸਾਨ ਪਹੁੰਚਾਇਆ ਹੈ, ਉਸ ਤੋਂ ਮਾਫ਼ੀ ਮੰਗ ਲੈਣਾ ਅਤੇ ਜੇ ਹੋ ਸਕੇ, ਨੁਕਸਾਨ ਦੀ ਭਰਪਾਈ ਕਰ ਦੇਣਾ।

ਅਜਿਹੀ ਖ਼ੁਸ਼ੀ ਕਿਸੇ ਵੱਲੋਂ ਕੀਤੇ ਗੁਨਾਹ, ਅਪਰਾਧ ਜਾਂ ਪਾਪ ਨੂੰ ਖਿਮਾ ਕਰਨ ਨਾਲ਼ ਵੀ ਮਿਲ਼ਦੀ ਹੈ। ਦੋਸ਼ੀ ਨੂੰ ਖਿਮਾ ਕਰਨਾ ਬੜੇ ਪੁੰਨ ਵਾਲ਼ਾ ਕੰਮ ਹੁੰਦਾ ਹੈ, ਉਸ ਦੇ ਮਨ ਦਾ ਭਾਰ ਤਾਂ ਹੌਲ਼ਾ ਹੁੰਦਾ ਹੀ ਹੈ ਪਰ ਖਿਮਾ ਕਰਨ ਵਾਲ਼ੇ ਨੂੰ ਵੀ ਖ਼ੁਸ਼ੀ ਪ੍ਰਾਪਤ ਹੁੰਦੀ ਹੈ, ਇਹ ਉੱਚੀ ਅਤੇ ਦਾਇਮੀ ਕਿਸਮ ਦੀ ਖ਼ੁਸ਼ੀ ਹੁੰਦੀ ਹੈ।

ਜਿਸ ਨੂੰ ਤੁਸੀਂ ਅੱਜ ਤੱਕ ਦੁਸ਼ਮਣ ਸਮਝਦੇ ਆਏ ਹੋ, ਜਿਸ ਨਾਲ਼ ਅਣਬੋਲਣਾ ਪਾਇਆ ਹੋਇਆ ਹੈ, ਜਿਸ ਨਾਲ਼ ਤੁਸੀਂ ਨਫ਼ਰਤ ਕਰਦੇ ਹੋ ਜੇ ਉਸ ਨਾਲ ਸੁਲਾਹ ਕਰ ਲਵੋ, ਦੁਸ਼ਮਣੀ ਅਤੇ ਨਫ਼ਰਤ ਭੁਲਾ ਦਿਓ, ਉਸ ਦੇ ਕਸੂਰ ਨੂੰ ਭੁੱਲ ਜਾਵੋ, ਉਹ ਨਾ ਵੀ ਮਾਫ਼ੀ ਮੰਗੇ ਤਾਂ ਵੀ ਮਾਫ਼ ਕਰ ਦਿਓ, ਇਹ ਵੀ ਬਹੁਤ ਵੱਡੀ ਖ਼ੁਸ਼ੀ ਦਾ ਕਾਰਨ ਬਣ ਸਕਦਾ ਹੈ।

ਆਪਣੀਆਂ ਨਿੱਕੀਆਂ-ਨਿੱਕੀਆਂ ਜ਼ਿਦਾਂ ਜਿੰਨ੍ਹਾਂ ਨੂੰ ਤੁਸੀਂ ਅਸੂਲਾਂ ਦਾ ਨਾਂ ਦੇਂਦੇ ਹੋ ਜੇ ਉਹ ਕਿਸੇ ਦੀ ਖ਼ੁਸ਼ੀ ਦੀ ਅੜਚਨ ਬਣਦੇ ਹਨ, ਉਹਨਾਂ ਦਾ ਤਿਆਗ ਵੀ ਖ਼ੁਸ਼ੀ ਦਾ ਸਬੱਬ ਬਣ ਸਕਦਾ ਹੈ। ਅਜਿਹਾ ਤਿਆਗ ਕਰਨਾ ਚਾਹੀਦਾ ਹੈ।

ਮੇਰੀ ਗੱਲ, ਮੇਰੀ ਇੱਜ਼ਤ, ਮੇਰਾ ਕਮਰਾ, ਮੇਰੀ ਸੋਟੀ, ਮੇਰੀ ਚਾਹ, ਮੇਰੀਆਂ ਚੀਜ਼ਾਂ ਆਦਿ ਬੰਧਨ ਦਾ ਪ੍ਰਤੀਕ ਹਨ, ਅਜਿਹੀ ‘‘ਮੈਂ’’ ਖ਼ੁਸ਼ੀਆਂ ਦੇ ਪੈਦਾ ਹੋਣ ਵਿੱਚ ਰੁਕਾਵਟ ਦਾ ਕਾਰਨ ਬਣਦੀ ਹੈ, ਇਸ ਹਉਂਮੈਂ ਦਾ ਤਿਆਗ ਰੂਹਾਨੀ ਖ਼ੁਸ਼ੀ ਦਾ ਜ਼ੀਨਾ ਬਣ ਸਕਦਾ ਹੈ। ਸਹਿਯੋਗ ਅਤੇ ਤਿਆਗ, ਮੁਕਾਬਲੇ ਨਾਲ਼ੋਂ ਹਜ਼ਾਰਾਂ ਦਰਜੇ ਉੱਚਾ ਸੰਕਲਪ ਹੈ। ਛੋਟੇ-ਛੋਟੇ ਤਿਆਗ, ਨਿੱਕੀਆਂ-ਨਿੱਕੀਆਂ ਮਾਫ਼ੀਆਂ, ਨਜ਼ਰ-ਅੰਦਾਜ਼ੀਆਂ ਮਨੁੱਖ ਨੂੰ ਬੇਪਨਾਹ ਖ਼ੁਸ਼ੀ ਦੇ ਸਕਦੀਆਂ ਹਨ। ਬਹੁਤ ਵਾਰ ਦੇਖ ਕੇ ਅਣਦੇਖੀ ਕਰਨਾ, ਸੁਣ ਕੇ ਅਣਸੁਣੀ ਕਰਨਾ, ਅਹਿਸਾਨ ਕਰਕੇ ਭੁੱਲ ਜਾਣਾ, ਨੇਕੀ ਕਰਕੇ ਉਸ ਦੀ ਯਾਦ ਮਿਟਾ ਦੇਣਾ, ਅਧੀਨਗੀ ਅਤੇ ਨਿਮਰਤਾ ਅਪਣਾਉਣਾ, ਖ਼ੁਸ਼ੀਆਂ ਨੂੰ ਸੱਦਾ-ਪੱਤਰ ਦੇਣ ਦੇ ਤਰੀਕੇ ਹਨ। ਵੈਸੇ ਵੀ ਖ਼ੁਸ਼ੀ ਮਨ ਦੀ ਅਵਸਥਾ

ਹੁੰਦੀ ਹੈ, ਕਿਸੇ ਚੀਜ਼ ਦਾ ਨਾਂ ਖ਼ੁਸ਼ੀ ਨਹੀਂ ਹੈ। ਅਜਿਹੀ ਅਵਸਥਾ ਪੈਦਾ ਕੀਤੀ ਜਾਂਦੀ ਹੈ, ਵਿਕਸਿਤ ਕੀਤੀ ਜਾਂਦੀ ਹੈ, ਜਨਮ ਤੋਂ ਹੀ ਮਨੁੱਖ ਨੂੰ ਨਹੀਂ ਮਿਲ਼ਦੀ।

## ਅਰਥਾਵਲੀ :

**ਤਕਰਾਰ** - ਬਹਿਸ, ਝਗੜਾ। **ਅੜਚਨ** - ਰੁਕਾਵਟ, ਵਿਘਨ। **ਲਤੀਫ਼ੇ** - ਚੁਟਕਲੇ, ਹਸਾਉਣੀ ਗੱਲ। **ਸ਼ਿਅਰ**- ਕਵਿਤਾ ਦੀਆਂ ਤੁਕਾਂ, ਕਵਿਤਾ। **ਬਸ਼ਰ** - ਆਦਮੀ, ਮਨੁੱਖ ਇਨਸਾਨ। **ਧਿਆਣੀਆਂ** - ਧੀ-ਭੈਣ, ਧੀ ਜਾਂ ਭੈਣ ਦੀ ਧੀ, ਪੋਤਰੀ ਆਦਿ। **ਐਨੀਵਰਸਰੀ** - ਵਰ੍ਹੇ-ਗੰਢ, ਸਾਲ-ਗਿਰ੍ਹਾ। **ਸ਼ਿਰਕਤ** - ਸਾਂਝ, ਭਿਆਲ਼ੀ। **ਭਰਪਾਈ** - ਪੂਰਤੀ। **ਦਾਇਮੀ** - ਹਮੇਸ਼ਾਂ ਰਹਿਣ ਵਾਲ਼ਾ, ਸਦੀਵੀ। **ਜ਼ੀਨਾ** - ਪੌੜੀ। **ਕੰਪੀਟੀਸ਼ਨ** - ਮੁਕਾਬਲਾ। **ਨਜ਼ਰ-ਅੰਦਾਜ਼ੀ** - ਅਣਡਿੱਠ ਕਰਨਾ, ਧਿਆਨ ਨਾ ਦੇਣਾ। **ਵਿਕਸਿਤ** - ਉੱਨਤ, ਫੈਲਿਆ ਹੋਇਆ।

## ਪਾਠ - ਅਭਿਆਸ

1. ਪਤੀ-ਪਤਨੀ ਘਰ ਦਾ ਮਾਹੌਲ ਕਿਵੇਂ ਠੀਕ ਕਰ ਸਕਦੇ ਹਨ?
2. ਸਾਡੇ ਵੱਡੇ-ਵਡੇਰਿਆਂ ਨੇ ਖ਼ੁਸ਼ੀਆਂ ਨੂੰ ਸੱਦਾ ਦੇਣ ਦੇ ਕਿਹੜੇ ਢੰਗ ਕੱਢੇ ਹੋਏ ਹਨ?
3. ਆਧੁਨਿਕ ਸਮੇਂ ਵਿੱਚ ਖ਼ੁਸ਼ੀਆਂ ਮਨਾਉਣ ਲਈ ਕਿਹੜੇ ਮੌਕੇ ਅਤੇ ਦਿਵਸ ਪ੍ਰਚਲਿਤ ਹਨ?
4. ਲੇਖਕ ਅਨੁਸਾਰ ਦੁਸ਼ਮਣ ਨਾਲ਼ ਕਿਸ ਤਰ੍ਹਾਂ ਦਾ ਵਿਹਾਰ ਕਰਕੇ ਖ਼ੁਸ਼ੀ ਪ੍ਰਾਪਤ ਕੀਤੀ ਜਾ ਸਕਦੀ ਹੈ?
5. ਖ਼ੁਸ਼ੀ ਪ੍ਰਾਪਤ ਕਰਨ ਦਾ ਅਨਮੋਲ ਢੰਗ ਕਿਹੜਾ ਹੈ?
6. ਖ਼ੁਸ਼ੀਆਂ ਪੈਦਾ ਹੋਣ ਵਿੱਚ ਮਨੁੱਖ ਦੀ ਕਿਹੜੀ ਭਾਵਨਾ ਰੁਕਾਵਟ ਬਣਦੀ ਹੈ?
7. ਕੀ ਖ਼ੁਸ਼ੀ ਮਨੁੱਖ ਨੂੰ ਜਨਮ ਤੋਂ ਹੀ ਮਿਲ਼ਦੀ ਹੈ?

ਆਪਣੇ ਕੰਮ ਆਪ ਕਰਨ ਦੀ ਆਦਤ ਪਾਓ, ਖ਼ੁਸ਼ੀਆਂ-ਖੇੜੇ ਮੁਫ਼ਤ 'ਚ ਪਾਓ। ਜ਼ਿੰਦਗੀ ਵਿੱਚ ਕੰਮ ਹੀ ਕੰਮ ਆਉਂਦਾ ਹੈ। ਹੱਥੀਂ ਕੀਤਾ ਕੰਮ, ਸਾਨੂੰ ਖ਼ੁਸ਼ੀ ਪ੍ਰਦਾਨ ਕਰਦਾ ਹੈ।

# ਡਾ. ਹਰਪਾਲ ਸਿੰਘ ਪੰਨੂ

(1953)

ਡਾ. ਹਰਪਾਲ ਸਿੰਘ ਪੰਨੂ ਦਾ ਜਨਮ 20 ਜੂਨ, 1953 ਨੂੰ ਪਿਤਾ ਰਣ ਸਿੰਘ ਤੇ ਮਾਤਾ ਰਾਏ ਕੌਰ ਦੇ ਘਰ ਪਿੰਡ ਘੱਗਾ, ਜ਼ਿਲ੍ਹਾ ਪਟਿਆਲ਼ਾ ਵਿਖੇ ਹੋਇਆ।

ਡਾ. ਹਰਪਾਲ ਸਿੰਘ ਪੰਨੂ ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ ਦੇ ਧਰਮ-ਅਧਿਐਨ ਵਿਭਾਗ ਵਿੱਚ ਮੁਖੀ ਅਤੇ ਬਤੌਰ ਪ੍ਰੋਫ਼ੈਸਰ ਕਾਰਜਸ਼ੀਲ ਸਨ। ਉਹ ਯੂ. ਜੀ. ਸੀ. ਦੇ ਬੁੱਧਿਸਟ ਸਟਡੀਜ਼ ਅਤੇ ਸੈਂਟਰ ਫ਼ਾਰ ਗੁਰੂ ਨਾਨਕ ਸਟੱਡੀਜ਼ ਦੇ ਡਾਇਰੈਕਟਰ ਵਜੋਂ ਸੇਵਾ ਨਿਭਾਉਂਦੇ ਰਹੇ। ਆਪ ਜੀ ਦਿੱਲੀ ਯੂਨੀਵਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ (ਅੰਮ੍ਰਿਤਸਰ) ਅਤੇ ਧਰਮ-ਅਧਿਐਨ ਯੂਨੀਵਰਸਿਟੀ ਕੁੰਮ (ਈਰਾਨ) ਦੇ ਵਿਜ਼ਿਟਿੰਗ ਪ੍ਰੋਫ਼ੈਸਰ ਵੀ ਹਨ।

ਧਰਮ-ਅਧਿਐਨ ਬਾਰੇ ਆਪ ਦੀਆਂ ਪ੍ਰਮੁੱਖ ਕਿਰਤਾਂ 'ਗੁਰੂ ਨਾਨਕ ਦਾ ਕੁਦਰਤ-ਸਿਧਾਂਤ', 'ਸਿੱਖ ਧਰਮ ਵਿੱਚ ਕਾਲ ਅਤੇ ਅਕਾਲ ਦਾ ਸਿਧਾਂਤ' ਅਤੇ 'ਭਾਰਤ ਦੇ ਪੁਰਾਤਨ ਧਰਮ : ਇੱਕ ਸਰਵੇਖਣ' ਹਨ। 'ਗੌਤਮ ਤੋਂ ਤਾਸਕੀ ਤੱਕ', 'ਆਰਟ ਤੋਂ ਬੰਦਗੀ ਤੱਕ' ਅਤੇ 'ਵਿਸ਼ਵ-ਚਿੰਤਕ : ਰਾਬਿੰਦਰਨਾਥ ਟੈਗੋਰ' ਆਪ ਦੀਆਂ ਪ੍ਰਸਿੱਧ ਪੁਸਤਕਾਂ ਹਨ।

## ਬੇਬੇ ਜੀ

ਚਾਰ ਪੰਜ ਸਾਲ ਦੀ ਉਮਰ ਤੱਕ ਦਾ ਆਪਣਾ ਬਚਪਨ ਮੈਨੂੰ ਯਾਦ ਹੈ। ਬੇਬੇ ਸਿਰ ਉੱਪਰ ਘੜਾ ਚੁੱਕੀ, ਖੂਹੀ ਉੱਪਰ ਪਾਣੀ ਭਰਨ ਜਾਂਦੀ ਤਾਂ ਹਰ ਗੇੜ ਮੈਂ ਉਸ ਦੇ ਕਮੀਜ਼ ਦੀ ਕੰਨੀ ਫੜੀ, ਨਾਲ਼-ਨਾਲ਼ ਤੁਰੀ ਜਾਂਦਾ। ਕਈ ਵਾਰ ਲੱਤਾਂ ਵਿੱਚ ਉਲ਼ਝ ਕੇ ਡਿਗਦਾ ਤੇ ਬੇਬੇ ਡਿੱਗਣੋਂ ਮਸਾਂ ਬਚਦੀ।

ਜਦੋਂ ਬੇਬੇ ਘਰ ਵਿੱਚ ਹੁੰਦੀ ਤਾਂ ਦਿਨ-ਰਾਤ ਤਿਉਹਾਰ ਵਰਗੇ ਹੁੰਦੇ। ਪੜ੍ਹਦੇ, ਖੇਡਦੇ, ਡੰਗਰ ਚਾਰਦੇ, ਖੇਤੀ ਵਿੱਚ ਹੱਥ ਵਟਾਉਂਦੇ, ਦਰਖ਼ਤਾਂ 'ਤੇ ਚੜ੍ਹਦੇ, ਉੱਤਰਦੇ, ਛਾਲ਼ਾਂ ਮਾਰਦੇ। ਨਹਿਰ ਵਿੱਚ ਛਾਲ਼ ਮਾਰਦੇ, ਰੇਤ ਵਿੱਚ ਲਿਟਦੇ ਫਿਰ ਨਹਿਰ ਵਿੱਚ ਛਾਲ਼। ਸੱਟ-ਫੇਟ, ਬਿਮਾਰੀ ਨੇੜੇ-ਤੇੜੇ ਨਹੀਂ ਸੀ। ਜਿਊਂਦਾ-ਜਾਗਦਾ ਪੂਰਾ ਘਰ ਹੁੰਦਾ। ਜਦੋਂ ਕਦੀ ਬੇਬੇ ਰਿਸ਼ਤੇਦਾਰੀ ਵਿੱਚ ਗਈ ਦੋ-ਚਾਰ ਦਿਨ ਨਾ ਆਉਂਦੀ ਤਾਂ ਅਸੀਂ ਚੁੱਪ-ਚਾਪ, ਗੁੰਮ-ਸੁੰਮ ਜਿਹੇ ਫਿਰਦੇ ਰਹਿੰਦੇ, ਇੱਧਰ-ਉੱਧਰ। ਆਪਸ ਵਿੱਚ ਗੱਲ ਕਰਨੀ ਵੀ ਚੰਗੀ ਨਾ ਲੱਗਦੀ। ਬਾਪੂ ਦਾ ਸੁਭਾਅ ਸਖ਼ਤ ਸੀ ਪਰ ਉਹ ਖ਼ਿਆਲ ਰੱਖਦਾ ਕਿ ਜਦੋਂ ਇਹਨਾਂ ਦੀ ਮਾਂ ਘਰ ਨਾ ਹੋਵੇ ਤਾਂ ਬੱਚੇ ਝਿੜਕਣੇ ਨਹੀਂ ਕਿਉਂਕਿ ਫਿਰ ਰੋਣੋਂ ਨਹੀਂ ਹਟਣਗੇ। ਜਦੋਂ ਕਦੀ ਵੇਲ਼ੇ ਸਿਰ ਬੇਬੇ ਸਾਡੇ ਲਈ ਨਵੇਂ ਕੱਪੜੇ ਨਾ ਖ਼ਰੀਦ ਸਕਦੀ ਜਾਂ ਵੇਲ਼ੇ ਸਿਰ ਕਿਤਾਬਾਂ-ਕਾਪੀਆਂ ਵਾਸਤੇ ਪੈਸੇ ਨਾ ਹੁੰਦੇ ਤਾਂ ਉਹ ਉਦੋਂ ਰੋਂਦੀ, ਜਦੋਂ ਅਸੀਂ ਸਕੂਲ ਚਲੇ ਜਾਂਦੇ। ਇਹੋ-ਜਿਹੇ ਮੌਕਿਆਂ 'ਤੇ ਉਹ ਸਾਡੇ ਨਾਨਕੇ ਜਾ ਪੁੱਜਦੀ। ਮਾਮੇ ਚੰਗੇ ਵਾਹੀਕਾਰ ਸਨ ਤੇ ਦੋਂਹਾਂ ਕੋਲ਼ ਪੰਜਾਹ ਏਕੜ ਜ਼ਮੀਨ ਸੀ। ਉੱਥੋਂ ਕਦੀ ਖ਼ਾਲੀ ਮੁੜਨ ਦਾ ਸਵਾਲ ਹੀ ਨਹੀਂ ਸੀ। ਦੁੱਧੋਂ ਹਟੀ ਮੱਝ ਜਾਂ ਗਾਂ ਲੈ ਜਾਂਦੇ ਤੇ ਤਾਜ਼ੀ ਸੂਈ ਛੱਡ ਜਾਂਦੇ। ਘਿਓ ਦਿੰਦੇ, ਖੋਆ ਦਿੰਦੇ। ਘੋੜੀ ਉੱਪਰ ਝੂਟੇ ਦਿੰਦੇ। ਹੋਰ ਸੁਰਗ ਕਿਹੋ-ਜਿਹਾ ਹੋਇਆ ਕਰਦਾ ਹੈ?

ਇੱਕ ਵਾਰ ਘਰ ਵਿੱਚ ਤੰਗੀ ਹੋਣ ਕਾਰਨ ਮੈਨੂੰ ਨਾਨਕੇ ਤੋਰ ਦਿੱਤਾ। ਬੇਬੇ ਨੇ ਤੋਰਦਿਆਂ ਹੋਇਆਂ ਕਿਹਾ, ''ਅਕਲ ਨਾਲ਼, ਹਲੀਮੀ ਨਾਲ਼ ਗੱਲ ਕਰੀਂ, ਤੇਰੀ ਮਾਮੀ ਚੰਗੀ ਹੈ, ਬੜੀ। ਉਹਦੇ ਨਾਲ਼ ਅੱਡ ਗੱਲ ਕਰੀਂ ਮਾਮੇ ਨਾਲ਼ ਅੱਡ। ਜਾਹ, ਗੁਰੂ ਰਾਖਾ।'' ਬੇਬੇ ਦੀ ਸਿੱਖਿਆ ਅਨੁਸਾਰ ਮੈਂ ਸਾਰੀ ਗੱਲ-ਬਾਤ ਆਪਣੀ ਪੜ੍ਹਾਈ ਬਾਰੇ ਸੁਣਾਈ।

ਪਟਿਆਲ਼ੇ ਪੜ੍ਹਦਿਆਂ, ਮੈਂ ਮਹੀਨੇ ਵਿੱਚ ਇੱਕ ਵਾਰ ਨਾਨਕੇ ਜਾਂਦਾ, ਦੂਜੀ ਵਾਰ ਦਾਦਕੇ। ਪਿੰਡੋਂ ਜਦੋਂ ਮੈਂ ਪਟਿਆਲ਼ੇ ਦੀ ਬੱਸ ਫੜਨ ਤੁਰਦਾ ਤਾਂ ਬੇਬੇ ਦੀਆਂ ਅੱਖਾਂ ਛਲ਼ਕਦੀਆਂ। ਮੈਂ ਖ਼ੂਬ ਹੱਸਦਾ ਤੇ ਪੁੱਛਦਾ, ''ਕੋਈ ਸਰਹੱਦ ਉੱਪਰ ਜੰਗ ਲੜਨ ਚੱਲਿਆ ਹਾਂ ਜੋ ਰੋਣ-ਧੋਣ ਸ਼ੁਰੂ ਹੋ ਗਿਆ?'' ਬੇਬੇ ਅੱਖਾਂ ਪੂੰਝ ਕੇ ਆਖਦੀ, ''ਕਟਰੂ-ਵਛਰੂ ਸਰਹੱਦਾਂ ਉੱਪਰ ਦੁਸ਼ਮਣ ਨਾਲ਼ ਲੜਨ ਨੀ ਜਾਂਦੇ। ਤੂੰ ਦੇਖਿਆ ਨੀ, ਅੱਖਾਂ ਤੋਂ ਦੂਰ ਹੋਣ ਲੱਗਣ ਤਾਂ ਗਾਂਵਾਂ, ਮੱਝਾਂ, ਰੰਭਣ-ਰਿੰਗਣ ਲੱਗਦੀਆਂ ਹਨ, ਰੱਸੇ ਤੁੜਾਉਂਦੀਆਂ ਹਨ। ਪਸ਼ੂ-ਪੰਛੀ ਤੱਕ ਸਭ ਮਾਂਵਾਂ ਇਹ ਜਾਣਦੀਆਂ ਹਨ ਕਿ ਜਿੱਥੇ ਤੱਕ ਬੱਚੇ ਨਜ਼ਰ ਵਿੱਚ ਹਨ, ਸਭ ਠੀਕ ਹੈ। ਅੱਖੋਂ-ਪਰੋਖੇ ਦੁਸ਼ਮਣ ਦੀ ਸਰਹੱਦ ਹੁੰਦੀ ਹੈ, ਕੀ ਪਤਾ ਕਦ ਕੀ ਵਾਪਰ ਜਾਏ? ਤੈਨੂੰ ਇਹਨਾਂ ਗੱਲਾਂ ਦੀ ਅਜੇ ਸਮਝ ਨਹੀਂ। ਹੋ ਸਕਦਾ ਹੈ ਕਦੇ ਵੀ ਨਾ ਸਮਝ ਸਕੇਂ ਕਿਉਂਕਿ ਤੇਰੀ ਕਿਸਮਤ ਵਿੱਚ ਮਾਂ ਹੋਣਾ ਨਹੀਂ ਲਿਖਿਆ ਹੋਇਆ।'' ਫਿਰ ਉਹ ਅਸੀਸਾਂ ਦੇ ਕੇ ਤੋਰਦੀ।

ਬੇਬੇ ਦੱਸਿਆ ਕਰਦੀ, ''ਤੇਰੀ ਛੋਟੀ ਮਾਮੀ ਗੁਰਦਿਆਲ ਕੁਰ ਦਾ ਰੰਗ ਧੁੱਪ ਵਰਗਾ ਸੀ। ਲਾਲੀਆਂ ਝੜਦੀਆਂ ਸਨ ਮੂੰਹ 'ਤੇ। ਹੀਰ ਸੀ, ਬੱਸ। ਮਿਹਨਤ ਨਾਲ਼ ਘੜੀ ਰੱਬ ਨੇ। ਕੰਧ ਤੋਂ ਉੱਤਰ ਕੇ ਜਿਵੇਂ ਕੋਈ ਤਸਵੀਰ ਤੁਰਨ ਲੱਗੇ। ਭਾਬੀ ਕਾਹਨੂੰ, ਮੇਰੀ ਤਾਂ ਸਹੇਲੀ ਸੀ। ਮੈਂ ਇੱਕ ਦਿਨ ਕਿਹਾ : ਕੁੜੇ, ਖ਼ਿਆਲ ਰੱਖੀਂ, ਮੇਰਾ। ਤੇਰੀ ਇਹ ਨਣਦ ਗ਼ਰੀਬਣੀ ਹੈ। ਉਹ ਮੇਰੇ ਪੈਰੀਂ ਚੁੰਨੀ ਰੱਖ ਕੇ ਬੋਲੀ : ''ਮੈਂ ਕਦ ਆਂ, ਏਸ ਘਰ ਦੀ ਮਾਲਕਣ? ਮੈਂ ਤਾਂ ਬਾਂਦੀ ਆਂ, ਤੁਹਾਡੀ ਸਾਰਿਆਂ ਦੀ। ਬਾਂਦੀ ਰਹੂੰਗੀ, ਉਮਰ ਭਰ।''

ਦਸਹਿਰੇ ਤੋਂ ਪਹਿਲਾਂ ਸਾਡੇ ਕੱਚੇ ਘਰ ਦੀ ਲਿੱਪਾ-ਪੋਚੀ ਦਾ ਕੰਮ ਸ਼ੁਰੂ ਹੋ ਜਾਂਦਾ। ਅਸੀਂ ਸਾਰੇ ਰਲ਼ ਕੇ ਕੰਮ ਕਰਦੇ। ਕੰਧਾਂ ਉੱਪਰ ਪਾਂਡੂ ਦਾ ਪਰੋਲ਼ਾ ਫਿਰਦਾ ਤੇ ਫ਼ਰਸ਼ ਗਾਰੇ ਨਾਲ਼ ਲਿੱਪਿਆ ਜਾਂਦਾ। ਕੋਈ ਗਾਰੇ ਵਿੱਚ ਪਾਣੀ ਪਾ ਰਿਹਾ ਹੁੰਦਾ, ਦੂਜਾ ਕਹੀ ਨਾਲ਼ ਗੋਹਾ ਅਤੇ ਤੂੜੀ ਗਾਰੇ ਵਿੱਚ ਰਲ਼ਾ ਰਿਹਾ ਹੁੰਦਾ। ਕੋਈ ਚੀਜ਼ਾਂ-ਵਸਤਾਂ ਪਰੇ-ਪਰੇ ਕਰ ਰਿਹਾ ਹੁੰਦਾ ਤੇ ਕੋਈ ਲਿੱਪਣ ਵਿੱਚ ਮਦਦਗਾਰ ਹੁੰਦਾ। ਖੁਰਲੀਆਂ ਤੱਕ ਸਭ ਕੁਝ ਲਿੱਪਿਆ ਜਾਂਦਾ, ਘਰ ਦੀਆਂ ਛੱਤਾਂ ਵੀ। ਪਸ਼ੂਆਂ ਦੇ ਸਿੰਗਾਂ ਨੂੰ ਤੇਲ ਲਾ ਦਿੰਦੇ। ਚਾਰੇ ਪਾਸੇ ਸੁਗੰਧੀਆਂ। ਕੰਧਾਂ ਉੱਪਰ ਟੰਗਣ ਲਈ ਬਾਪੂ ਜੀ ਤਸਵੀਰਾਂ ਲਿਆਉਂਦੇ।

ਕਣਕਾਂ ਪੱਕਣ ਲੱਗਦੀਆਂ, ਬੱਦਲ਼ ਚੜ੍ਹ ਆਉਂਦੇ। ਵਿਸਾਖ ਦੇ ਮਹੀਨੇ ਤੇਜ਼- ਧਾਰ ਬਾਰਸ਼ਾਂ ਹੁੰਦੀਆਂ। ਅਸੀਂ ਆਖਦੇ—ਇਹ ਕਿਹੜੇ ਮੌਸਮ ਦਾ ਮੀਂਹ ਹੋਇਆ? ਬੇਬੇ ਆਖਦੀ, ''ਵਿਸਾਖ ਦਾ ਮਹੀਨਾ ਦੱਸਿਆ ਕਰਦਾ ਹੈ ਕਿ ਮੇਰੇ ਵਿੱਚ ਤੇ ਸਾਉਣ ਵਿੱਚ ਕੋਈ ਫ਼ਰਕ ਨਹੀਂ। ਏਨਾ ਕੁ ਫ਼ਰਕ ਹੈ ਕਿ ਮੇਰੇ ਪਿੱਛੇ ਤੁਰੇ ਆਉਂਦੇ ਮੇਰੇ ਪਿਛਲੱਗ ਜੇਠ ਅਤੇ ਹਾੜ੍ਹ ਖੇਹ-ਉਡਾਊ ਹਨ। ਸਾਉਣ ਦੇ ਪਿੱਛੇ-ਪਿੱਛੇ ਤੁਰੇ ਆਉਂਦੇ, ਉਸ ਦੇ ਦੋਸਤ ਭਾਦੋਂ ਤੇ ਅੱਸੂ ਉਸੇ ਵਰਗੇ ਹਨ, ਖੌਰੂ-ਪਾਊ; ਤਾਂ ਸਾਉਣ ਦੀ ਕਦਰ ਬਣੀ।''

ਗੱਲਾਂ ਕਰਦਿਆਂ-ਸੁਣਦਿਆਂ ਉਪਮਾ-ਅਲੰਕਾਰ ਬੇਬੇ ਦੇ ਮੂੰਹੋਂ ਸਹਿਜ-ਸੁਭਾਅ ਉੱਤਰਦੇ। ਇੱਕ ਵੇਰ ਮੈਂ ਤੇ ਬੇਬੇ ਦੋਵੇਂ ਬੱਸ ਵਿੱਚ ਬੈਠੇ ਕਿਧਰੇ ਜਾ ਰਹੇ ਸਾਂ ਤਾਂ ਦੋਂਹਾਂ ਨੂੰ ਅੱਡੋ-ਅੱਡ ਸੀਟ ਮਿਲ਼ੀ। ਥੋੜ੍ਹੀ ਦੇਰ ਬਾਅਦ ਬੇਬੇ ਆਪਣੀ ਸੀਟ ਤੋਂ ਉੱਠ ਕੇ ਮੇਰੀ ਸੀਟ ਉੱਪਰ ਨਾਲ਼ ਹੀ ਤੰਗ ਜਿਹੀ ਹੋ ਕੇ ਬੈਠ ਗਈ। ਮੈਂ ਉੱਥੋਂ ਉੱਠ ਕੇ ਆਉਣ ਦਾ ਕਾਰਨ ਪੁੱਛਿਆ ਤਾਂ ਬੋਲੀ, ''ਅਹੁ ਸੀਟ ਤੇ ਜਿਹੜਾ ਬੰਦਾ ਮੇਰੇ ਨਾਲ਼ ਬੈਠਾ ਸੀ, ਤਾਕੀ ਵਾਲ਼ੇ ਪਾਸੇ, ਉਸ ਦਾ ਮੂੰਹ ਦੇਖ। ਭੁਜੀਆ ਖਾਣ ਵੇਲੇ ਮੂੰਹ ਖੋਲ੍ਹਦਾ ਹੈ ਤਾਂ ਲੱਗਦਾ ਹੈ ਜਿਵੇਂ 'ਟੈਚੀਕੇਸ ਖੁੱਲ੍ਹ ਗਿਆ ਹੋਵੇ। ਭੁਜੀਆ ਖਾਈ ਜਾਂਦਾ ਹੈ, ਨਾਲ਼ ਵਾਲੇ ਨਾਲ਼ ਗੱਲਾਂ ਵੀ ਕਰੀ ਜਾਂਦਾ ਹੈ, ਹੱਸੀ ਵੀ ਜਾਂਦਾ ਹੈ। ਭੁਜੀਆ ਉਸ ਦੇ ਮੂੰਹ ਵਿੱਚੋਂ ਇਉਂ ਕਿਰਦਾ ਹੈ, ਜਿਵੇਂ ਚੌਲ਼ਾਂ ਦੇ ਸ਼ੈੱਲਰ ਦੀ ਪਾਈਪ ਵਿੱਚੋਂ ਫੱਕ ਬਾਹਰ ਡਿਗਦੀ ਹੈ। ਉੱਥੇ ਨਹੀਂ ਬੈਠਿਆ ਜਾਂਦਾ, ਮੇਰੇ ਤੋਂ। ਇਹ ਤਾਂ ਅੰਬ ਵੀ ਬੇਰ ਵਾਂਗ ਮੂੰਹ ਵਿੱਚ ਪਾਉਂਦਾ ਹੋਏਗਾ, ਸਾਬਤ ਗੁਠਲੀ ਸਣੇ।'' ਮੈਥੋਂ ਹਾਸਾ ਨਾ ਰੁਕਿਆ। ਬੇਬੇ ਜਿਵੇਂ ਭਾਸ਼ਾ ਦੀ ਟਕਸਾਲ ਹੋਵੇ।

ਕੋਈ ਵੱਡਾ ਜ਼ੋਖਮ ਭਰਿਆ ਕੰਮ ਛੇੜਨ ਵੇਲੇ ਜਦੋਂ ਅਸੀਂ ਬੇਬੇ ਨਾਲ਼ ਖ਼ਤਰਿਆਂ ਬਾਰੇ ਗੱਲ ਕਰਦੇ ਤਾਂ ਉਹ ਆਖਦੀ, ''ਮੱਖੀਆਂ ਦੇ ਡੰਗ ਤੋਂ ਡਰਦਿਆਂ ਆਦਮੀ ਨੇ ਮਖਿਆਲ ਖਾਣਾ ਨੀ ਛੱਡਿਆ। ਦੁਲੱਤੇ ਮਾਰਦੀਆਂ ਗਾਂਵਾਂ ਦਾ ਦੁੱਧ ਚੋਣੋਂ ਕੀ ਅਸੀਂ ਹਟ ਜਾਂਦੇ ਹਾਂ? ਕਦੀ ਕਿਹਾ ਹੈ ਕਿਸੇ ਨੇ ਕਿ ਏਨੀ ਤੂੜੀ ਵਿੱਚੋਂ ਕੌਣ ਦਾਣੇ ਕੱਢਦਾ ਫਿਰੇ? ਖੇਤ ਇਸ ਕਰਕੇ ਨਹੀਂ ਵਾਹੁਣ ਜਾਵਾਂਗੇ ਕਿ ਕੰਡਿਆਈ ਬੜੀ ਹੈ? ਕਿਲ੍ਹੇ ਦੀ ਕੰਧ ਵਾਂਗ ਜੰਮੀਆਂ ਹੋਈਆਂ ਰੋਹੀਆਂ ਤੋੜ ਕੇ ਤਿਆਰ ਕੀਤੀ ਜ਼ਮੀਨ ਦੇ ਅੰਨ ਦੀ ਰੋਟੀ ਪਕਾ ਕੇ ਖਾਧੀ ਹੈ, ਅਸਾਂ। ਤੁਸੀਂ ਮਾੜੇ ਕੁ ਖ਼ਤਰੇ ਤੋਂ ਘਬਰਾ ਗਏ। ਜੁਆਨੀ ਦੇ ਦਿਨੀਂ

ਏਨੀ ਤਾਕਤ ਹੋਇਆ ਕਰਦੀ ਸੀ, ਏਨਾ ਹੌਸਲਾ ਕਿ ਪਿਆਸ ਲੱਗੀ ਹੈ, ਫੇਰ ਕੀ ਹੋਇਆ ਜੇ ਪਾਣੀ ਨਹੀਂ। ਖੂਹ ਪੁੱਟੋ ਤੇ ਪਾਣੀ ਪੀਓ। ਔਖੀ ਚੀਜ਼ ਹੈ ਕਿਹੜੀ, ਜੇ ਰੱਬ ਸਾਥ ਦੇਵੇ? ਭਰੋਸਾ ਰੱਖੋ, ਗੁਰੂ ਤੁਹਾਡੇ ਅੰਗ-ਸੰਗ ਹੈ।''

ਬੇਬੇ ਨੂੰ ਜੇ ਪਤਾ ਲੱਗਦਾ ਕਿ ਕਿਸੇ ਗੁਆਂਢੀ ਨੇ ਆਪਣੀ ਜ਼ਨਾਨੀ ਉੱਪਰ ਹੱਥ ਚੁੱਕਿਆ ਹੈ ਤਾਂ ਉਲ੍ਹਮਾ ਦੇਣ ਉਸ ਦੇ ਘਰ ਜਾਂਦੀ। ਆਖਦੀ, ''ਵੇ ਧਰਤੀ ਨੂੰ ਕੁੱਟ ਲਿਆ, ਜੇਹਾ ਜ਼ਨਾਨੀ ਨੂੰ ਕੁੱਟ ਲਿਆ, ਇਸ ਵਿੱਚ ਕਾਹਦੀ ਸੂਰਮਗਤੀ? ਕੋਈ ਹੈ ਸ਼ਰਮ- ਹਯਾ ਤੈਨੂੰ? ਡੋਬ ਦਏਗਾ ਏਸ ਗਊ ਦਾ ਹਉਕਾ। ਰੋਟੀ ਪੱਕਦੀ ਬੁਰੀ ਲੱਗਣ ਲੱਗੀ, ਤੈਨੂੰ? ਬੇਸ਼ਰਮ!'' ਸੁਣ ਕੇ ਸਾਰੇ ਸੁੰਨ ਹੋ ਜਾਂਦੇ। ਇੱਕ ਵਾਰ ਪਿੰਡ ਕਿਸੇ ਕੰਮ ਕਿਸੇ ਦੇ ਘਰ ਗਈ। ਬੇਬੇ ਆ ਕੇ ਕਹਿਣ ਲੱਗੀ, ''ਬੜਾ ਵੱਡਾ ਟੱਬਰ ਹੈ, ਉਹਨਾਂ ਦਾ।'' ਮੈਂ ਪੁੱਛਿਆ, ''ਤੁਸੀਂ ਕਿੱਥੋਂ ਦੇਖ ਲਿਆ, ਸਾਰਾ ਟੱਬਰ?'' ਬੇਬੇ ਨੇ ਹੱਸ ਕੇ ਕਿਹਾ, ''ਟੱਬਰ ਦੇਖ ਕੇ ਕੀ ਕਰਨਾ ਸੀ, ਕਰਤਾਰ ਕੁਰ ਰੋਟੀਆਂ ਪਕਾਉਂਦੀ ਦੇਖੀ। ਵੱਡੀ ਪਰਾਤ ਵਿੱਚ ਗੁੰਨ੍ਹਿਆ ਹੋਇਆ ਆਟਾ ਇਉਂ ਲੱਗਦਾ ਸੀ, ਜਿਵੇਂ ਭੇਡ ਮਾਰ ਕੇ ਲਿਟਾਈ ਹੋਵੇ।'' ਮੈਨੂੰ ਖ਼ੂਬ ਹਾਸਾ ਆਇਆ।

ਸੁਨੇਹਾ ਮਿਲ਼ਿਆ, ''ਬੇਬੇ ਜੀ ਨੇ ਸੱਦਿਆ ਹੈ। ਹੁਣੇ ਚਲੇ ਜਾਣਾ।'' ਮੈਂ ਤੁਰੰਤ ਗਿਆ ਤੇ ਹਾਲ-ਚਾਲ ਪੁੱਛਿਆ। ਬੇਬੇ ਕਹਿਣ ਲੱਗੀ, ''ਇੰਨੇ ਦਿਨ ਆਇਆ ਕਿਉਂ ਨਹੀਂ?'' ਮੈਂ ਦੱਸਿਆ ਕਿ ਡਿਊਟੀ ਦੇ ਕੰਮ-ਕਾਜ ਬਹੁਤ ਹਨ ਤੇ ਤੁਹਾਡੇ ਕੋਲ਼ ਰੌਣਕ ਤਾਂ ਲੱਗੀ ਹੀ ਰਹਿੰਦੀ ਹੈ। ਬੇਬੇ ਨੇ ਕਿਹਾ, ''ਇਹ ਰੌਣਕਾਂ ਮੈਂ ਕੀ ਕਰਨੀਆਂ ਹਨ? ਮੈਂ ਉਹ ਜਿੰਦਰਾ ਹਾਂ ਜਿਹੜਾ ਕਿਸੇ ਵੱਡੇ ਕਿਲ੍ਹੇ ਨੂੰ ਲੱਗਾ ਹੁੰਦਾ ਹੈ। ਮੇਰੇ ਬੱਚੇ ਇਸ ਜਿੰਦਰੇ ਦੀਆਂ ਕੁੰਜੀਆਂ ਹਨ। ਤੁਹਾਡੇ ਆਉਣ ਨਾਲ਼ ਇਹ ਜਿੰਦਰਾ ਖੁੱਲ੍ਹਦਾ ਹੈ, ਰੌਣਕਾਂ-ਰੂਣਕਾਂ ਨਾਲ਼ ਨਹੀਂ। ਮੈਂ ਹੁਣ ਮਿੱਟੀ ਦਾ ਬਹੁਤ ਵੱਡਾ ਤੇ ਪੁਰਾਣਾ ਥੇਹ ਹਾਂ। ਇਸ ਨੂੰ ਫ਼ਰੋਲੇਂਗਾ ਤਾਂ ਕਈ ਕੁਝ ਮਿਲੇਗਾ। ਠੀਕਰੇ ਨਿਕਲ਼ਨਗੇ, ਹੱਡੀਆਂ ਮਿਲ਼ਨਗੀਆਂ, ਵੱਡਾ ਖ਼ਜ਼ਾਨਾ ਨਾ ਸਹੀ, ਕੋਈ ਸਿੱਕਾ, ਕੋਈ ਗਹਿਣਾ ਲੱਭ ਸਕਦਾ ਹੈ। ਆਖ਼ਰ ਇੱਥੇ ਇੱਕ ਦੇਸ ਵੱਸਦਾ ਸੀ ਕਦੀ ਜੋ ਹੁਣ ਥੇਹ ਹੋ ਗਿਆ ਹੈ। ਕਦੀ-ਕਦਾਈਂ ਆ ਕੇ ਇਸ ਨੂੰ ਫਰੋਲ਼-ਫਰਾਲ਼ ਜਾਇਆ ਕਰ।''

ਬੇਬੇ ਇੱਕ ਦਿਨ ਕਹਿਣ ਲੱਗੀ, ''ਕਿੰਨੇ ਪਾਪੀ ਹੋ ਗਏ ਨੇ ਤੇਰੇ ਪਿੰਡ ਦੇ ਲੋਕ! ਮੋਰਾਂ ਨੂੰ ਮਾਰ ਕੇ ਖਾ ਜਾਂਦੇ ਹਨ। ਮੁਰਗ਼ਾਬੀਆਂ ਤਾਂ ਕੀ, ਕੂੰਜਾਂ ਨੂੰ ਵੀ ਨਹੀਂ ਛੱਡਦੇ। ਕੋਈ ਉੱਚੀ ਦੇ ਕੇ ਮੋਰ ਵਾਂਗ ''ਕਿਆਂਕੋ'' ਕਹਿ ਦਏ ਤਾਂ ਦੜੈਂ ਗੋਲ਼ੀ ਮਾਰ ਦੇਣ, ਇਹ। ਗਿਰਝਾਂ ਤਾਂ ਰਹੀਆਂ ਨੀਂ ਹੁਣ। ਇਹ ਹੱਡਾ-ਰੋੜੀ ਵਿੱਚ ਕਿਉਂ ਨਹੀਂ ਜਾ ਬੈਠਦੇ, ਮੁਰਦਾਰ ਖਾਣ?''

ਬੇਬੇ ਨੂੰ ਹੁਣ ਘੱਟ ਸੁਣਦਾ, ਘੱਟ ਦਿਸਦਾ ਹੈ। ਸਾਨੂੰ ਦੇਖ ਕੇ ਕਦੀ ਖ਼ੁਸ਼ ਹੋ ਜਾਂਦੀ ਹੈ, ਕਦੀ ਉਦਾਸ। ਮੈਂ ਕਿਹਾ— ਅਸੀਂ ਖ਼ੁਸ਼ੀ ਦੀ ਗੱਲ ਤਾਂ ਦੱਸ ਦਿੰਦੇ ਹਾਂ, ਕਈ ਵਾਰ। ਉਦਾਸ ਕਰਨ ਵਾਲ਼ੀ ਗੱਲ ਨਹੀਂ ਦੱਸਦੇ। ਬੇਬੇ ਨੇ ਕਿਹਾ, ''ਮੈਨੂੰ ਪਤਾ ਲੱਗ ਜਾਂਦਾ ਹੈ, ਤੁਹਾਡੀ ਤੋਰ ਤੋਂ। ਗੱਲਾਂ ਕਰਦਿਆਂ ਦੇ ਤੁਹਾਡੇ ਚਿਹਰੇ ਦੇਖਦੀ ਹਾਂ। ਗੱਲ ਨਹੀਂ ਸੁਣਦੀ ਪਰ ਪਤਾ ਲੱਗ ਜਾਂਦਾ ਹੈ, ਤੁਸੀਂ ਦੁੱਖ ਵਿੱਚ ਹੋ ਕਿ ਸੁੱਖ ਵਿੱਚ।''

ਬੇਬੇ ਦੀ ਉਮਰ ਨੱਬੇ ਸਾਲ ਤੋਂ ਉੱਤੇ ਹੋ ਗਈ ਹੈ। ਸੋਲ਼ਾਂ ਸਾਲ ਦੀ ਉਮਰ ਵਿੱਚ ਉਹ ਮੇਰੇ ਪਿੰਡ ਵਿਆਹੀ ਹੋਈ ਆਈ। ਹੁਣ ਤੱਕ ਮੇਰਾ ਪਿੰਡ ਉਸ ਦਾ ਪਿੰਡ ਨਹੀਂ ਬਣਿਆ। ਉਸ ਦਾ ਪਿੰਡ ਉਹੀ ਹੈ ਜਿੱਥੇ ਉਸ ਦਾ ਜਨਮ ਹੋਇਆ। ਗੱਲਾਂ ਕਰਦਿਆਂ ਹਮੇਸ਼ਾਂ ਇਹੀ ਆਖਦੀ ਹੈ - ''ਤੇਰੇ ਪਿੰਡ ਮੈਂ ਇਉਂ ਕੀਤਾ।''

ਇੱਕ ਦਿਨ ਬੇਬੇ ਨੇ ਸਾਨੂੰ ਬੁਲਾ ਕੇ ਕਿਹਾ, ''ਹੁਣ ਮੈਂ ਜਿਊਂਦੀ ਹਾਂ। ਤੁਸੀਂ ਸਾਰੇ ਭਾਈ-ਭੈਣ, ਰਿਸ਼ਤੇਦਾਰ ਆ ਕੇ ਮੈਨੂੰ ਮਿਲ਼ਦੇ ਹੋ ਤਾਂ ਆਪਸ ਵਿੱਚ ਵੀ ਮਿਲ਼ ਲੈਂਦੇ ਹੋ। ਜਦੋਂ ਮੈਂ ਨਾ ਰਹੀ, ਇੱਕ ਰਾਜਧਾਨੀ ਟੁੱਟ ਜਾਏਗੀ। ਤੁਸੀਂ ਬੜੀ ਤਰੱਕੀ ਕੀਤੀ। ਹੋਰ ਕਰੋਗੇ। ਤੁਹਾਡੇ ਬੱਚੇ ਤੁਹਾਡੇ ਤੋਂ ਅੱਗੇ ਲੰਘਣਗੇ....ਖ਼ੁਸ਼ਹਾਲ ਹੋਵੋਂਗੇ। ਇਸ ਪਾਸਿਓਂ ਲੰਘਿਆ ਕਰੋਗੇ ਤਾਂ ਹੌਲ਼ੀ ਦੇ ਕੇ ਆਪਣੇ-ਆਪ ਨੂੰ ਕਿਹਾ ਕਰੋਗੇ, ''ਇੱਥੇ ਸਾਡੀ ਮਾਂ ਰਿਹਾ ਕਰਦੀ ਸੀ। ਹੈਗੀ ਤਾਂ ਬੌਲ਼ੀ ਜਿਹੀ ਸੀ ਪਰ ਸੀ ਚੰਗੀ। ਇਸ ਘਰ ਵੱਲ ਦੇਖਦੇ-ਦੇਖਦੇ ਤੁਸੀਂ ਅੱਗੇ ਲੰਘ ਜਾਇਆ ਕਰੋਗੇ। ਮੇਰੇ ਪਿੱਛੋਂ ਇਸ ਘਰ ਵਿੱਚ ਆਉਣ ਨੂੰ ਤੁਹਾਡਾ ਦਿਲ ਨਹੀਂ ਕਰਿਆ ਕਰੇਗਾ।''

ਮੇਰਾ ਛੋਟਾ ਭਰਾ ਬੰਦਗੀ ਕਰਨ ਵਾਲ਼ਿਆਂ ਵਾਂਗ ਬਿਰਧ ਮਾਪਿਆਂ ਦੀ ਸੇਵਾ ਕਰਦਾ ਹੈ। ਹਰ ਖ਼ੁਸ਼ੀ-ਗ਼ਮੀ ਅਤੇ ਤਿੱਥ-ਤਿਉਹਾਰ ਵਕਤ ਅਸੀਂ ਸਾਰੇ ਜਣੇ ਉਸ ਦੀ ਕੋਠੀ ਜਾ ਪੁੱਜਦੇ ਹਾਂ ਤਾਂ ਰੌਣਕਾਂ, ਖ਼ੁਸ਼ੀਆਂ ਅਤੇ ਮਿਲ਼ਾਪਾਂ ਦਾ ਮੇਲਾ

ਲੱਗ ਜਾਂਦਾ ਹੈ। ਇਸ ਮੇਲੇ ਵਿੱਚੋਂ ਜਦੋਂ ਅਸੀਂ ਵਿਦਾ ਹੋ, ਘਰੋ-ਘਰੀ ਜਾਣ ਲੱਗਦੇ ਹਾਂ ਤਾਂ ਛੋਟਾ ਭਰਾ ਹੌਲ਼ੀ ਦੇ ਕੇ ਪੁੱਛਿਆ ਕਰਦਾ ਹੈ, ''ਜਦੋਂ ਬੇਬੇ-ਬਾਪੂ ਨਾ ਰਹੇ, ਉਦੋਂ ਵੀ ਆਇਆ ਕਰੋਂਗੇ, ਹੁਣ ਵਾਂਗ?''

ਮੇਰੇ ਸੁਪਨਿਆਂ 'ਚ ਬੇਬੇ ਕਦੀ ਮਿਰਚਾਂ ਤੋੜਦੀ ਫਿਰਦੀ ਖੇਤ ਵਿੱਚ, ਕਦੀ ਕਪਾਹ ਚੁਗਦੀ। ਕਿਤੇ ਵਛਰੂਆਂ ਦੀਆਂ ਬੂਥੀਆਂ ਪਲ਼ੋਸ ਰਹੀ ਹੁੰਦੀ, ਕਿਤੇ ਮੱਝਾਂ ਨੂੰ ਥਾਪੀ ਦੇ ਰਹੀ ਹੁੰਦੀ। ਫਟੇ-ਪੁਰਾਣੇ ਟਾਕੀਆਂ ਵਾਲ਼ੇ ਖੱਦਰ ਦੇ ਕੱਪੜੇ ਪਾਈ, ਮਿੱਟੀ-ਘੱਟੇ ਵਿੱਚ ਲੱਥ-ਪੱਥ, ਉਹ ਕਦੀ ਝਾੜੂ ਦਿੰਦੀ ਦਿਸਦੀ, ਕਦੀ ਪਾਥੀਆਂ ਪੱਥਦੀ..............।

## ਅਰਥਾਵਲੀ :

**ਗੁੰਮ-ਸੁੰਮ** - ਬੇਸੁਰਤ। **ਹਲੀਮੀ** - ਨਿਮਰਤਾ, ਠੰਢਾ ਸੁਭਾਅ। **ਕਟਰੂ-ਵਛਰੂ** - ਨਵੀਂ ਸੂਈ ਮੱਝ ਜਾਂ ਗਾਂ ਦਾ ਬੱਚਾ, ਕੱਟਾ-ਵੱਛਾ। **ਬਾਂਦੀ** - ਗੋਲੀ, ਦਾਸੀ। **ਪਿਛਲੱਗ** - ਪਿੱਛਾ ਕਰਨ ਵਾਲ਼ੇ, ਮਗਰ ਆਉਣ ਵਾਲ਼ੇ। **ਟਕਸਾਲ** - ਉਹ ਥਾਂ ਜਿੱਥੇ ਸਿੱਕੇ ਘੜੇ ਜਾਂਦੇ ਹਨ, ਉੱਤਮ ਸਿੱਖਿਆ ਦੇਣ ਵਾਲ਼ੀ ਪਾਠਸ਼ਾਲਾ। **ਜੋਖਮ** - ਔਖਾ ਕੰਮ, ਅਜਿਹਾ ਕੰਮ ਜਿਸ ਵਿੱਚ ਨੁਕਸਾਨ ਹੋਣ ਦਾ ਡਰ ਹੋਵੇ। **ਮਖਿਆਲ** - ਸ਼ਹਿਦ, ਸ਼ਹਿਦ ਦੀਆਂ ਮੱਖੀਆਂ ਦਾ ਛੱਤਾ। **ਉਲਾਂਭਾ** - ਉਲ਼ਾਮ੍ਹਾ, ਸ਼ਿਕਾਇਤ। **ਥੇਹ** - ਖੰਡਰ। **ਮੁਰਦਾਰ** - ਮਰਿਆ ਹੋਇਆ, ਲੋਥ। **ਬੌਲ਼ੀ** - ਬਾਉਲੀ ਝੱਲੀ, ਕਮਲੀ। **ਬੰਦਗੀ** - ਭਗਤੀ। **ਲੱਥ-ਪੱਥ** - ਲਿੱਬੜਿਆ ਹੋਇਆ।

## ਪਾਠ - ਅਭਿਆਸ

1. ਲੇਖਕ ਦੇ ਬਚਪਨ ਦਾ ਜੀਵਨ ਕਿਹੋ-ਜਿਹਾ ਸੀ?
2. ਪੁੱਤਰ ਦੇ ਘਰੋਂ ਤੁਰਨ ਸਮੇਂ ਮਾਂ-ਪੁੱਤਰ ਦੀ ਆਪਸੀ ਗੱਲ-ਬਾਤ ਦਾ ਵਰਨਣ ਕਰੋ।
3. ਲੇਖਕ ਦੇ ਪਰਿਵਾਰ ਦੀ ਉਸ ਦੇ ਨਾਨਕੇ ਔਕੜ ਸਮੇਂ ਕਿਵੇਂ ਮਦਦ ਕਰਦੇ ਸਨ?
4. ਲੇਖਕ ਦੇ ਘਰ ਦੀ ਲਿਪਾ-ਪੋਚੀ ਅਤੇ ਸਜਾਵਟ ਦਾ ਕੰਮ ਕਿਵੇਂ ਕੀਤਾ ਜਾਂਦਾ ਸੀ?
5. ਔਖਾ ਕੰਮ ਨੇਪਰੇ ਚਾੜ੍ਹਨ ਲਈ ਬੇਬੇ ਆਪਣੇ ਪੁੱਤਰਾਂ ਨੂੰ ਕੀ ਸੰਦੇਸ ਦਿੰਦੀ ਹੈ?
6. ਇਸ ਪਾਠ ਵਿੱਚ ਬੇਬੇ ਜਿੰਦਰਾ ਅਤੇ ਕੁੰਜੀਆਂ ਸ਼ਬਦ ਕਿਨ੍ਹਾਂ ਲਈ ਵਰਤਦੀ ਹੈ ਅਤੇ ਕਿਉਂ?
7. ਬੇਬੇ ਆਪਣੇ ਪੁੱਤਰਾਂ ਅਤੇ ਰਿਸ਼ਤੇਦਾਰਾਂ ਵਿਚਕਾਰ ਇੱਕ ਕੜੀ ਦਾ ਕੰਮ ਕਿਵੇਂ ਕਰਦੀ ਹੈ?
8. ''ਜਦੋਂ ਬੇਬੇ-ਬਾਪੂ ਨਾ ਰਹੇ, ਉਦੋਂ ਵੀ ਆਇਆ ਕਰੋਗੇ, ਹੁਣ ਵਾਂਗ?'' ਇਹ ਸ਼ਬਦ ਕਿਸ ਨੇ, ਕਿਸ ਨੂੰ ਅਤੇ ਕਿਉਂ ਕਹੇ?
9. ਲੇਖਕ ਨੂੰ ਸੁਪਨੇ 'ਚ ਬੇਬੇ ਕੀ ਕੰਮ ਕਰਦੀ ਨਜ਼ਰ ਆਉਂਦੀ ਹੈ, ਆਪਣੇ ਸ਼ਬਦਾਂ ਵਿੱਚ ਲਿਖੋ।

*ਆਪਣੇ ਪਿਤਾ, ਮਾਤਾ, ਦਾਦਾ, ਦਾਦੀ, ਨਾਨਾ, ਨਾਨੀ, ਮਾਮਾ, ਮਾਮੀ*
*ਕਿਸੇ ਇੱਕ ਦਾ ਸ਼ਬਦ-ਚਿੱਤਰ ਲਿਖ ਕੇ ਅਧਿਆਪਕ ਜੀ ਨੂੰ ਵਿਖਾਓ।*